
ਯਾਦਾਂ
ਦੇ ਪਰਛਾਂਵੇਂ
ਮਨਿੰਦਰ ਸਿੰਘ

ੴ

# ਸਮਰਪਿਤ

ਗੁਰਸਿੱਖੀ ਦੀ

ਗੁੜ੍ਹਤੀ ਦੇਣ ਵਾਲੀ ਦਾਦੀ

ਮਾਤਾ ਸੁੰਦਰੀ

ਦੀ ਮਿੱਠੀ ਯਾਦ ਨੂੰ

# ਧੰਨਵਾਦ

ਮੈਂ ਸੋਚਦਾ ਹਾਂ ਕਿ ਜੀਵਨ ਦਾ ਸਫ਼ਰ ਕਿੱਥੋਂ ਆਰੰਭ ਹੋਇਆ ਤੇ ਕਿਤਨੀ ਲੰਮੀ ਯਾਤਰਾ ਕਰਕੇ ਕਿੱਥੇ ਪੁੱਜਿਆ । ਜੀਵਨ ਯਾਤਰਾ ਵਿਚ ਕਿਤਨੇ ਤੂਫ਼ਾਨਾ ਵਿਚੋਂ ਲੰਘਣਾ ਪਿਆ । ਦੇਸ਼-ਵੰਡ ਦੀ ਕਤਲੋ ਗ਼ਾਰਤ, ਭਾਰਤ ਵਿਚ ਥਾਂ ਥਾਂ ਦੀ ਭਟਕਣ, ਵੱਸਣ-ਉਜਣਨ ,1984 ਦਾ ਸਾਕਾ ਨੀਲਾ ਤਾਰਾ, ਵਿਦੇਸ਼ ਦੇ ਭਰਮਣ, ਦਿਲ ਦੀ ਬੀਮਾਰੀ, 2019-20 ਦੀ ਕਰੋਨਾ ਦੀ ਮਹਾਮਾਰੀ ਅਤੇ ਹੋਰ ਕਈ ਘਟਨਾਵਾਂ ਵਾਪਰੀਆਂ । ਪਰੰਤੂ ਵਾਹਿਗੁਰੂ ਨੇ ਆਪਣੀ ਰਾਮਕਾਰ ਵਿਚ ਰੱਖੀ ਰੱਖਿਆ । ਸਤਿਗੁਰੂ ਦੀ ਬਖ਼ਸ਼ਿਸ਼ ਬਾਰੇ ਮੇਰੇ ਮਨ ਵਿਚ ਸਾਹਿਬ ਗੁਰੂ ਰਾਮਦਾਸ ਜੀ ਦੀ ਬਾਣੀ ਦੀ ਬਾਣੀ ਦੀ ਇਹ ਤੁਕ ਗੂੰਜਦੀ ਰਹਿੰਦੀ ਹੈ :-

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(ਪੰਨਾ 167)

ਕਿੰਨ੍ਹਾਂ ਤੰਗੀਆਂ ਤੁਰਸ਼ੀਆਂ ਨਾਲ ਮਾਪਿਆਂ ਨੇ ਸਾਨੂੰ ਪੰਜ ਬੱਚਿਆਂ ਨੂੰ ਪਾਲਿਆ,ਪੜ੍ਹਾਇਆ ਤੇ ਰੋਜ਼ਗਾਰ ਦੇ ਯੋਗ ਬਣਾਇਆ ।ਆਪਣੀ ਸੇਵਾ ਨੂੰ ਸਮਰਪਿਤ ਅਧਿਆਪਕਾਂ ਕੋਲੋਂ ਸਿੱਖਿਆ ਲਈ । ਬਚਪਨ ਦੇ ਯਾਰ ਬੇਲੀ ਜਿਨ੍ਹਾਂ ਨਾਲ ਚੜ੍ਹਦੀ ਜਵਾਨੀ ਦੀਆਂ ਅਠਖੇਲੀਆਂ ਕੀਤੀਆਂ।ਆਲੇ ਦੁਆਲੇ ਦੇ ਰਿਸ਼ਤੇਦਾਰੀ ਦੇ ਭਲੇ ਲੋਕ ਜਿਨ੍ਹਾ ਪਾਸੋਂ ਸਮਾਜ ਵਿਚ ਵਿਚਰਨ,ਵਰਤਣ ਦੀ ਸੂਝ ਬੂਝ ਸਿੱਖੀ ।ਵੱਖ ਵੱਖ ਨੌਕਰੀਆਂ ਦੋਹਰਾਨ ਸੀਨੀਅਰ ਅਧਿਕਾਰੀਆਂ ਅਤੇ ਨਾਲ ਦੇ ਸਹਿਯੋਗੀਆਂ ਨਾਲ ਆਪਸੀ ਸੰਬੰਧਾਂ ਦੀ ਇਕ ਵੀ ਤਲਖ਼ ਘਟਨਾ ਮੇਰੇ ਚੇਤੇ ਵਿਚ ਨਹੀਂ ।

ਮਗਰੋਂ ਜਿਵੇਂ ਗੁਰੂ ਮਹਾਰਾਜ ਨੇ ਆਪ ਬੁਲਾਕੇ ਆਪਣੀ ਪ੍ਰਚਾਰ ਸੇਵਾ ਤੇ ਲਾਇਆ । ਦੇਸ ਵਿਦੇਸ਼ ਵਿਚ ਇਹ ਸੇਵਾ ਕਰਦਿਆਂ ਹਰ ਥਾਂ ਮਾਣ ਸਤਿਕਾਰ ਬਖਸ਼ ਕੇ ਉਤਸ਼ਾਹਿਤ ਕੀਤਾ । ਪ੍ਰਚਾਰ ਸੇਵਾ ਵਿਚ ਸਿਆਣੇ ਗੁਰਮੁਖਾਂ, ਮਾਤਾਵਾਂ ਭੈਣਾ ਤੇ ਬੱਚਿਆਂ ਦੇ ਅਸੀਸਾਂ ਤੇ ਪਿਆਰ ਭਰੇ ਸਨੇਹਮਈ ਤੇ ਫੁਲਾਂ ਸਮਾਨ ਖਿੜੇ ਚਿਹਰੇ ਮੇਰੇ ਮਨ ਦੀ ਫ਼ੁਲਵਾੜੀ ਨੂੰ ਹਮੇਸ਼ਾ ਖਿੜਾਂਦੇ ਰਹੇ ਹਨ ।ਆਪਣੀ ਜੀਵਨ ਸਾਥਣ ਦੀਆਂ ਅਣਭੋਲ ਆਸ਼ਾਵਾਂ ਸੱਧਰਾਂ ਤੇ ਰੀਝਾਂ ਮੈਂ ਪੂਰੀਆਂ ਨਹੀ ਕਰ ਸੱਕਿਆ । ਪਰ ਉਸਨੇ ਆਪਣੇ ਬੱਚਿਆਂ ਨੂੰ ਪਾਲਣ ਪੋਸਣ ਸੰਭਾਲਣ ਤੇ ਪੜ੍ਹਾਉਣ ਵਿਚ ਮੇਰੇ ਨਾਲੋਂ ਵੱਧ ਹਿੱਸਾ ਪਾਇਆ।ਮੇਰੇ ਸਰੀਰਕ ਕਸ਼ਟਾਂ ਰੋਗਾਂ ਸਮੇ ਉਹ ਆਪਣੇ ਦੁਖ ਦਰਦ ਭੁਲ ਜਾਂਦੀ ਰਹੀ ।ਮੇਰੀ ਸੇਵਾ ਵਿਚ ਉਸਨੇ ਕਦੇ ਕੋਈ ਕਸਰ ਨਹੀਂ ਛੱਡੀ ।

ਸਮਾਂ ਰਹਿੰਦਿਆਂ ਜੀਵਨ ਦੀਆਂ ਯਾਦਾਂ ਨੂੰ ਲਿੱਖਣ ਸੰਭਾਲਣ ਦੀ ਸੁਰਤ ਭੁੱਲੀ ਰਹੀ ।ਉਸ ਸਮੇ ਆਪਣੇ ਮਾਪਿਆਂ ਅਤੇ ਵੱਡੇ ਪ੍ਰਵਾਰਕ ਸੰਬੰਧੀਆਂ ਪਾਸੋਂ ਪੂਰੀ ਤੇ ਸਹੀ ਜਾਣਕਾਰੀ ਲਈ ਜਾ ਸਕਦੀ ਸੀ ।ਹੋਲੀ ਹੋਲੀ ਉਹ ਸਾਰੇ ਚਲੇ ਗਏ ਤੇ ਨਾਲ ਹੀ ਇਹ ਅਮੋਲਕ ਯਾਦਗਾਰਾਂ ਵੀ ਲੈ ਗਏ ।ਸਮਾਂ ਵਿਹਾ ਜਾਣ ਤੇ ਹੁਣ ਬਹੁਤਾ ਕੁਝ ਆਪਣੀਆ ਯਾਦਾਂ ਦੀ ਪਟਾਰੀ ਵਿਚੋਂ ਹੀ ਕੱਢਿਆ ਹੈ ਜਿਸ ਵਿਚੋਂ ਕਈ ਯਾਦਾਂ ਦੇ ਫ਼ੁਲ ਕੁਲਮਾ ਗਏ ਤੇ ਸਮੇਂ ਦੀਆ ਹਨੇਰੀਆਂ ਉਨ੍ਹਾ ਨੂੰ ਉਡਾ ਕੇ ਲੈ ਗਈਆਂ ਹਨ।ਵਡੇਰੀ ਉਮਰ ਦੇ ਮੇਰੇ ਭੂਆ ਜੀ ਦੇ ਸਪੁੱਤਰ ਭਰਾ ਸ੍ਰ:ਤਾਰਾ ਸਿੰਘ ਪਾਸੋਂ 1947 ਦੀਆਂ ਕੁਝ ਘਟਨਾਵਾਂ ਦੇ ਵੇਰਵੇ ਪ੍ਰਾਪਤ ਹੋਏ ।ਖਾਲਸਾ ਦੀਵਾਨ ਮਲੇਸ਼ੀਆ ਦੇ ਪ੍ਰਧਾਨ ਸ੍ਰ: ਸੰਤੋਖ ਸਿੰਘ ਜੀ ਨੂੰ ਬੇਨਤੀ ਕਰਕੇ ਆਪਣੇ ਮਲੇਸ਼ੀਆ ਦੇ ਪ੍ਰਚਾਰ ਦੋਰਿਆਂ ਬਾਰੇ ਲਿਖੇ ਬ੍ਰਿਤਾਂਤ ਦੀ ਸੋਧ ਕਰਵਾਈ । ਅਜ਼ੀਜ਼ ਚਰਨਦੀਪ ਸਿੰਘ ਨੇ ਮੇਰੇ ਵਿਚਾਰਾਂ ਅਨੁਸਾਰ ਮੁੱਖ ਟਾਈਟਲ ਲਈ ਬੜੀ ਮਿਹਨਤ ਨਾਲ ਢੁਕਵੇਂ ਚਿੱਤਰ ਵਾਲਾ ਸਕੈਚ ਬਣਾਕੇ ਦਿੱਤਾ ।ਮੈਂ ਇਨ੍ਹਾ ਸਾਰੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕਰਦਾ ਹਾਂ ।

-ਮਨਿੰਦਰ ਸਿੰਘ

## ਸਰਘੀ ਵੇਲਾ

ਬਚਪਨ ਦੀਆ ਯਾਦਾਂ ਦੇ ਪਰਛਾਵੇਂ ਮਨ ਵਿਚ ਪੱਕੇ ਪਏ ਹੁੰਦੇ ਹਨ ਪਰ ਧੁੰਦਲਕੇ ਵਾਂਗ ਪੂਰਾ ਸਪੱਸ਼ਟ ਨਹੀਂ ਹੁੰਦੇ । ਇਸੇ ਤਰ੍ਹਾਂ ਹੀ ਜਨਮ ਦਾ ਪਿੰਡ ਅਖਰੋਟਾ ਮੇਰੀਆਂ ਯਾਦਾਂ ਵਿਚ ਵੱਸਿਆ ਹੋਇਆ ਹੈ ਭਾਵੇਂ ਬਹੁਤਾ ਸਪੱਸ਼ਟ ਨਹੀ। ਇਹ ਪਿੰਡ ਉੱਤਰ–ਪੱਛਮੀ ਸਰਹੱਦੀ ਰਿਆਸਤ ਦੇ ਜ਼ਿਲਾ ਹਜ਼ਾਰਾ ਦੀ ਤਹਿਸੀਲ ਐਬਟਾਬਾਦ ਵਿਚ ਪੈਂਦਾ ਸੀ। ਜ਼ਿਲਾ ਹਜ਼ਾਰਾ ਦਰਿਆ ਸਿੰਧ ਦੇ ਉਰਾਰ ਪੰਜਾਬ ਦੇ ਨਾਲ ਲਗਦੇ ਸੂਬਾ ਸਰਹੱਦ ਦਾ ਇਕ ਜ਼ਿਲਾ ਸੀ। ਸੂਬਾ ਸਰਹੱਦ ਦੇ ਇਸ ਇਲਾਕੇ ਦਾ ਬਦਲਵਾਂ ਨਾਮ ਹੁਣ ਪਖ਼ਤੂਨਵਾ ਰਖਿਆ ਗਿਆ ਹੈ ।

ਪਿੰਡ ਅਖਰੋਟਾ ਪਹਾੜ ਦੀ ਢਾਲਵੀਂ ਧਰਤੀ ਤੇ ਪਹਾੜਾਂ ਦੇ ਕੁੱਛੜ ਵਿਚ ਵੱਸਿਆ ਹੋਇਆ ਸੀ ।ਇਸਦੇ ਪਹਾੜ ਦੀਆਂ ਜੜਾਂ ਵਿਚ ਇਕ ਪਹਾੜੀ ਨਦੀ ਸੀ ਜਿਸਦਾ ਨਾਮ ਸਮੁੰਦਰ ਸੀ । ਇਤਨਾ ਵੱਡਾ ਨਾਮ ਇਸਦੇ ਬਰਸਾਤਾਂ ਵਿਚ ਸਮੁੰਦਰ ਵਾਂਗ ਡੂੰਘਾ ਤੇ ਚੌੜਾ ਹੋ ਜਾਣ ਕਰਕੇ ਪਿਆ ਸੀ ।ਪਿੰਡ ਅਖਰੋਟਾ ਦੇ ਘਰ ਪਉੜੀਆਂ ਵਾਂਗ ਪਹਾੜੀ ਢਲਾਨ ਤੇ ਉੱਚੇ ਤੋਂ ਉੱਚੇਰੇ ਹੁੰਦੇ ਜਾਂਦੇ ਸਨ । ਸਾਡਾ ਘਰ ਉਪਰ ਵਾਲੀ ਥਾਂ ਤੇ ਸੀ ਜਿਸਤੋਂ ਉੱਪਰ ਕੁਝ ਹੋਰ ਘਰ ਵੀ ਸਨ ਤੇ ਇਨ੍ਹਾਂ ਤੋਂ ਉਪਰ ਚੜ੍ਹਵੀਂ ਪਹਾੜੀ ਸੀ ।ਪਿੰਡ ਦੀ ਵੱਸੋਂ ਅਠ ਨੌਂ ਸੌ ਦੀ ਹੋਵੇਗੀ ਜਿਸ ਵਿੱਚੋਂ ਸਿੱਖ ਵੱਸੋਂ ਕੇਵਲ ਡੇਢ ਕੁ ਸੌ ਦੀ ਹੋਵੇਗੀ ।

ਸਾਡੇ ਘਰ ਦੇ ਅੱਗੇ ਦਰਖ਼ਤਾਂ ਦੀ ਇਕ ਲੰਮੀ ਕਤਾਰ ਸੀ ਜਿਸ ਤੇ ਸਵੇਰ ਵੇਲੇ ਪੰਛੀ ਬੜੀਆਂ ਮਿੱਠੀਆਂ ਸੁਰਾਂ ਵਿਚ ਚਹਿਚਹਾਂਦੇ ਸਨ । ਸਾਡੇ ਦਾਦੀ ਜੀ ਦਸਦੇ ਸਨ ਕਿ ਇਹ ਵਾਹਿਗੁਰੂ ਦੀ ਉਸਤੱਤ ਕਰ ਰਹੇ ਹਨ। ਉਨ੍ਹਾ ਦੀ ਸੁਰਤਿ ਵਿਚ ਗੁਰਬਾਣੀ ਦੇ ਇਹ ਬੋਲ ਸਮਾਏ ਹੋਏ ਸਨ: –

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

(ਪੰਨਾ ਸ੍ਰੀਗੁਗ੍ਰਸ 1265)

ਮੇਰੀ ਦਾਦੀ ਜੀ ਦਾ ਨਾਮ ਮਾਤਾ ਸੁੰਦਰੀ ਸੀ ।ਦਾਦਾ ਸ੍ਰ: ਸ਼ੇਰ ਸਿੰਘ ਮੇਰੇ ਜਨਮ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ ਸਨ। ਮਾਤਾ ਸੁੰਦਰੀ ਨੇ ਆਪਣੇ ਸੀਮਤ ਕਿਰਸਾਨੀ ਸਾਧਨਾ ਦੀ ਆਮਦਨੀ ਨਾਲ ਆਪਣੇ ਦੋ ਪੁੱਤਰਾਂ ਤੇ ਦੋ ਧੀਆਂ ਦੇ ਪ੍ਰਵਾਰ ਨੂੰ ਕਿਵੇਂ ਪਾਲਿਆ ਪੜ੍ਹਾਇਆ ਵਿਆਹਿਆ ਹੋਵੇਗਾ ਇਹ ਉਹੀ ਜਾਣਦੇ ਸਨ ।ਪਤੀ ਦੀ ਮੌਤ ਮਗਰੋਂ ਉਨ੍ਹਾ ਦੀ ਹਿੰਮਤ ਦਲੇਰੀ ਤੇ ਪ੍ਰਵਾਰ ਸੰਭਾਲ ਕੇ ਰੱਖਣ ਦੀ ਜੁੱਰਤ ਦੀਆਂ ਵਾਰਤਾਵਾਂ ਦੀ ਆਲੇ ਦੁਆਲੇ ਦੀਆਂ ਭਿਣਕਾਂ ਹੁਣ ਵੀ ਮੇਰੀਆ ਯਾਦਾਂ ਸਮਾਈਆਂ ਹੋਈਆਂ ਹਨ । ਆਪਣੇ ਨਾਮ ਅਨੁਸਾਰ ਉਹ ਤਨ ਮਨ ਦੇ ਬੜੇ ਸੁੰਦਰ ਤੇ ਸੁੱਚੇ ਸਨ । ਘਰ ਵਿਚ ਅਸੀਂ ਸਾਰੇ ਬੱਚੇ ਉਨ੍ਹਾ ਦੇ ਹਰਦਿਲ ਅਜ਼ੀਜ਼ ਸਾਂ । ਰਾਤੀਂ ਅਸੀਂ ਜ਼ਿੱਦ ਕਰਕੇ ਉਨ੍ਹਾ ਦੀ ਬੁੱਕਲ ਵਿਚ ਸੌਂਦੇ ਸਾਂ ।ਸਾਨੂੰ ਉਨ੍ਹਾ ਪਾਸੋਂ ਕਹਾਣੀਆ ਸੁਣਨ ਦੀ ਬੜੀ ਤਾਂਘ ਹੁੰਦੀ । ਸੌਣ ਤੋਂ ਪਹਿਲਾਂ ਉਹ ਸਾਨੂੰ ਕੋਈ ਨਾ ਕੋਈ ਕਹਾਣੀ ਜਾਂ ਸਾਖੀ ਜ਼ਰੂਰ ਸੁਣਾਇਆ ਕਰਦੇ ਸਨ ।ਉਨ੍ਹਾ ਪਾਸੋਂ ਸਿੱਖ ਇਤਿਹਾਸ ਪੰਜਾਬੀ ਲੋਕਧਾਰਾ ਤੇ ਹਿੰਦੂ ਮਿਥਿਹਾਸ ਦੀਆਂ ਅਨੇਕਾਂ ਕਥਾਵਾਂ ਕਹਾਣੀਆਂ ਤੇ ਪ੍ਰਸੰਗ ਸਾਨੂੰ ਹੁਣ ਤਕ ਯਾਦ ਹਨ । ਉਨ੍ਹਾ ਦੇ ਕਥਾਵਾਂ ਸੁਣਾਉਣ ਦਾ ਅੰਦਾਜ਼ ਬੜਾ ਦਿਲ ਟੁੰਬਵਾਂ ਅਤੇ ਪ੍ਰਭਾਵਸ਼ਾਲੀ ਸੀ । ਉਹ ਰਾਮਾਇਣ ਦੀ ਕਹਾਣੀ ਵਿਚ ਬਨਵਾਸ ਵਿਚ ਲਿਜਾਂਦੇ ਲਛਮਣ ਨੂੰ ਸੀਤਾ ਜੀ ਦੁਆਰਾ ਰਾਹ ਦੀ ਪਰੇਸ਼ਾਨੀ ਦਾ ਬਿਆਨ ਇਕ ਗੀਤ ਗਾ ਕੇ ਸੁਣਾਉਂਦੇ:–

ਵੇ ਵੀਰਾ ਧੀਰੇ ਧੀਰੇ ਚਲ ਵੈ ਮੈ ਹਾਰੀ, ਵੇ ਲਘੁਵਰ ! ਧੀਰੇ ਲਛਮਣ ।
ਇਕ ਹਾਰੀ ਦੂਜੀ ਬਿਪਤਾ ਦੀ ਮਾਰੀ,
ਤੀਜੀ ਧੁੱਪ ਪਵੈ ਸਿਰ ਭਾਰੀ, ਵੇ ਲਘੁਵਰ ! ਧੀਰੇ ਲਛਮਣ ।

ਮਾਤਾ ਸੁੰਦਰੀ ਦੇ ਪਿਆਰ ਸੰਗਤ ਤੇ ਕਥਾਵਾਂ ਦੇ ਉਪਦੇਸ਼ਾ ਦੇ ਪ੍ਰਭਾਵ ਕਰਕੇ ਹੀ ਮੇਰਾ ਮਨ ਗੁਰਮਤਿ ਦੀ ਸਿਖਿਆ ਲੈਣ ਤੇ ਮਗਰੋਂ ਪ੍ਰਚਾਰ ਕਰਨ ਵਲ ਰੁਚਿਤ ਹੋਇਆ ।ਉਹ ਆਪ ਰੋਜ਼ਾਨਾ ਅੰਮ੍ਰਿਤ ਵੇਲੇ ਉਠਕੇ ਚੌਂਕੜੀ ਮਾਰ ਕੇ ਕਿਤਨੀ ਦੇਰ ਸਿਮਰਨ ਕਰਦੇ ਰਹਿੰਦੇ ।ਰੋਜ਼ਾਨਾ ਗਲਬਾਤ ਵਿਚ ਉਨ੍ਹਾ ਤੋਂ ਗੁਰਬਾਣੀ ਦੀਆਂ ਕਈ ਤੁਕਾਂ ਦਾ ਉਚਾਰਣ ਸੁਣਦਿਆਂ ਇਹ ਮੇਰੇ ਜ਼ਿਹਨ ਵਿਚ ਬੈਠ

ਗਈਆਂ।ਹਰਿਆਣਾ ਦੇ ਜੈਦਰ ਪਿੰਡ ਵਿਚ ਰਹਿੰਦਿਆ ਇਕ ਵਾਰ ਬੜੇ ਜ਼ੋਰ ਦੇ ਮੀਂਹ ਪਏ । ਘਰ ਦੇ ਇਕ ਕੱਚੇ ਕੋਠੇ ਦੀ ਛੱਤ ਅਚਾਨਕ ਡਿਗ ਪਈ ਜਿਸ ਵਿਚ ਦਾਦੀ ਜੀ ਬੈਠੇ ਪਾਠ ਕਰ ਰਹੇ ਸਨ ।ਵਾਹਿਗੁਰੂ ਨੇ ਉਨ੍ਹਾ ਦੀ ਰੱਖਿਆ ਕੀਤੀ ਤੇ ਕੁਝ ਸਮੇ ਬਾਅਦ ਉਹ ਸਹੀ ਸਲਾਮਤ ਬਾਹਰ ਨਿਕਲ ਆਏ । ਜੀਵਨ ਦੇ ਆਖ਼ਰੀ ਸਮੇ ਤਕ ਭਾਵੇਂ ਸਰੀਰ ਨਿਢਾਲ ਹੋ ਗਿਆ ਪਰੰਤੂ ਦਾਦੀ ਜੀ ਦੀ ਸੁਰਤ ਤੇ ਯਾਦ ਕਾਇਮ ਰਹੀ ।

ਪਿੰਡ ਦੇ ਆਲੇ ਦੁਆਲੇ ਤੇ ਹੇਠਲੇ ਪਾਸੇ ਪਉੜੀ ਨੁਮਾਂ ਉੱਪਰ ਥੱਲੇ ਛੋਟੇ ਛੋਟੇ ਖੇਤ ਸਨ ।ਇਨ੍ਹਾਂ ਦੀ ਮੁਖ ਪੈਦਾਵਾਰ ਮੱਕੀ ਸੀ ਜਿਸਦੇ ਦਾਣੇ ਚਿੱਟੇ ਰੰਗ ਦੇ ਸਨ । ਇਸਦੇ ਸਵਾਦ ਵਿਚ ਮਿਠਾਸ ਸੀ ਜਿਸਦਾ ਦਾ ਅੰਤਰ ਸਾਨੂੰ ਮਗਰੋਂ ਪੀਲੀ ਮੱਕੀ ਦੀ ਰੋਟੀ ਖਾਣ ਤੇ ਮਹਿਸੂਸ ਹੋਇਆ ।ਖੇਤਾਂ ਦੁਆਲੇ ਬਹੁਤੇ ਫ਼ਲਾਂ ਦੇ ਦਰੱਖ਼ਤ ਸਨ ਜਿਨ੍ਹਾਂ ਦਾ ਸਵਾਦ ਯਾਦ ਕਰਕੇ ਹੁਣ ਵੀ ਮਨ ਮਿੱਠਾ ਹੋ ਜਾਂਦਾ ਹੈ । ਬਹੁਤੇ ਅਖਰੋਟਾਂ ਦੇ ਦਰਖਤ ਸਨ ।ਸ਼ਾਇਦ ਇਨ੍ਹਾਂ ਕਰਕੇ ਹੀ ਪਿੰਡ ਦਾ ਨਾਮ ਅਖਰੋਟਾ ਪਿਆ ਹੋਵੇਗਾ । ਕੱਚੇ ਅਖਰੋਟਾਂ ਤੋਂ ਹਰੇ ਛਿਲਕੇ ਉਤਾਰ ਕੇ ਅਸੀਂ ਉਨ੍ਹਾ ਦੀਆ ਕੱਚੀਆਂ ਗਿਰੀਆਂ ਦਾ ਸਵਾਦ ਲੈਂਦੇ ਸਾਂ । ਅਨਾਰ ਵੀ ਆਮ ਸਨ । ਕੱਚੇ ਅਨਾਰਾਂ ਦੇ ਦਾਣਿਆਂ ਦੀ ਚਟਨੀ ਨਾਲ ਮੱਕੀ ਦੀਆਂ ਰੋਟੀ ਲੱਸੀ ਨਾਲ ਖਾਣ ਦਾ ਸਵਾਦ ਵੀ ਅਨੂਠਾ ਹੁੰਦਾ ਸੀ । ਆੜੂ ਖੁਰਮਾਨੀਆਂ ਮਲੋਕ ਦਾਖਾਂ ਅਲੂਚੇ ਵੀ ਆਮ ਖਾਣ ਨੂੰ ਮਿਲ ਜਾਂਦੇ ਸਨ ।

ਖਾਣੇ ਦਾ ਮੁਖ ਹਿੱਸਾ ਇਹ ਰਸ ਭਰੇ ਫਲ ਹੁੰਦੇ ਸਨ । ਪੇਠੇ ਕੱਦੂਆਂ ਦੀਆਂ ਵੇਲਾਂ ਵੀ ਘਰਾਂ ਦੇ ਵਿਹੜਿਆ ਦਾ ਸ਼ਿੰਗਾਰ ਹੁੰਦੀਆ ਸਨ । ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਸਾਡੇ ਸ਼ਾਹੀ ਖਾਣੇ ਹੁੰਦੇ ਸਨ ।ਕੱਚੇ ਕੱਦੂਆਂ ਨਾਲ ਇਨ੍ਹਾਂ ਦੇ ਪੱਤਿਆਂ ਨੂੰ ਲੱਸੀ ਵਿਚ ਰਿੰਨ੍ਹਕੇ ਲੱਸੀ ਵਾਲਾ ਸਾਗ ਵੀ ਕਿਸੇ ਸ਼ਾਹੀ ਭੋਜਨ ਨਾਲੋਂ ਘੱਟ ਨਹੀਂ ਸੀ ਹੁੰਦਾ ।ਰੋਟੀ ਪਕਾਣ ਲਈ ਮਿੱਟੀ ਦਾ ਤਵਾ ਹੁੰਦਾ ਸੀ ਤੇ ਸਾਗ ਸਬਜ਼ੀ ਵੀ ਮਿੱਟੀ ਦੀਆਂ ਤੌੜੀਆ ਵਿਚ ਰਿੰਨ੍ਹਿਆ ਜਾਂਦਾ ਸੀ । ਆਟਾ ਗੁੰਨਣ ਦੀ ਪਰਾਤ ਵੀ ਮਿਟੀ ਦੀ ਹੁੰਦੀ ਸੀ ।

ਖੇਤਾਂ ਵਿਚ ਜਦੋਂ ਮੱਕੀ ਦੇ ਟਾਂਡੇ ਵੱਢ ਬੰਨ੍ਹ ਕੇ ਬੋਹਲ ਲਗਾ ਲਏ ਜਾਂਦੇ ਤਾਂ ਇਨ੍ਹਾਂ ਦੇ ਹੇਠੋਂ ਖੁੱਡਾਂ ਵਿਚੋ ਨਿਕਲ ਕੇ ਚੂਹੇ ਸਿੱਟਿਆਂ ਨੂੰ ਕੁੱਤਰਦੇ ਰਹਿੰਦੇ ।ਹੇਠਾਂ ਨਦੀ ਦੇ ਕੰਢੇ ਘਰਾਟ ਜਾਂ ਜੰਦਰ ਲੱਗੇ ਹੁੰਦੇ ਸਨ ਜਿਨ੍ਹਾਂ ਤੋਂ ਪਿੰਡ ਦੇ ਲੋਕੀ ਦਾਣੇ ਪਿਸਾਕੇ ਲਿਆਉਂਦੇ । ਆਟੇ ਦੀ ਬੋਰੀ ਸਿਰ ਤੇ ਚੁੱਕੀ ਪਹਾੜੀ ਰਸਤੇ ਤੇ ਚੜ੍ਹਦੇ ਬੰਦੇ ਹੁਣ ਵੀ ਯਾਦਾਂ ਵਿਚ ਵੱਸੇ ਹੋਏ ਹਨ ।ਘਰ ਕੱਚੇ ਹੁੰਦੇ ਸਨ ਜਿਨ੍ਹਾਂ ਦੀਆ ਕੰਧਾਂ ਨੂੰ ਮਿੱਟੀ ਦੀਆਂ ਢੀਮਾ ਚਿਣਕੇ ਉਸਾਰਿਆ ਜਾਂਦਾ ਸੀ । ਉਪਰ ਚੀੜ ਦੀ ਲੱਕੜ ਦੀਆਂ ਕੜੀਆਂ ਤੇ ਸ਼ਤੀਰੀਆਂ ਪਾਈਆਂ ਜਾਂਦੀਆਂ ਸਨ ਜਿਨ੍ਹਾਂ ਓਪਰ ਲਕੜੀ ਦੀਆਂ ਲੰਮੀਆਂ ਛਿਟੀਆਂ ਜੋੜੀਆਂ ਹੁੰਦੀਆ ਸਨ । ਉਪਰ ਚਿਕਣੀ ਮਿੱਟੀ ਦੀ ਮਜ਼ਬੂਤ ਛੱਤ ਹੁੰਦੀ ਸੀ ।ਚੀੜ੍ਹ ਦੇ ਦਰੱਖ਼ਤ ਵੱਢ ਕੇ ਬੰਦਿਆਂ ਦੀਆਂ ਢਾਣੀਆਂ ਲੰਮੀਆਂ ਕੜੀਆਂ ਮੋਢਿਆਂ ਤੇ ਚੁੱਕ ਕੇ ਲਿਆਦੇ ਸਨ। ਘਰਾਂ ਦੇ ਦਰਵਾਜ਼ੇ ਲਕੜੀ ਦੇ ਭਾਰੇ ਤੇ ਵੱਡ-ਆਕਾਰੀ ਹੁੰਦੇ ਸਨ ਜਿਨ੍ਹਾਂ ਪਿਛੇ ਅੰਦਰੋਂ ਬੰਦ ਕਰਨ ਲਈ ਦੋਹਾਂ ਪਾਸੇ ਦੇ ਦਰਵਾਜ਼ਿਆਂ ਵਿਚ ਲਗੀਆਂ ਉਭਰਵੀਆਂ ਪੱਟੀਆਂ ਦੇ ਕੱਟਾਂ ਵਿਚ ਆਰ ਪਾਰ ਇਕ ਲੰਮੀ ਪੱਟੀ ਫ਼ਸਾ ਦਰਵਾਜ਼ਾ ਬੰਦ ਕੀਤਾ ਜਾਂਦਾ ਸੀ ਜਿਸਨੂੰ ਹੋੜਾ ਕਹਿੰਦੇ ਸਨ ।

ਸਰਦੀਆਂ ਵਿਚ ਬਰਫ਼ ਪੈਣ ਨਾਲ ਘਰਾਂ ਅੱਗੇ ਬਰਫ਼ ਦੀ ਉੱਚੀ ਦੀਵਾਰ ਬਣ ਜਾਂਦੀ ਤੇ ਆਲੇ ਦੁਆਲੇ ਕਈ ਕਈ ਫ਼ੁੱਟ ਉੱਚੀ ਬਰਫ਼ ਦੀ ਤਹਿ ਜੰਮ ਜਾਂਦੀ । ਦੂਜੇ ਘਰਾਂ ਨੂੰ ਜਾਣ ਲਈ ਬਰਫ਼ ਕੱਟ ਕੇ ਰਸਤੇ ਬਣਾਏ ਜਾਂਦੇ । ਇਸ ਮੌਸਮ ਵਿਚ ਪਾਣੀ ਵੀ ਜੰਮਿਆ ਹੁੰਦਾ । ਘਰਾਂ ਵਿਚ ਵਰਤੋਂ ਲਈ ਕੜਾਹੀ ਵਿਚ ਬਰਫ਼ ਪਾ ਚੁਲ੍ਹੇ ਤੇ ਰੱਖ ਕੇ ਪਿਘਲਾਈ ਜਾਂਦੀ।ਘਰਾਂ ਦੀਆਂ ਛੱਤਾ ਦੇ ਬਨੇਰਿਆਂ ਵਿਚੋਂ ਰਿਸਦੇ ਪਾਣੀਆ ਦੀਆ ਜੰਮੀਆਂ ਨਾਲਾਂ ਹੇਠਾਂ ਲਮਕਦੀਆਂ ਦਿਸਦੀਆਂ ਸਨ।ਅਜਿਹੇ ਮੌਸਮ ਵਿਚ ਘਰਾਂ ਵਿਚ ਬਾਲਣ ਲਈ ਸੁੱਕੀ ਲੱਕੜ ਦਾ ਚੰਗਾਂ ਭੰਡਾਰ ਰੱਖਣਾ ਪੈਂਦਾ ਸੀ ।

ਸਾਡੇ ਬਹੁਤੇ ਕਿਰਸਾਨੀ ਪਰਵਾਰ ਹੀ ਸਨ ਜਿਨ੍ਹਾਂ ਨੇ ਡੰਗਰ ਰੱਖੇ ਹੋਏ ਸਨ । ਮੱਝਾਂ ਬੈਲ ਗਾਵਾਂ ਭੇਡਾਂ ਬਕਰੀਆਂ ਪਾਲੀਆ ਹੁੰਦੀਆਂ ਸਨ।ਰਿਹਾਇਸ਼ੀ ਮਕਾਨਾ ਨਾਲ ਡੰਗਰਾਂ ਦੇ ਘਰ ਬਣਾਏ ਹੁੰਦੇ ਜਿਸਨੂੰ ਢੋਕ ਕਿਹਾ ਜਾਂਦਾ ਸੀ । ਇਨ੍ਹਾਂ ਵਿਚ ਪਸ਼ੂਆਂ ਅੱਗੇ ਘਾਹ ਪੱਠੇ ਪਾਉਣ ਲਈ ਖੁਰਲੀਆਂ ਬਣੀਆਂ ਹੁੰਦੀਆਂ ਸਨ। ਪਸ਼ੂਆਂ ਨੂੰ ਵੀ ਘਰ ਦੇ ਜੀਆਂ ਵਾਂਗ ਪਾਲਿਆ ਤੇ ਰੱਖਿਆ ਜਾਂਦਾ । ਸਭ ਤੋਂ ਪਿਆਰਾ ਘਰ ਦਾ ਰਖਵਾਲਾ ਜਾਨਵਰ ਸੀ ਕੁੱਤਾ । ਸਾਡੇ ਪ੍ਰਵਾਰ ਦੁਆਰਾ ਪਾਲੇ ਗਏ ਇਕ ਕੁੱਤੇ ਦਾ ਨਾਮ ਰਿੱਛੂ ਸੀ ।ਉਸ ਦੀ ਵਫ਼ਾਦਾਰੀ ਦੀਆਂ ਕਈ ਕਹਾਣੀਆ ਮੈਂ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਸਨ ।ਇਸਤੋਂ ਇਲਾਵਾਂ ਆਂਡੇ ਤੇ ਮਾਸ ਲਈ ਮੁਰਗੇ-

ਮੁਰਗੀਆਂ ਵੀ ਪਾਲੇ ਜਾਂਦੇ ਸਨ ।ਮੈਨੂੰ ਪਿੰਡ ਵਿਚ ਕਿਸੇ ਦੁਕਾਨ ਹੋਣ ਦੀ ਯਾਦ ਨਹੀਂ ।ਪਰ ਪਠਾਣ ਰਾਸ਼ੇ ਜ਼ਰੂਰ ਯਾਦ ਹਨ ।ਇਹ ਰਾਸ਼ੇ ਲੰਮੀ ਕਮੀਜ਼ ਤੇ ਸਲਵਾਰ ਉਪਟ ਕੋਟੀਆਂ ਪਾਈ ਸਿਰਾਂ ਤੇ ਮੂੰਡਾਸੇ ਬੰਨ੍ਹੀ ਚਲਦੀਆਂ ਫ਼ਿਰਦੀਆ ਦੁਕਾਨਾਂ ਹੁੰਦੇ ਸਨ । ਆਪਣੀ ਪਿੱਠ ਤੇ ਕਪੜੇ ਵਿਚ ਬੱਧੀ ਇਕ ਵੱਡੀ ਸਾਰੀ ਪੰਡ ਚੁੱਕੀ ਇਹ ਪਿੰਡੋ ਪਿੰਡ ਆਵਾਜ਼ਾਂ ਦਿੰਦੇ ਫ਼ਿਰਦੇ ਸਨ ।ਇਨ੍ਹਾਂ ਪਾਸੋਂ ਅਸੀਂ ਬੱਚੇ ਖੇਡਣ ਦੀਆਂ ਚੀਜ਼ਾ ਬੰਟੇ,ਲਾਟੂ,ਸੀਟੀਆਂ ਆਦਿਕ ਖਰੀਦਦੇ ਹੁੰਦੇ ਸਾਂ ।

ਪਿੰਡ ਤੇ ਉਪਰ ਵਾਲੇ ਪਾਸੇ ਇਕ ਪਹਾੜੀ ਨਾਲਾ ਵਹਿੰਦਾ ਸੀ ।ਉਸਦੇ ਸਾਫ਼ ਲਿਸ਼ਕਦੇ ਪਾਣੀ ਹੇਠ ਨਿੱਕੇ ਨਿੱਕੇ ਗੋਲਾਈ ਨੁਮਾਂ ਗੀਟੇ ਹੀਰਿਆਂ ਵਾਂਗ ਚਮਕਦੇ ਬੜੇ ਸੁਹਣੇ ਲਗਦੇ । ਪੱਥਰਾਂ ਦੀਆ ਢਲਾਨਾਂ ਚੋਂ ਰੁੜਕਦਾ ਪਾਣੀ ਦਾ ਵਹਿਣ ਮਨ ਵਿਚ ਵੀ ਇਕ ਅਮੋੜ ਤਰੰਗ ਪੈਦਾ ਕਰ ਦਿੰਦਾ ਸੀ । ਇਸ ਨਾਲੇ ਤੇ ਸਾਡੀਆਂ ਮਾਵਾਂ ਕਪੜੇ ਧੋਣ ਜਾਂਦੀਆਂ ਤੇ ਸਾਨੂੰ ਕੇਸਾਂ ਸਮੇਤ ਨੁਹਾਲ ਧੁਆਲ ਕੇ ਲਿਆਂਉਂਦੀਆਂ ਸਨ ।

ਸਾਡੇ ਘਰ ਦੇ ਹੇਠਲੇ ਪਾਸੇ ਪਿੰਡ ਦੀ ਢਲਾਨ ਤੇ ਇਕ ਗੁਰਦੁਆਰਾ ਬਣਿਆ ਹੋਇਆ ਸੀ । ਜਿੱਥੇ ਗੁਰਪੁਰਬ ਜਾਂ ਸੰਗਰਾਂਦ ਤੇ ਦੀਵਾਨ ਸੱਜਦੇ ਸਨ । ਪਾਠ ਰੱਖੇ ਜਾਂਦੇ ਤੇ ਪਾਠੀ ਸਿੰਘ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਹੀ ਪਾਠਾਂ ਦੀ ਰੋਲ ਮਗਰੋਂ ਆਰਾਮ ਕਰਦੇ । ਦੀਵਾਨਾਂ ਵਿਚ ਗੁਰਬਾਣੀ ਦੇ ਸ਼ਬਦ ਜੋਟੀਆ ਦੀ ਧੁੰਨੀ ਤੇ ਗਾਏ ਜਾਂਦੇ।ਨਾਲ ਢੋਲਕੀ ਚਿਮਟੇ, ਛੈਣੇ ਤੇ ਖੜਤਾਲਾਂ ਵਜਾਈਆਂ ਜਾਂਦੀਆਂ । ਢੋਲਕੀ ਵਾਲੇ ਦੀ ਪੱਗ ਦਾ ਸ਼ਮਲਾ ਤਾਲ ਦੇ ਨਾਲ ਨਾਲ ਹਿਲਦਾ ਰਹਿੰਦਾ। ਕਦੇ ਘਰਾਂ ਵਿਚ ਵੀ ਆਖੰਡ ਪਾਠ ਰੱਖੇ ਜਾਂਦੇ । ਅਜਿਹੇ ਮੌਕਿਆਂ ਤੇ ਘਰਾਂ ਦੀਆਂ ਕੱਚੀਆਂ ਦੀਵਾਰਾਂ ਤੇ ਫ਼ਰਸ਼ ਨੂੰ ਲਿੰਮ ਪੋਚਕੇ ਸਾਫ਼ ਕੀਤਾ ਜਾਂਦਾ । ਦੀਵਾਰਾਂ ਨਾਲ ਚਾਦਰਾਂ ਲਟਕਾ ਦਿੱਤੀਆਂ ਜਾਂਦੀਆਂ । ਪਾਠ ਦੋਰ੍ਹਾਨ ਘਰ ਦੇ ਜੀਅ ਹੇਠਾਂ ਫ਼ਰਸ਼ ਤੇ ਹੀ ਸੌਂਦੇ ।ਪਾਠ ਕਰਨ ਵਾਲਿਆਂ ਦੇ ਗਲਤ ਉਚਾਰਣ ਦਾ ਵੀ ਨੋਟਿਸ ਲਿਆ ਜਾਂਦਾ ਤੇ ਉਨ੍ਹਾਂ ਨੂੰ ਉਚਾਰੇ ਗਏ ਗਲਤ ਸ਼ਬਦ ਨੂੰ ਠੀਕ ਕਰਨ ਦੀ ਹਿਦਾਇਤ ਕੀਤੀ ਜਾਂਦੀ । ਕਈ ਵਾਰੀ ਇਸ ਗਲ ਤੇ ਵਾਦ ਵਿਵਾਦ ਵੀ ਹੋ ਜਾਂਦੇ ।ਪਾਠੀਆਂ ਤੇ ਘਰ ਆਇਆਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਜਾਂਦੀ । ਪ੍ਰਸ਼ਾਦੇ ਅਕਸਰ ਤੰਦੂਰਾਂ ਤੇ ਪਕਾਏ ਜਾਂਦੇ। ਖਾਣੇ ਵਿਚ ਉੜਦਾਂ ਦੀ ਦਾਲ, ਸਰ੍ਹੋਂ ਦਾ ਸਾਗ ਮੱਖਣ ਤੇ ਲੱਸੀ ਦੇ ਵੱਡੇ ਵੱਡੇ ਗਲਾਸ ਭਰ ਭਰ ਕੇ ਰੱਖੇ ਜਾਂਦੇ ।

* * * * * * * * * * *

## ਸਾਡੇ ਇਲਾਕੇ ਵਿਚ ਸਿੱਖੀ ਦਾ ਆਰੰਭ

ਅਖੰਡ ਭਾਰਤ ਦੇ ਇਸ ਉਤਰ ਪੱਛਮੀ ਪਹਾੜੀ ਇਲਾਕੇ ਦੇ ਲੋਕਾਂ ਵਿਚ ਸਿੱਖੀ ਦਾ ਪ੍ਰਚਾਰ ਪ੍ਰਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇ ਹੋਇਆ ਹੋਵੇਗਾ । ਮਹਾਰਾਜਾ ਸਾਹਿਬ ਨੇ ਬਾਕਰਜ਼ਈ ਮੁਸਲਮਾਨ ਹਾਕਮਾਂ ਪਾਸੋਂ ਸੰਨ 1819 ਵਿਚ ਕਸ਼ਮੀਰ ਦਾ ਇਲਾਕਾ ਜਿੱਤ ਲਿਆ ।ਜਰਨੈਲ ਸ੍ਰਦਾਰ ਹਰੀ ਸਿੰਘ ਨਲੂਆ ਨੂੰ 1820 ਵਿਚ ਕਸ਼ਮੀਰ ਦਾ ਗਵਰਨਰ ਥਾਪਿਆ ਗਿਆ ।ਗੋਪਾਲ ਕੌਲ ਦੀ ਲਿਖਤ ਅਨੁਸਾਰ ਇਸ ਦੌਰਾਨ ੪੦ ਹਜ਼ਾਰ ਜ਼ਬਰਦਸਤੀ ਮੁਸਲਮਾਨ ਬਣਾਏ ਗਏ ਲੋਕ ਦੋਬਾਰਾ ਹਿੰਦੂ ਬਣ ਗਏ । ਇਨ੍ਹਾ ਵਿਚੋਂ ਬਹੁਤ ਸਾਰੇ ਹਿੰਦੂਆਂ ਦੇ ਨਾਲ ਕਈ ਮੁਸਲਮਾਨ ਵੀ ਸਿੰਘ ਸੱਜ ਗਏ ।ਜਰਨੈਲ ਹਰੀ ਸਿੰਘ ਨਲੂਆ ਦੇ ਕਸ਼ਮੀਰ ਦੇ ਸਫ਼ਲ ਪ੍ਰਬੰਧ ਤੋਂ ਪ੍ਰਸੰਨ ਹੋਕੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਸ ਇਲਾਕੇ ਵਿਚ ਉਨ੍ਹਾ ਨੂੰ ਪਾਖੀ ਅਤੇ ਧਮਤੌੜ ਦਾ ਇਲਾਕਾ ਜਾਗੀਰ ਵੱਜੋਂ ਦਿੱਤਾ ਗਿਆ ।ਨਲੂਆ ਸਰਦਾਰ ਨੇ ਹਰੀਪੁਰ ਦੇ ਮੈਦਾਨੀ ਇਲਾਕੇ ਵਿਚ ਹਰੀਪੁਰ ਨਗਰ ਵਸਾਇਆ ਜਿਸਦੇ ਦੁਆਲੇ ਫ਼ਸੀਲ ਵੀ ਉਸਾਰੀ ਗਈ ।ਅਫ਼ਗਾਨਾ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਇਥੇ ਹੀ ਉਸਨੇ ਹਰਿਕ੍ਰਿਸ਼ਨ ਗੜ੍ਹ ਦਾ ਕਿਲਾ ਵੀ ਉਸਾਰਿਆ ਜਿਸਦੇ ਦੁਆਲੇ ਡੂੰਘੀ ਖਾਈ ਵੀ ਬਣਾਈ ਗਈ । ਮਗਰੋਂ ਸੰਨ 1822 ਤੋਂ 1837 ਤਕ ਜਰਨੈਲ਼ ਹਰੀ ਸਿੰਘ ਨਲੂਆ ਹਜ਼ਾਰੇ ਦਾ ਗਵਰਨਰ ਰਿਹਾ ।ਇਸ ਦੌਰਾਨ ਉਨ੍ਹਾ ਪਿਸ਼ਾਵਰ ਵਿਚ ਭਾਈ ਜੋਗਾ ਸਿੰਘ ਦਾ ਗੁਰਦੁਆਰਾ ਬਣਵਾਇਆ ਤੇ ਪੰਜਾ ਸਾਹਿਬ ਗੁਰਦੁਆਰੇ ਦੀ ਉਸਾਰੀ ਕਰਵਾਈ ।ਸ੍ਰ: ਹਰੀਸਿੰਘ ਨਲੂਆ ਦੇ ਉਚੇ ਸੁੱਚੇ ਸਿੱਖੀ ਆਚਰਣ ਤੇ ਸੇਵਾਭਾਵ ਦਾ ਪ੍ਰਭਾਵ ਇਸ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਵਿਚ ਸਹਾਈ ਹੋਇਆ ।

ਸਾਡੀ ਬਰਾਦਰੀ ਦੇ ਸਿੱਖ ਪ੍ਰਵਾਰ ਬ੍ਰਾਹਮਣਾ ਤੋਂ ਸਿੰਘ ਸਜੇ ਸਨ । ਉਨ੍ਹਾ ਦਾ ਪਿਛੋਕੜ ਕਸ਼ਮੀਰ ਦੀ ਬਹੁਗਿਣਤੀ ਬ੍ਰਾਹਮਣ ਵੱਸੋਂ ਦਾ ਸੀ । ਪ੍ਰੰਤੂ ਉਹ ਸਿੱਖੀ ਰਹਿਤ ਬਹਿਤ ਦੇ ਪੱਕੇ ਧਾਰਨੀ ਸਨ । ਸਿੰਘ ਸੱਜ ਕੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਹਾਲਤ ਸਮਾਜ ਵਿਚੋਂ ਛੇਕੇ ਹੋਇਆਂ ਵਰਗੀ ਹੁੰਦੀ ਸੀ । ਇਸ ਗਲ ਦਾ ਸਬੂਤ ਹੁਣ ਵੀ ਜੰਮੂ ਕਸ਼ਮੀਰ ਦੇ ਬਹੁ ਗਿਣਤੀ ਸਾਬਤ ਸੂਰਤ ਸਿਖਾਂ ਵਿਚ ਦੇਖਿਆ ਜਾਂਦਾ ਹੈ ਜਿਸਤੋਂ ਪੰਜਾਬੀ ਸਿੱਖ ਨੌਜਵਾਨ ਵਿਹੂਣੇ ਹੋ ਰਹੇ ਹਨ ।

ਰਿਸ਼ਤੇਦਾਰੀ ਵਿਚ ਸਾਡਾ ਇਕ ਤਾਇਆ ਬੜਾ ਜੁਗਤੀ ਸੀ । ਉਹ ਕਈ ਕਾਢਾਂ ਕੱਢਦਾ ਰਹਿੰਦਾ ।ਕਿਸੇ ਦੱਸਿਆ ਕਿ ਉਹ ਸਾਮ੍ਹਣੇ ਮਹਾੜ ਦਾ ਪਿਛਲਾ ਪਾਸਾ ਵੇਖਣ ਦਾ ਕੋਈ ਜੰਤਰ ਬਣਾਉਣ ਦੀ ਸੋਚ ਰਿਹਾ ਹੈ । ਉਸਨੇ ਪਿੰਡ ਵਿਚ ਕਪੜੇ ਬੁਣਨ ਦੀ ਖੱਡੀ ਲਾਈ ਹੋਈ ਸੀ ਜਿਸਤੋਂ ਸਾਡੇ ਪ੍ਰਵਾਰ ਵਾਲੇ ਵੀ ਕਦੇ ਕਦੇ ਕਪੜਾ ਖ਼ਰੀਦ ਲੈਂਦੇ ਸਨ । ਉਸ ਨੇ ਪਿੰਡ ਵਿਚ ਬੱਚਿਆਂ ਨੂੰ ਪੜ੍ਹਉਣਾ ਵੀ ਸ਼ੁਰੂ ਕੀਤਾ ਸੀ ਜਿਸਦੀ ਕਲਾਸ ਵਿਚ ਮੈਂ ਵੀ ਜਾਣ ਲਗ ਪਿਆ ਸਾਂ । ਉਸਨੇ ਸਟੀਲ ਦੀ ਇਕ ਚਮਕਦੀ ਖੂੰਡੀ ਰੱਖੀ ਹੁੰਦੀ ਸੀ ਜਿਸਤੋਂ ਸਾਨੂੰ ਬੜਾ ਡਰ ਲਗਦਾ ਕਿ ਇਹ ਸਾਨੂੰ ਮਾਰਨ ਲਈ ਵਰਤੀ ਜਾਵੇਗੀ ।ਮਗਰੋਂ ਮੁਸਲਮਾਨਾਂ ਦੇ ਹਜੂਮ ਦੁਆਰਾ ਸਾਡੇ ਪਿੰਡ ਦੇ ਹਮਲੇ ਵਿਚ ਉਸਨੇ ਬੰਬ ਵੀ ਬਣਾਏ ਸਨ । ਉਹ ਇਸ ਹਮਲੇ ਵਿਚ ਹੀ ਮਾਰਿਆ ਗਿਆ ਸੀ ।

ਰਿਸ਼ਤੇ ਤੋਂ ਲਗਦੇ ਪ੍ਰਵਾਰਾਂ ਵਿਚ ਅਮ੍ਰਿਤ ਸਿੰਘ ਨਾਮਕ ਸੱਜਣ ਵੀ ਬੜਾ ਹਿੰਮਤੀ ਬੰਦਾ ਸੀ । ਉਸ ਪਾਸ ਇਕ ਬੰਦੂਕ ਸੀ । ਸਾਡੇ ਘਰ ਦੇ ਨਾਲ ਹੀ ਕੁਝ ਦੂਰੀ ਤੇ ਉਸਦਾ ਮਕਾਨ ਸੀ । ਜਿੱਥੋਂ ਉਹ ਸਾਡੇ ਮਕਾਨ ਦੀ ਛੱਤ ਤੇ ਇਕ ਫ਼ੱਟਾ ਸਿੱਧਾ ਟਿਕਾ ਕੇ ਆਪਣੇ ਘਰ ਤੋਂ ਬੰਦੂਕ ਦਾ ਨਿਸ਼ਾਨਾ ਬੰਨ੍ਹ ਕੇ ਗੋਲੀ ਦਾਗ਼ਦਾ ਸੀ । ਇਕ ਵਾਰੀ ਉਹ ਇਕ ਜੰਗਲੀ ਬਿੱਲੇ ਨੂੰ ਫ਼ੜ ਲਿਆਇਆ । ਉਸਨੂੰ ਇਕ ਛੱਪਰ ਵਿਚ ਜਾਲੀ ਪਿੱਛੇ ਕੈਦ ਕਰਕੇ ਰੱਖਿਆ।ਬਾਹਰ ਨਿਕਲਣ ਲਈ ਉਸਨੂੰ ਛਾਲਾਂ ਮਾਰਦਾ ਤੇ ਦੰਦੀਆ ਕੱਢਕੇ ਗੁੱਸੇ ਨਾਲ ਚਿੰਘਾੜਦਾ ਵੇਖ ਕੇ ਅਸੀਂ ਖ਼ੁਸ਼ ਹੁੰਦੇ ਸਾਂ ।

ਅੰਮ੍ਰਿਤ ਸਿੰਘ ਪੰਜਾਬ ਤੋਂ ਇਕ ਪੰਜਾਬਣ ਵਹੁਟੀ ਵਿਆਹ ਕੇ ਲੈ ਆਇਆ ਸੀ । ਜਿਹੜੀ ਸਾਨੂੰ ਮੁੰਡੇ ਕਹਿਕੇ ਬੁਲਾਂਦੀ, ਜੋ ਸਾਨੂੰ ਬੁਰਾ ਲਗਦਾ ।ਸਾਡੀ ਪਹਾੜੀ ਬੋਲੀ ਵਿਚ ਲੱਤੋਂ ਲੰਗੜਿਆ ਨੂੰ ਮੁੰਡੇ ਕਿਹਾ ਜਾਂਦਾ ਸੀ ।ਪਿੰਡ ਦੇ ਰਿਸ਼ਤੇਦਾਰ ਪਰਵਾਰਾਂ ਦੇ ਹਮ-ਉਮਰ ਬਚਿਆ ਨਾਲ ਅਸੀਂ ਖੇਡਦੇ । ਕਈ ਵਾਰੀ ਮਿੱਟੀ ਦੀਆ ਮੋਟਰਾਂ ਬਣਾਉਂਦੇ । ਕਈ ਵਾਰੀ ਮਰ ਗਏ ਪੰਛੀਆ ਨੂੰ ਦਫ਼ਨਾਂਦੇ ।ਲਾਟੂ ਚਲਾਣੇ, ਗੁਲੀ ਡੰਡਾ, ਬੰਟੇ ਸਾਡੀਆਂ ਸਾਂਝੀਆ ਖੇਡਾਂ ਸਨ ।ਮੇਰੇ ਤਾਇਆ ਅਤੇ ਪਿਤਾ ਜੀ ਪੋਲੀਸ ਵਿਚ ਨੌਕਰੀ ਕਰਦੇ

ਸਨ। ਸਾਨੂੰ ਉਹਨਾ ਦੇ ਘਰ ਛੁੱਟੀ ਆਉਣ ਦੀ ਆਸ ਬਣੀ ਰਹਿੰਦੀ । ਜਦੋਂ ਘਰ ਛੁੱਟੀ ਆਉਂਦੇ ਤਾਂ ਸਾਨੂੰ ਬੜੀ ਖੁਸ਼ੀ ਹੁੰਦੀ । ਸ਼ਹਿਰੋਂ ਸਾਡੇ ਲਈ ਕਈ ਚੀਜ਼ਾਂ ਲੈਕੇ ਆਂਉਂਦੇ ਸਨ।

ਵਿਆਹ ਸ਼ਾਦੀਆਂ

ਵਿਆਹਾਂ ਤੋਂ ਕਈ ਕਈ ਦਿਨ ਪਹਿਲਾਂ ਕੁੜੀਆਂ ਵਿਆਹ ਵਾਲੇ ਘਰ ਰਾਤ ਦੇ ਪਹਿਲੇ ਪਹਿਰ ਗੀਤ ਗਾਉਣ ਦਾ ਸ਼ੋਕ ਪੂਰਾ ਕਰਦੀਆਂ । ਅਜਿਹੇ ਮੌਕਿਆਂ ਲਈ ਕਈ ਗੀਤ ਉਨ੍ਹਾ ਨੇ ਯਾਦ ਕੀਤੇ ਹੁੰਦੇ ਸਨ । ਵਡੇਰੀਆਂ ਮਾਵਾਂ ਦਾਦੀਆਂ ਨਾਨੀਆਂ ਤੋਂ ਜਵਾਨ ਕੁੜੀਆ ਨੇ ਇਹ ਗੀਤ ਤੇ ਗਾਉਣ ਦੀਆਂ ਤਰਜ਼ਾਂ ਸਿੱਖੀਆਂ ਹੁੰਦੀਆਂ ਸਨ । ਗਾਉਣ ਦੇ ਨਾਲ ਨਾਲ ਢੋਲਕੀ ਵਜਾਈ ਜਾਂਦੀ ਤੇ ਨਾਚ ਵੀ ਹੁੰਦੇ ।ਵਿਆਹ ਤੇ ਆਉਣ ਵਾਲੇ ਰਿਸ਼ਤੇਦਾਰਾਂ ਦਾ ਕੁੜੀਆਂ ਗੀਤ ਗਾ ਕੇ ਸੁਆਗਤ ਕਰਦੀਆਂ ਜਿਸ ਵਿਚ ਲਾੜੇ ਨਾਲ ਉਨ੍ਹਾਂ ਦੇ ਰਿਸ਼ਤੇ ਦਾ ਜ਼ਿਕਰ ਹੁੰਦਾ। ਕਈ ਕਈ ਦਿਨ ਵਿਆਹ ਵਾਲਾ ਘਰ ਰੌਣਕਾਂ ਤੇ ਖ਼ੁਸ਼ੀਆਂ ਨਾਲ ਗੂੰਜਦਾ ਰਹਿੰਦਾ । ਬਰਾਤ ਚਲ ਕੇ ਹੀ ਕੁੜੀ ਵਾਲਿਆਂ ਦੇ ਪਿੰਡ ਪੁਜਦੀ । ਉਸ ਇਲਾਕੇ ਵਿਚ ਕੇਵਲ ਪਹਾੜੀ ਰਸਤੇ ਹੁੰਦੇ ਸਨ ਜਿਨ੍ਹਾਂ ਉੱਤੇ ਖੱਚਰਾਂ ਖੋਤੇ ਹੀ ਚਲ ਸਕਦੇ ਸਨ ।

ਸਾਨੂੰ ਵਿਆਹਾਂ ਤੇ ਨਵੇਂ ਕਪੜੇ ਪਾਉਣ ਦਾ ਸ਼ੌਕ ਹੁੰਦਾ ।ਲਾੜਾ ਘੋੜੀ ਤੇ ਚੜ੍ਹਕੇ ਢੁੱਕਦਾ । ਉਸਦੇ ਨਾਲ ਉਸਦਾ ਸਰਬਾਲਾ ਵੀ ਘੋੜੀ ਤੇ ਉਸਦੇ ਪਿੱਛੇ ਬੈਠਾ ਹੁੰਦਾ । ਲਾੜੀ ਦੇ ਪ੍ਰਵਾਰ ਦੀਆਂ ਔਰਤਾਂ ਵੱਲੋਂ ਲਾੜੇ ਦੇ ਪ੍ਰਵਾਰ ਦੇ ਨਿਕਟਵਰਤੀ ਸੰਬੰਧੀਆਂ ਦਾ ਵਾਰੋ ਵਾਰ ਸਿੱਠਣੀਆ ਨਾਲ ਸਵਾਗਤ ਹੁੰਦਾ ।ਬਰਾਤ ਦਾ ਸਵਾਗਤ ਤੇ ਸੇਵਾ ਕੁੜੀ ਵਾਲੇ ਆਪਣੀ ਵਿਤ ਮੂਜਬ ਕਰਦੇ । ਬਹੁਤਾ ਖਾਣ ਪੀਣ ਪੇਡੂੰ ਸਾਦਗੀ ਵਾਲਾ ਹੀ ਹੁੰਦਾ । ਬਰਾਤ ਲਈ ਪਰੋਸੇ ਗਏ ਭੋਜਨ ਵਿਚ ਕੜਾਹ ਜ਼ਰੂਰ ਸ਼ਾਮਲ ਹੁੰਦਾ ਤੇ ਲੋਕ ਬੁੱਕਾਂ ਭਰ ਭਰ ਕੇ ਖਾਂਦੇ । ਮੈਨੂੰ ਇਸ ਮੌਕੇ ਤੇ ਸ਼ਰਾਬ ਪੀਣ ਪਿਆਣ ਦੀ ਕੋਈ ਘਟਨਾ ਯਾਦ ਨਹੀਂ ।ਬਰਾਤ ਘਟੋ ਘੱਟ ਇਕ ਰਾਤ ਠਹਿਰਦੀ ।ਆਨੰਦ ਕਾਰਜ ਪਿੰਡ ਦੇ ਗੁਰਦੁਆਰੇ ਵਿਚ ਸਵੇਰੇ ਸਵੇਰੇ ਕਈ ਵਾਰੀ ਅਸਾਂ ਬੱਚਿਆ ਦੇ ਜਾਗਣ ਤੋਂ ਪਹਿਲਾਂ ਹੀ ਹੋ ਜਾਂਦੇ । ਢੋਲਕੀ ਛੈਣਿਆਂ ਨਾਲ ਹੀ ਲਾਂਵਾਂ ਦੇ ਸ਼ਬਦ ਗਾਏ ਜਾਂਦੇ ।ਸਿਖਿਆ ਸੇਹਰੇ ਬੋਲਣ ਦਾ ਰਿਵਾਜ ਵੀ ਆਮ ਸੀ । ਵਹੁਟੀ ਲਾਵਾਂ ਹੁੰਦਿਆ ਵੀ ਘੁੰਗਟ ਕੱਢੀ ਰਖਦੀ। ਉਸਦੇ ਭਰਾ ਚਾਚੇ ਤਾਏ ਲਾਵਾਂ ਵਿਚ ਖੜੇ ਹੋਕੇ ਵਹੁਟੀ ਨੂੰ ਲਾਵਾਂ ਲੈਣ ਵਿਚ ਸਹਾਈ ਹੁੰਦੇ । ਸਹੁਰੇ ਪਰਵਾਰ ਦੇ ਵੱਡਿਆ ਸਾਹਵੇਂ ਘੁੰਗਟ ਕੱਢੀ ਰੱਖਣ ਦਾ ਪ੍ਰਚੱਲਨ ਆਮ ਸੀ ।

ਵਹੁਟੀਆਂ ਆਪਣੇ ਪਤੀ ਸਹੁਰੇ ਜੇਠ ਜਾਂ ਹੋਰ ਵੱਡਿਆਂ ਦੇ ਨਾਮ ਵੀ ਨਹੀਂ ਸਨ ਲੈਂਦੀਆਂ ।ਪੇਕੇ ਘਰੋਂ ਨਿਕਲਣ ਲਗਿਆਂ ਬੂਹੇ ਵਿਚ ਖਲੋਕੇ ਵਿਦਾ ਹੋ ਰਹੀ ਲੜਕੀ ਭਰੀ ਬੁੱਕ ਨਾਲ ਦਾਣੇ ਸਿਰ ਉਤੋਂ ਪਿੱਛੇ ਸੁੱਟਦੀ । ਇਹ ਮਾਪਿਆਂ ਦੇ ਪ੍ਰਵਾਰ ਦੀ ਅੰਨ ਧਨ ਦੀ ਖ਼ੁਸ਼ਹਾਲੀ ਲਈ ਉਸਦੀ ਮਨੋ ਭਾਵਨਾ ਦਾ ਪ੍ਰਗਟਾਵਾ ਹੁੰਦਾ । ਘਰੋਂ ਡੋਲੀ ਤੁਰਨ ਲਗਿਆਂ ਵਹੁਟੀ ਆਪਣੇ ਪ੍ਰਵਾਰਕ ਜੀਆਂ ਦੇ ਗਲੇ ਮਿਲ ਮਿਲ ਕੇ ਰੋਂਦੀ । ਇਹ ਦ੍ਰਿਸ਼ ਬੜਾ ਕਰੁਣਾਮਈ ਹੁੰਦਾ । ਵਹੁਟੀ ਡੋਲੀ ਵਿਚ ਚੁੱਕ ਕੇ ਲਿਆਈ ਜਾਂਦੀ ।ਡੋਲੀ ਤੁਰਨ ਲੱਗਿਆਂ ਲਾੜੇ ਦਾ ਪਿਤਾ ਡੋਲੀ ਉਪਰੋਂ ਪੈਸੇ ਵਾਰਦਾ । ਇਹ ਸ਼ਾਇਦ ਨੂੰਹ ਰਾਣੀ ਨੂੰ ਉਸਦੇ ਵੱਲੋਂ ਸੁਖੀ ਤੇ ਸੰਪੰਨ ਰੱਖਣ ਦਾ ਸੁਨੇਹਾ ਹੁੰਦਾ । ਵਹੁਟੀ ਨਾਲ ਉਸਦੇ ਪੇਕੇ ਪ੍ਰਵਾਰ ਦੀ ਕੋਈ ਤੀਂਵੀ ਜ਼ਰੂਰ ਘੱਲੀ ਜਾਂਦੀ ।ਨਵੀਂ ਵਿਆਹੀ ਵਹੁਟੀ ਦੇ ਪਰਾਏ ਘਰੇਲੂ ਮਾਹੋਲ ਵਿਚ ਸਹਾਇਤਾ ਲਈ ਇਹ ਜ਼ਰਰੂੀ ਸਮਝਿਆ ਜਾਂਦਾ ।ਵਹੁਟੀ ਦੀ ਡੋਲੀ ਢੁੱਕਣ ਤੇ ਉਸਨੂੰ ਪਿਆਰ ਸਤਿਕਾਰ ਨਾਲ ਡੋਲੀ ਵਿਚੋਂ ਕੱਢਕੇ ਨਵੀ ਵਿਆਹੀ ਜੋੜੀ ਨੂੰ ਘਰ ਦੇ ਬੂਹੇ ਤੇ ਲਿਆਕੇ ਮੁਹਾਠਾਂ ਤੇ ਤੇਲ ਚੋਇਆ ਜਾਂਦਾ ।ਮੁੰਡੇ ਦੀ ਮਾਂ ਨਵੀਂ ਜੋੜੀ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀ ।ਘਰ ਦੇ ਵੱਡੇ ਨਵ ਵਿਆਹੀ ਜੋੜੀ ਦੀ ਪੈਸਿਆਂ ਨਾਲ ਸਿਰਵਾਰਨੇ ਕਰਦੇ ।ਫ਼ਿਰ ਲਾੜੇ ਲਾੜੀ ਨੂੰ ਬਿਠਾਕੇ ਲੱਸੀ ਨਾਲ ਭਰੀ ਪਰਾਤ ਵਿਚੋਂ ਅੰਗੂਠੀ ਜਾਂ ਛੱਲਾ ਕੱਢਣ ਦਾ ਮੁਕਾਬਲਾ ਹੁੰਦਾ । ਇਹ ਖੇਡ ਉਨ੍ਹਾ ਦਾ ਆਪਸੀ ਝੱਕ ਖੋਲਣ ਲਈ ਖਿਡਾਈ ਜਾਂਦੀ । ਵਹੁਟੀ ਦੀ ਗੋਦ ਵਿਚ ਉਸਦੇ ਦੇਵਰ ਨੂੰ ਬਿਠਾਇਆ ਜਾਂਦਾ ਜੋ ਭਾਬੀ ਪਾਸੋਂ ਕੋਈ ਤੁਹਫ਼ਾ ਲੈਣ ਮਗਰੋਂ ਹੀ ਉਠਦਾ । ਆਪਸੀ ਰਿਸ਼ਤੇਦਾਰਾਂ ਨੂੰ ਵਹੁਟੀ ਦੀ ਮੂੰਹ ਵਿਖਾਈ ਕਰਵਾਈ ਜਾਂਦੀ ਤੇ ਹਰੇਕ ਮੂੰਹ ਵੇਖਣ ਵਾਲਾ ਸ਼ਗਨ ਵੱਜੋਂ ਕੁਝ ਪੈਸੇ ਵਹੁਟੀ ਨੂੰ ਦਿੰਦਾ ।ਇਹ ਰਸਮ ਵੀ ਹਾਸੀ ਮਜ਼ਾਕ ਦੀ ਚੰਗੀ ਦਿਲਚਸਪ ਖੇਡ ਬਣ ਜਾਂਦੀ । ਮਗਰੋਂ ਕੁਝ ਦਿਨ ਵਹੁਟੀ ਦੁਆਰਾ ਲਿਆਇਆ ਦਾਜ ਦਾ ਸਾਮਾਨ ਮੰਜਿਆਂ ਤੇ ਸਜਾ ਕੇ ਆਂਢ ਗੁਆਢ ਨੂੰ ਵਿਖਾਇਆ ਜਾਂਦਾ ।ਕੁਝ ਹੀ ਦਿਨਾਂ ਬਾਅਦ ਵਹੁਟੀ ਦਾ ਬਦਫ਼ੇਰਾ, ਭਾਵ ਆਪਣੇ ਪਤੀ ਸਮੇਤ ਮਾਪਿਆਂ ਦੇ ਘਰ ਫ਼ੇਰਾ ਪਾਉਣ ਦੀ ਰਸਮ ਵੀ ਕੀਤੀ ਜਾਂਦੀ । ਬਦਫ਼ੇਰੇ ਵਿਚ ਵਹੁਟੀ ਦੀ ਸੱਸ ਨਨਾਣ ਜਾਂ ਕੋਈ ਹੋਰ ਘਰ ਦੀ ਤੀਂਵੀਂ ਵੀ ਨਾਲ ਜਾਂਦੀ ।

ਸ਼ਹਿਰਾਂ ਦੇ ਫ਼ੇਰੇ

ਮੇਰੇ ਪਿਤਾ ਜੀ ਜਿਨ੍ਹਾਂ ਨੂੰ ਅਸੀਂ ਭਾਪਾ ਜੀ ਕਹਿੰਦੇ ਸਾਂ ਰੇਲਵੇ ਪੋਲੀਸ ਵਿਚ ਨੌਕਰੀ ਕਰਦੇ ਸਨ । ਉਹ ਕਦੇ ਕਦੇ ਸਾਨੂੰ ਆਪਣੀ ਨਿਯੁੱਕਤੀ ਵਾਲੇ ਸ਼ਹਿਰ ਲੈ ਜਾਂਦੇ ਤੇ ਅਸੀਂ ਕੁਝ ਸਮਾਂ ਉਨ੍ਹਾਂ ਪਾਸ ਠਹਿਰਦੇ । ਉਨ੍ਹਾਂ ਪਾਸ ਦਰਿਆ ਅਟਕ ਦੇ ਕਿਨਾਰੇ ਖ਼ੈਰਾਬਾਦ ਦੇ ਕਿਲੇ ਵਿਚ ਰਹਿਣ ਦਾ ਮੈਨੂੰ ਚੇਤਾ ਹੈ । ਉਥੇ ਰੇਲਵੇ ਕਵਾਰਟਰ ਕਿਲੇ ਦੇ ਵਿਚ ਸਨ । ਕਿਲੇ ਦੇ ਗੇਟ ਨਾਲ ਲਗਦਾ ਰੇਲਵੇ ਸਟੇਸ਼ਨ ਸੀ । ਸਟੇਸ਼ਨ ਦੇ ਗੋਦਾਮ ਵਿਚ ਰੇਲ ਤੇ ਚਾੜ੍ਹਣ ਤੇ ਲਾਹੁਣ ਵਾਲੀਆ ਬੋਰੀਆਂ ਪਈਆ ਹੁੰਦੀਆਂ । ਉਨ੍ਹਾਂ ਵਿਚ ਕੁਝ ਸੁੱਕੇ ਮੇਵਿਆਂ ਦੀਆਂ ਬੋਰੀਆਂ ਵੀ ਹੁੰਦੀਆਂ ਸਨ ਜਿਨ੍ਹਾਂ ਵਿਚੋਂ ਅਸੀਂ, ਕਿਸ਼ਮਿਸ਼, ਚਿਲਗੋਜ਼ੇ, ਅਖਰੋਟ ਆਦਿ ਕੱਢ ਕੱਢ ਕੇ ਖਾਂਦੇ । ਪੋਲੀਸ ਵਾਲਿਆਂ ਦੇ ਫ਼ਰਜ਼ੰਦ ਹੋਣ ਕਰਕੇ ਸ਼ਾਇਦ ਸਾਨੂੰ ਉਥੇ ਤਾਇਨਾਤ ਚੌਕੀਦਾਰ ਵੀ ਨਾਹ ਰੋਕਦੇ ।ਰੇਲਵੇ ਪੁਲਿਸ ਦੇ ਹੋਰ ਸਿਪਾਹੀਆਂ ਦੇ ਕਵਾਟਰਾਂ ਵਿਚ ਮੈਂ ਨਿਸੰਗ ਚਲਾ ਜਾਂਦਾ ਜਿਨ੍ਹਾ ਵਿਚ ਬਹੁਤੇ ਮੁਸਲਮਾਨ ਪ੍ਰਵਾਰ ਸਨ । ਸਾਡੇ ਘਰਾਂ ਵਿਚ ਮੁਸਲਮਾਨਾਂ ਹੱਥੋਂ ਖਾਣ-ਪੀਣ ਤੋਂ ਪਰਹੇਜ਼ ਕੀਤਾ ਜਾਂਦਾ ਸੀ ।ਬਚਪਨ ਦੀ ਮਾਸੂਮੀਅਤ ਕਰਕੇ ਮੈ ਉਨ੍ਹਾਂ ਦੀਆਂ ਦਿੱਤੀਆਂ ਚੀਜ਼ਾਂ ਖਾ ਪੀ ਜਾਂਦਾ ਸਾਂ । ਮੁਸਲਮਾਨ ਪ੍ਰਵਾਰਾਂ ਦੀਆਂ ਔਰਤਾ ਮਰਦਾਂ ਨਾਲ ਸਾਡੇ ਘਰ ਦਿਆਂ ਦੇ ਬੜੇ ਨਿੱਘੇ ਸੰਬੰਧ ਹੁੰਦੇ ਸਨ । ਉਹ ਆਪਣੇ ਪ੍ਰਵਾਰਾਂ ਵਾਗ ਹੀ ਸਾਡੀਆਂ ਵਡੇਰੀਆਂ ਨੂੰ ਦਾਦੀ ਚਾਚੀ ਮਾਮੀ ਭੂਆ ਕਰਕੇ ਬੁਲਾਂਦੇ ਸਨ । ਇਸੇ ਤਰ੍ਹਾਂ ਵੱਡੇਰੀ ਉਮਰ ਦੇ ਸਾਡੇ ਮਰਦਾਂ ਨੂੰ ਵੀ ਮੁਸਲਮਾਨ ਅਪਣਤ ਵਾਲੇ ਸ਼ਬਦਾਂ ਨਾਲ ਬੁਲਾਂਦੇ ਸਨ ।

ਪਹਿਲਾਂ ਪਹਿਲ ਰੇਲ ਗੱਡੀ ਦੀ ਸਵਾਰੀ ਕਰਨ ਦੀਆਂ ਯਾਦਾਂ ਵੀ ਮੇਰੇ ਚੇਤੇ ਵਿਚ ਹਨ ।ਸਾਡੇ ਪਿੰਡ ਦੇ ਨੇੜੇ ਦਾ ਰੇਲਵੇ ਸਟੇਸ਼ਨ ਹਵੇਲੀਆਂ ਸੀ ਜੋ ਟੈਕਸਲਾ ਹਵੇਲੀਆਂ ਰੇਲ ਲਾਈਨ ਦਾ ਆਖ਼ਰੀ ਸਟੇਸ਼ਨ ਸੀ । ਸ਼ਹਿਰੋਂ ਪਿੰਡ ਆਉਣ ਲਈ ਗੱਡੀ ਤੇ ਹਵੇਲੀਆਂ ਸਟੇਸ਼ਨ ਉਤਰ ਕੇ ਫ਼ਿਰ ਪਿੰਡ ਪਹੁੰਚਣ ਦੀਆਂ ਧੁੰਦਲੀਆ ਯਾਦਾਂ ਵੀ ਮੇਰੇ ਚੇਤੇ ਵਿਚ ਵੱਸੀਆਂ ਹੋਈਆਂ ਹਨ । ਸਟੇਸ਼ਨ ਤੋਂ ਪੈਦਲ ਅਖਰੋਟੇ ਦਾ ਪਹਾੜੀ ਪੈਂਡਾ ਦਸ ਬਾਰਾਂ ਮੀਲ ਹੋਵੇਗਾ ।ਇਸ ਰਸਤੇ ਤੁਰਦਿਆਂ ਘਰ ਆਉਣਾ ਪੈਂਦਾ ਸੀ । ਸਾਡੇ ਮਾਪੇ ਸਾਨੂੰ ਚੁੱਕਣ ਲਈ ਕਿਸੇ ਕੁਲੀ ਨੂੰ ਪੈਸੇ ਦੇਕੇ ਨਾਲ ਰੱਖਦੇ । ਉਹ ਸਾਨੂੰ ਆਪਣੇ ਮੌਢਿਆਂ ਤੇ ਚੁੱਕਕੇ ਲਿਆਉਂਦਾ।ਸਾਡੀ ਵੱਡੀ ਭੂਆ ਦਾ ਪਿੰਡ ਮੁਹਾੜੀ ਸੀ । ਜਿਥੇ ਆਪਣੇ ਫ਼ੁਫ਼ੜ ਦੇ ਸਵਰਗਵਾਸ ਹੋਣ ਵੇਲੇ ਮੈਂ ਆਪਣੇ ਪਰਵਾਰ ਨਾਲ ਗਿਆ ਸਾਂ । ਮੇਰੇ ਫ਼ੁਫ਼ੜ ਪੁਲਿਸ ਵਿਚੋਂ ਇੰਸਪੈਕਟਰ ਰੀਟਾਇਰ ਹੋਏ ਸਨ ।ਉਨ੍ਹਾਂ ਦੇ ਚੜ੍ਹਾਈ ਕਰ ਜਾਣ ਸਮੇ ਉਨ੍ਹਾਂ ਦੀ ਛੋਟੀ ਬੇਟੀ ਦੀਆਂ ਵਿਲ੍ਹਕਣੀਆਂ ਮੈਨੂੰ ਅਜੇ ਵੀ ਨਹੀਂ ਭੁੱਲੀਆਂ ।ਸਾਡਾ ਨਾਨਕਾ ਪਿੰਡ ਮੋਹਰੀ ਵਡਭੈਣ ਵੀ ਕੁਝ ਮੀਲਾਂ ਦੀ ਵਾਟ ਤੇ ਸੀ ।ਉਥੇ ਜਾਣ ਤੇ ਰਹਿਣ ਦਾ ਵੀ ਮੈਨੂੰ ਕੁਝ ਕੁਝ ਚੇਤਾ ਹੈ ।ਉਥੇ ਅਸੀਂ ਬਚੇ ਕਦੇ ਲੜ ਪੈਂਦੇ ਤਾਂ ਕਿਸੇ ਦੂਜੇ ਤੋਂ ਮਾਰ ਖਾ ਕੇ ਰੋਣ ਵਾਲੇ ਬੱਚੇ ਨੂੰ ਸਾਡੀ ਨਾਨੀ ਇਹ ਕਹਿ ਕੇ ਵਰਚਾਉਂਦੀ "ਚੁਪ ਕਰ ! ਚੁਪ ਕਰ ਪੁੱਤਾ ! ਮੈ ਇਸਨੂੰ (ਮਾਰਣ ਵਾਲੇ ਨੂੰ) ਅਲੂਣਾ ਬਾਟ ਖਵਾਸਾਂ ।ਮੱਕੀ ਦਾ ਆਟਾ ਲੱਸੀ ਵਿਚ ਰਿੰਨ੍ਹਕੇ ਬਾਟ ਬਣਾਇਆ ਜਾਂਦਾ ਸੀ ।

* * * * * * * * * *

## ਖ਼ੂਨੀ ਬਰਫ਼ਾਨੀ ਰਾਤ

16 ਅਗੱਸਤ 1946 ਨੂੰ ਮੁਸਲਿਮ ਲੀਗ ਨੇ ਕਲਕੱਤੇ ਵਿਚ ਡਾਇਰੈਕਟ ਐਕਸਨ ਡੇ ਮਨਾਇਆ ਜਿਸ ਵਿਚ ਮੁਸਮਾਨਾ ਤੇ ਹਿੰਦੂਆਂ ਵਿਚ ਫ਼ਸਾਦ ਹੋ ਗਿਆ ਤੇ ਹਜ਼ਾਰਾਂ ਹਿੰਦੂ ਮਾਰੇ ਗਏ ॥ ਅਗਲੇ ਦੋ ਤਿੰਨ ਦਿਨਾ ਵਿਚ ਹਿੰਦੂਆਂ ਨੇ ਬਦਲਾ ਲੈਣ ਲਈ ਮੁਸਲਮਾਨਾ ਨੂੰ ਮਾਰਨਾ ਸ਼ੁਰੂ ਕਰ ਦਿੱਤਾ । ਇਹ ਫ਼ਸਾਦ ਨੁਆਖਲ਼ੀ, ਬਿਹਾਰ ਗੜਮੁਕੇਸ਼ਵਰ ਤੋਂ ਸਾਲ ਦੇ ਅੰਤ ਤਕ ਜ਼ਿਲਾ ਹਜ਼ਾਰਾ ਪੋਠੋਹਾਰ ਪੁਹੰਚ ਗਿਆ । ਪੱਛਮੀ ਸਰਹੱਦੀ ਇਲਾਕੇ ਵਿਚ ਮੁਸਲਿਮ ਲੀਗ ਵੱਲੋਂ ਹਿੰਦੂ ਸਿੱਖ ਵੱਸੋਂ ਵਿਰੁੱਧ ਦੰਗੇ ਫ਼ਸਾਦ ਸ਼ੁਰੂ ਹੋ ਗਏ । ਤਹਿਸੀਲ ਐਬਟਾਬਾਦ ਦੇ ਪਹਾੜੀ ਇਲਾਕੇ ਦੇ ਪਿੰਡਾਂ ਵਿਚ ਬਹੁਗਿਣਤੀ ਵੱਸੋਂ ਮੁਸਲਮਾਨਾ ਦੀ ਸੀ ।ਹਿੰਦੂ ਸਿੱਖਾਂ ਦੀ ਆਬਾਦੀ ਤਾਂ ਇਨ੍ਹਾਂ ਪਿੰਡਾ ਦੀ ਕੁਲ ਵੱਸੋਂ ਦਾ ਮਸਾਂ 4-/5% ਸੀ ਜਿਸ ਵਿਚ ਸਿੱਖ ਵੱਸੋਂ 1% ਹੀ ਹੋਵੇਗੀ ।ਪਿੰਡਾਂ ਵਿਚ ਵਸਦੇ ਗਿਣਤੀ ਦੇ ਸਿੱਖ ਹਿੰਦੂ ਪ੍ਰਵਾਰ ਮੁਸਲਮਾਨਾ ਦੇ ਮੁਕਾਬਲੇ ਬਿਹਤਰ ਜਾਇਦਾਦਾਂ ਤੇ ਕਾਰੋਬਾਰਾਂ ਦੇ ਮਾਲਕ ਸਨ । ਇਨ੍ਹਾ ਦੀ ਮਾਇਕ ਹਾਲਤ ਮੁਸਲਮਾਨਾਂ ਨਾਲੋਂ ਚੰਗੀ ਸੀ । ਕਈ ਮੁਸਲਮਾਨ ਸਿੱਖ ਜ਼ਮੀਦਾਰਾਂ ਪਾਸ ਖੇਤ ਮਜ਼ਦੂਰਾਂ ਦਾ ਕੰਮ ਕਰਦੇ ਸਨ ।ਸੋ ਇਨ੍ਹਾ ਹਮਲਿਆਂ ਪਿੱਛੇ ਮੁਸਲਮਾਨ ਹਜੂਮ ਵਿਚ ਲੁੱਟ ਮਾਰ ਕਰਨ ਤੇ ਹਿੰਦੂ ਸਿੱਖਾਂ ਦੀਆ ਜਾਇਦਾਦਾਂ ਲੁੱਟਣ ਦੀ ਵੀ ਤੀਬਰ ਪ੍ਰਵਿਰਤੀ ਸੀ ।

28 ਜੁਲਾਈ 1946 ਨੂੰ ਐਬਟਾਬਾਦ ਵਿਚ ਫ਼ਸਾਦ ਦੀ ਅਗ ਭੜਕ ਉੱਠੀ । ਹਮਲਿਆਂ ਵੇਲੇ ਸਾਡੇ ਪਹਾੜੀ ਇਲਾਕੇ ਦੇ ਮੁਸਲਮਾਨ ਇਕੱਠੇ ਹੋਕੇ ਵਾਰੋ ਵਾਰ ਇਕ ਇਕ ਪਿੰਡ ਦੇ ਸਿੱਖਾਂ ਹਿੰਦੂਆਂ ਉੱਤੇ ਹਮਲੇ ਕਰਨ ਲਗ ਪਏ ।ਦਿਸੰਬਰ 1946 ਸਾਡੇ ਪਿੰਡ ਅਖਰੋਟਾ ਦੇ ਆਲੇ ਦੁਆਲੇ ਦੇ ਪਿੰਡਾਂ ਮਲਾਛ, ਧਣਕ, ਮੋਹਰੀ ਵਡਭੈਣ, ਮੁਹਾੜੀ ਤੇ ਹਮਲੇ ਹੋਏ ਤੇ ਕਈ ਸਿੱਖ ਲੜਦੇ ਹੋਏ ਸ਼ਹੀਦ ਹੋਏ । ਕਈ ਬਚਦੇ ਬਚਾਂਦੇ ਨੇੜੇ ਦੇ ਹਵੇਲੀਆਂ ਸਟੇਸ਼ਨ ਤੇ ਪੁੱਜ ਗਏ ।

ਮੇਰੇ ਪਿਤਾ ਸ੍ਰ: ਕਾਲਾ ਸਿੰਘ ਜੀ ਰੇਲਵੇ ਪੁਲਿਸ ਵਿਚ ਨੌਕਰ ਸਨ ।ਉਹ 30 ਦਿਸੰਬਰ 1946 ਨੂੰ ਪੁਲਿਸ ਕਪਤਾਨ ਨੂੰ ਮਿਲਕੇ ਪਿੰਡ ਦੀ ਰੱਖਿਆ ਲਈ ਇਕ ਪੁਲਿਸ ਦੀ ਗਾਰਦ ਲੈਕੇ 1 ਜਨਵਰੀ 1947 ਨੂੰ ਪਿੰਡ ਆਏ ਸਨ । ਇਸ ਗਾਰਦ ਦੇ ਸਾਰੇ ਸਿਪਾਹੀ ਪਠਾਣ ਸਨ । ਸਾਡੇ ਪਿਛਲੇ ਪਹਾੜ ਉਪਰ ਵੱਸੇ ਇਕ ਹੋਰ

ਪਿੰਡ ਮਲਾਛ ਤੇ ਹਮਲਾ ਹੋਣ ਦੀ ਖ਼ਬਰ ਸੁਣਕੇ ਭਾਪਾ ਜੀ ਕੁਝ ਸਿਪਾਹੀ ਲੈਕੇ ਉਥੇ ਚਲੇ ਗਏ । ਪਿੱਛੋ 2 ਜਨਵਰੀ ਨੂੰ ਦੁਪਹਿਰੇ ਇਲਾਕੇ ਦੇ ਮੁਸਲਮਾਨਾਂ ਨੇ ਸਾਡੇ ਪਿੰਡ ਤੇ ਹਮਲਾ ਕਰ ਦਿੱਤਾ । ਸਾਡੀ ਰੱਖਿਆ ਲਈ ਕੇਵਲ 4 ਪਠਾਣ ਸਿਪਾਹੀ ਸਨ । ਪਿੰਡ ਦੇ ਕੁਝ ਬੰਦਿਆਂ ਪਾਸ ਆਪਣੀਆਂ ਬੰਦੂਕਾਂ ਵੀ ਸਨ ।ਹਮਲਾ ਹੋਣ ਦੀ ਸੂਚਨਾ ਸੁਣਕੇ ਪਿੰਡ ਦੇ ਸਾਰੇ ਵਸਨੀਕ ਇਕ ਵੱਡੇ ਘਰ ਵਿਚ ਇਕੱਠੇ ਹੋ ਗਏ ।

ਸਿਪਾਹੀਆਂ ਨਾਲ ਪਿੰਡ ਦੇ ਬੰਦੂਕਧਾਰੀਆਂ ਨੇ ਇਨ੍ਹਾ ਹਮਲਾਵਰਾਂ ਦਾ ਰਾਤ ਪੈਂਦਿਆਂ ਤਕ ਮੁਕਾਬਲਾ ਕੀਤਾ ।ਇਕੱਠ ਵਾਲਾ ਇਹ ਘਰ ਪਹਾੜ ਦੀ ਢਲਾਨ ਤੇ ਉਪਰਲੇ ਪਾਸੇ ਸਥਿਤ ਹੋਣ ਕਾਰਨ ਹੇਠੋਂ ਕਈ ਹਮਲਾਵਰ ਸਾਡੀਆਂ ਬੰਦੂਕਾਂ ਦੇ ਨਿਸ਼ਾਨੇ ਬਣਦੇ ਗਏ ।ਉਸ ਵੇਲੇ ਘਰ ਵਿਚ ਘਿਰੇ ਸਾਡੇ ਬੰਦਿਆ ਦੀ ਹਾਲਤ ਬੜੀ ਖ਼ੌਫ਼ਜ਼ਦਾ ਸੀ । ਬੱਚਿਆਂ ਨੂੰ ਮਾਵਾਂ ਵਾਹਿਗੁਰੂ ਵਾਹਿਗੁਰੂ ਕਰਦੀਆਂ ਗੋਦੀ ਵਿਚ ਲਿਟਾ ਕੇ ਪਲੋਸ ਰਹੀਆਂ ਸਨ । ਕਈ ਨਾਢੂ ਖਾਂ ਕਹਿਲਾਣ ਵਾਲੇ ਜਵਾਨ ਵੀ ਰੋਣਹਾਕੇ ਹੋਏ ਹੋਏ ਸਨ । ਚੰਗਾ ਹਨੇਰਾ ਹੋਣ ਤਕ ਲੜਾਈ ਚਲਦੀ ਰਹੀ ਜਿਸ ਵਿਚ ਹਮਲਾਵਰਾਂ ਦੇ ਕਾਫ਼ੀ ਬੰਦੇ ਮਾਰੇ ਗਏ ।ਸਾਡੇ ਵੀ ਕੁਝ ਪਿੰਡ ਵਾਸੀ ਲੜਦਿਆਂ ਸ਼ਹੀਦ ਹੋਏ ।

ਬਰਫ਼ ਪੈਣ ਅਤੇ ਆਪਣਾ ਕਾਫ਼ੀ ਜਾਨੀ ਨੁਕਸਾਨ ਹੋਣ ਤੇ ਹਮਲਾਵਰਾਂ ਨੇ ਘੇਰਾ ਚੁੱਕ ਲਿਆ ਤਾਂ ਪਠਾਣ ਸਿਪਾਹੀਆਂ ਨੇ ਸਾਨੂੰ ਚੁਪਚਾਪ ਉਥੋਂ ਨਿਕਲਣ ਲਈ ਕਿਹਾ । ਉਨ੍ਹਾਂ ਕਿਹਾ ਕਿ ਜਿਹੜਾ ਬੋਲੇਗਾ ਅਸੀਂ ਆਪ ਉਸਨੂੰ ਗੋਲੀ ਮਾਰ ਦਿਆਂਗੇ ।ਕੁਝ ਬੰਦੇ ਸਿਰਾਂ ਤੇ ਸਾਮਾਨ ਚੁੱਕ ਕੇ ਵੀ ਤੁਰੇ ਪਰ ਬਹੁਤੇ ਕੇਵਲ ਪਾਏ ਹੋਏ ਕਪੜਿਆਂ ਨਾਲ ਹੀ ਨਿਕਲੇ । ਜਨਵਰੀ ਦਾ ਮਹੀਨਾ ਸੀ ਤੇ ਬਾਹਰ ਬਰਫ਼ ਪੈ ਰਹੀ ਸੀ । ਸਾਡੀਆ ਮਾਂਵਾਂ ਨੇ ਸਾਨੂੰ ਠੰਡ ਤੋਂ ਬਚਾਉਣ ਲਈ ਦੋ ਤਿੰਨ ਕਮੀਜ਼ਾਂ ਪਵਾ ਦਿੱਤੀਆਂ ਸਨ। ਚੁਪ ਚਾਪ ਇਹ ਕਾਫ਼ਲਾ ਹੇਠਾਂ ਪਹਾੜੀ ਰਾਹ ਤੇ ਨਿਕਲ ਤੁਰਿਆ । ਪਿੰਡ ਦੇ ਹੇਠਲੇ ਘਰਾਂ ਨੂੰ ਹਮਲਾਵਰਾਂ ਨੇ ਅੱਗ ਲਾ ਦਿੱਤੀ ਸੀ ।

ਇਨ੍ਹਾਂ ਘਰਾਂ ਵਿਚ ਮੱਕੀ ਦੇ ਦਾਨਿਆ ਦੇ ਭੁੱਜਣ ਦੀਆਂ ਆਵਾਜ਼ਾਂ ਆ ਰਹੀਆਂ ਸਨ ।ਹਰ ਇਕ ਨੂੰ ਆਪਣੀ ਆਪਣੀ ਪਈ ਹੋਈ ਸੀ ।ਕਿਸੇ ਨੂੰ ਘਰ ਦੇ ਜੀਆਂ ਦੀ ਵੀ ਬਹੁਤੀ ਸੁਰਤ ਨਹੀਂ ਸੀ ।ਕਈ ਬਜ਼ੁਰਗ ਸ਼ਾਇਦ ਪਿੱਛੇ ਵੀ ਰਹਿ ਗਏ ਸਨ।ਜਦੋਂ ਹੇਠਾਂ ਜਾਂਦੀ ਢਲਾਨ ਤੇ ਤੁਰਦਿਆਂ ਅਸੀਂ ਨਦੀ ਪਾਰ ਪਹਾੜ ਦੇ ਦੂਜੇ ਪਾਸੇ ਵਲ ਚੜ੍ਹਦੇ ਜਾ ਰਹੇ ਸਾਂ ਤਾਂ ਸਵੇਰ ਦੀ ਲੋਅ ਹੋਣ ਲਗ ਪਈ ਸੀ । ਸਾਹਮਣੇ ਮੁਸਲਮਾਨਾਂ ਦਾ ਇਕ ਪਿੰਡ ਸੀ ਜਿੱਥੋਂ ਅਸੀਂ ਆਪਣੇ ਪਿੰਡ ਦੇ ਸੜ ਰਹੇ ਘਰਾਂ ਦਾ ਦ੍ਰਿਸ਼ ਵੇਖ ਰਹੇ ਸਾਂ । ਘਰ ਲੁੱਟਣ ਲਈ ਦਰਵਾਜ਼ੇ ਭੰਨੇ ਜਾ ਰਹੇ ਸਨ । ਸਾਹਮਣੇ ਪਿੰਡ ਚੋਂ ਲੰਘਦਿਆਂ ਸਾਡੀ ਮਾਂ ਸਾਨੂੰ ਆਪਣੀ ਜੇਬ ਵਿਚ ਪਾਕੇ ਲਿਆਂਦੀ ਮੱਕੀ ਦੀ ਰੋਟੀ ਖਾਣ ਨੂੰ ਦੇ ਰਹੀ ਸੀ ਜੋ ਭੁਰ ਕੇ ਨਿਰਾ ਆਟਾ ਬਣ ਗਈ ਸੀ ।

ਪਿੰਡ ਦੀਆਂ ਮੁਸਲਮਾਨ ਔਰਤਾਂ ਦੀਆਂ ਅੱਖਾਂ ਸਾਡੀ ਬਦਹਾਲੀ ਵੇਖ ਵੇਖ ਕੇ ਗਿਲੀਆਂ ਹੁੰਦੀਆ ਮੈਂ ਵੇਖ ਰਿਹਾ ਸਾਂ ।ਓਹਨਾਂ ਦੇ ਨਾਰੀ ਹਿਰਦੇ ਵਿਚ ਅਜੇ ਵੀ ਇਨਸਾਨੀਅਤ ਦਾ ਕੁਝ ਅੰਸ਼ ਬਚਿਆ ਹੋਇਆ ਸੀ । ਕਾਫ਼ਲੇ ਵਿਚ ਸਾਮਾਨ ਤੇ ਬਕਸੇ ਚੁੱਕੀ ਜਾਂਦਿਆਂ ਪਾਸੋਂ ਕੋਲੋਂ ਲੰਘਦੇ ਮੁਸਲਮਾਨ ਧੱਕਾ ਮਾਰਕੇ ਖੋਹ ਰਹੇ ਸਨ । ਅਸੀਂ ਸਾਰੇ ਬੇਬਸ ਆਪਣੀ ਆਪਣੀ ਜਾਨ ਦੀ ਖ਼ੈਰ ਮੰਗ ਰਹੇ ਸਾਂ ।ਮੁਸਲਮਾਨ ਸਿਪਾਹੀ ਸਾਡੇ ਇਸ ਛੋਟੇ ਜਹੇ ਕਾਫ਼ਲੇ ਦੀ ਆਪਣੀਆਂ ਬੰਦੂਕਾਂ ਨਾਲ ਰਾਖੀ ਕਰਦੇ ਜਾ ਰਹੇ ਸਨ ।ਮੇਰੀ ਬੇਬੇ ਨੇ ਮਗਰੋਂ ਦੱਸਿਆ ਕਿ ਰਸਤੇ ਦੇ ਇਕ ਪਿੰਡ ਵਾਲਿਆਂ ਇਨ੍ਹਾਂ ਸਿਪਾਹੀਆਂ ਨੂੰ ਫ਼ੁਸਲਾਉਣ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਸਾਰੀਆਂ ਔਰਤਾਂ ਨੂੰ ਪਿੱਛੇ ਕਰਕੇ ਤੁਰਨ ਤੇ ਮਰਦਾਂ ਨੂੰ ਅੱਗੇ ਲਾਉਣ ਲਈ ਕਿਹਾ ਤਾਂ ਜੋ ਉਹ ਮਰਦਾਂ ਨੂੰ ਮਾਰ ਦੇਣ ਤੇ ਔਰਤਾਂ ਸੰਭਾਲ ਲੈਣ । ਇਹ ਉਨ੍ਹਾਂ ਦੀ ਵਾਰਤਾਲਾਪ ਪਠਾਣਾ ਦੀ ਬੋਲੀ ਪਸ਼ਤੋ ਵਿਚ ਹੋ ਰਹੀ ਸੀ ਜੋ ਮੇਰੀ ਬੇਬੇ ਨੇ ਸੁਣ ਲਈ ।ਭਾਪਾ ਜੀ ਨਾਲ ਉਨ੍ਹਾਂ ਦੀ ਨੌਕਰੀ ਦੋਹਰਾਨ ਮੁਸਲਮਾਨ ਔਰਤਾਂ ਨਾਲ ਉਠਦਿਆਂ ਬੈਠਿਦਿਆਂ ਉਹ ਪਸ਼ਤੋ ਸਮਝ ਲੈਂਦੇ ਸਨ ।ਬੇਬੇ ਨੇ ਪਠਾਣ ਸਿਪਾਹੀਆਂ ਨੂੰ ਕਿਹਾ ਜੇਕਰ ਤੁਸੀਂ ਸਾਨੂੰ ਇਥੇ ਰਾਹ ਵਿਚਕਾਰ ਲਿਆਕੇ ਮਰਵਾਉਣਾ ਸੀ ਤਾਂ ਪਿੰਡੋਂ ਕੱਢਕੇ ਕਿਉਂ ਲਿਆਏ ਹੋ ? ਸਾਡੇ ਨਾਲ ਦਗਾ ਕਰਕੇ ਤੁਸੀਂ ਆਪਣੇ ਅਲਾਹ ਤਾਅਲਾ ਨੂੰ ਕੀ ਮੂੰਹ ਦਿਖਾਉਗੇ । ਇਹ ਸੁਣਕੇ ਉਨ੍ਹਾਂ ਪਿੰਡ ਵਾਲਿਆਂ ਦੀ ਗਲ ਅਣਸੁਣੀ ਕਰ ਦਿੱਤੀ । ਇਸਤਰ੍ਹਾਂ ਬਚਦੇ ਬਚਾਂਦੇ ਅਸੀਂ ਰੇਲਵੇ ਸਟੇਸ਼ਨ ਦੇ ਸ਼ਹਿਰ ਹਵੇਲੀਆਂ ਪੁੱਜ ਗਏ ।ਉਨ੍ਹਾਂ ਮੁਸਲਮਾਨ ਪਠਾਣ ਸਿਪਾਹੀਆਂ ਦਾ ਸ਼ੁਕਰਾਨਾ ਅਸੀਂ ਕਿਸੇ ਵੀ ਵਿਧੀ ਨਾਲ ਨਹੀ ਕਰ ਸਕਦੇ ਜਿਨ੍ਹਾ ਉਸ ਮੌਤ ਦੀ ਭਖਦੀ ਵਾਦੀ ਵਿਚੋਂ ਸਾਨੂੰ ਕੱਢਕੇ ਲਿਆਂਦਾਂ ਸੀ ।

ਪਰਮਾਤਮਾਂ ਨੇ ਸਾਡੇ ਸਰੀਰ ਵਿਚ ਕੁਝ ਤਾਕਤ ਰਾਖਵੀਂ ਰੱਖੀ ਹੁੰਦੀ ਹੈ ਜੋ ਸੰਕਟ ਕਾਲ ਵਿਚ ਪ੍ਰਗਟ ਹੋ ਜਾਂਦੀ ਹੈ । ਰਾਤ ਦੇ ਹਨੇਰੇ ਵਿਚ ਉਸ ਬਰਫ਼ਾਨੀ ਪਹਾੜੀ ਰਾਹ ਤੇ ਪੰਜ ਛੇ ਸਾਲ ਦੀ ਉਮਰ ਵਿਚ ਮੈਂ ਕਿਵੇਂ ਤੁਰਿਆ ਸਾਂ? ਰਾਹ ਵਿਚ ਮੇਰੀ ਜੁੱਤੀ ਵੀ ਕਿਤੇ ਉਤਰ ਗਈ ਸੀ ਤੇ ਪਾਈਆਂ ਮੋਟੀਆ ਊਨੀ ਜਰਾਬਾਂ ਦਾ ਹੇਠਲਾ ਪੈਰ ਦੀ ਤਲੀ ਵਾਲਾ ਪਾਸਾ ਘੱਸ ਘੱਸ ਕੇ ਫ਼ਟ ਗਿਆ ਸੀ । ਪਰ ਫ਼ਿਰ ਵੀ ਵਾਹਿਗੁਰੂ ਨੇ ਤੁਰਦੇ ਰਹਿਣ ਦੀ ਸ਼ਕਤੀ ਬਖ਼ਸ਼ ਦਿੱਤੀ ਸੀ । ਹਵੇਲੀਆਂ ਸਟੇਸ਼ਨ ਤੇ ਹੋਰ ਪਿੰਡਾਂ ਦੇ ਸਾਡੇ ਰਿਸ਼ਤੇਦਾਰ ਵੀ ਪੁੱਜੇ ਹੋਏ ਸਨ । ਮੁਹਾੜੀ ਤੋਂ ਸਾਡੇ ਭੂਆ ਜੀ ਤੇ ਉਨ੍ਹਾਂ ਦਾ ਪ੍ਰਵਾਰ ਵੀ ਉੱਥੇ ਮਿਲ ਗਿਆ । ਪਰੰਤੂ ਸਾਡੀ ਦਾਦੀ ਮਾਤਾ ਸੁੰਦਰੀ ਪਿਛੇ ਰਾਹ ਵਿਚ ਰਹਿ ਗਈ ਸੀ । ਚੰਗੇ ਸੰਜੋਗਾਂ ਨਾਲ ਉਹ ਵੀ ਗੱਡੀ ਤੁਰਨ ਤੋਂ ਪਹਿਲਾਂ ਡਾਹਢੀ ਥਕੀ ਤੇ ਹੱਫ਼ੀ ਹੋਈ ਆ ਪੁੱਜੀ । ਉਸ ਵੇਲੇ ਉਹ ਨੀਮ ਬੇਹੋਸ਼ੀ ਜਹੀ ਦੀ ਹਾਲਤ ਵਿਚ ਸੀ । ਮੇਰੇ ਭੂਆਂ ਜੀ ਦੇ ਬੇਟੇ ਸ੍ਰ: ਸੰਤ ਸਿੰਘ ਨੇ ਉਸਨੂੰ ਸਹਾਰਾ ਦਿੱਤਾ । ਪਾਣੀ ਪਿਲਾਇਆ ਤਾਂ ਉਸਦਾ ਹੋਸ਼ ਪਰਤਿਆ । ਉਸਨੇ ਦੱਸਿਆ ਕਿ ਦਹਿਸ਼ਤ ਦੇ ਉਸ ਮਾਹੋਲ ਵਿਚ ਵੀ ਕੁਝ ਨੇਕ ਦਿਲ ਮੁਸਲਮਾਨਾਂ ਨੇ ਰਾਹ ਵਿਚ ਉਸਦੀ ਰੱਖਿਆ ਕੀਤੀ ਅਤੇ ਸਟੇਸ਼ਨ ਤਕ ਪੁੱਜਣ ਵਿਚ ਸਹਾਇਤਾ ਕੀਤੀ ।ਮਗਰੋਂ ਗੱਡੀ ਦੇ ਸਫ਼ਰ ਵਿਚ ਵੀ ਬਾਹਰ ਬੰਦੂਕਾਂ ਚੱਲਣ ਦੀਆ ਆਵਾਜ਼ਾਂ ਆ ਰਹੀਆਂ ਸਨ ।

* * * * * *

## ਬਦਲਦੇ ਠਿਕਾਣੇ

ਉਸ ਤੋਂ ਮਗਰੋਂ ਮੈਨੂੰ ਕੁਝ ਸਮਾ ਰਾਵਲਪਿੰਡੀ ਤੇ ਗੁਰਦੁਆਰਾ ਪੰਜਾ ਸਾਹਿਬ ਠਹਿਰਨ ਦਾ ਚੇਤਾ ਹੈ । ਗੁਰਦੁਆਰਾ ਪੰਜਾ ਸਾਹਿਬ ਉਜੜ ਕੇ ਆ ਰਹੇ ਲੋਕਾਂ ਦਾ ਕੈਂਪ ਲੱਗਾ ਸੀ । ਓਥੇ ਬਹੁਤੇ ਸਾਰੇ ਲੋਕਾਂ ਦਾ ਇਕੱਠ ਸੀ ।ਮੇਰੇ ਭਾਪਾ ਜੀ ਜੋ ਸਾਡੇ ਪਿੰਡੋਂ ਦੂਸਰੇ ਪਿੰਡ ਨੂੰ ਬਚਾਉਣ ਚਲੇ ਗਏ ਸਨ ਬਾਅਦ ਵਿਚ ਇੱਥੇ ਹੀ ਆਕੇ ਸਾਨੂੰ ਮਿਲੇ ਸਨ । ਗੁਰਦੁਆਰਾ ਸਾਹਿਬ ਵਿਚ ਸਵੇਰੇ ਸ਼ਾਮ ਸਤਿਸੰਗ ਹੁੰਦਾ ਸੀ । ਲੰਗਰ ਚਲਦਾ ਸੀ ਜਿਸ ਵਿਚ ਵਰਤਾਈ ਜਾਂਦੀ ਮਸਰੀ ਦੀ ਦਾਲ ਤੇ ਅੰਬ ਦੇ ਆਚਾਰ ਦਾ ਸਵਾਦ ਹੁਣ ਤਕ ਮੈਨੂੰ ਯਾਦ ਹੈ । ਪੰਜੇ ਵਾਲੇ ਸਰੋਵਰ ਦੇ ਕੰਢੇ ਇਕ ਥੜੇ ਤੇ ਅਸੀਂ ਅਕਸਰ ਬੈਠੇ ਰਹਿੰਦੇ ਸਾਂ । ਸ਼ਾਮ ਨੂੰ ਦੀਵਾਨ ਦੀ ਸਮਾਪਤੀ ਤੋਂ ਮਗਰੋਂ ਸੰਗਤ ਗੁਰਦੁਆਰਾ ਸਾਹਿਬ ਦੇ ਦੁਆਲੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦਿਆਂ ਪਰਕਰਮਾਂ ਕਰਦੀ ਸੀ ।ਬੱਚੇ ਸਰਾਂ ਦੀਆਂ ਹੇਠਲੀਆਂ ਪਉੜੀਆਂ ਸਾਹਮਣੇ ਫ਼ਰਸ਼ ਤੇ ਲਾਟੂ ਚਲਾਉਂਦੇ ਰਹਿੰਦੇ ।

ਸਰਾਂ ਦੀ ਉਪਰਲੀ ਛੱਤ ਤੋਂ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਇਕ ਮਸੀਤ ਸੀ ।ਇਕ ਵਾਰੀ ਜੁੰਮੇ ਦੀ ਨਮਾਜ਼ ਪੜ੍ਹਨ ਲਈ ਬਹੁਤ ਸਾਰੇ ਮੁਸਲਮਾਨ ਉੱਥੇ ਇਕੱਠੇ ਹੋ ਗਏ ਸਨ । ਗੁਰਦੁਆਰਾ ਸਾਹਿਬ ਵਿਚ ਰਹਿ ਰਹੇ ਬੰਦਿਆਂ ਦੇ ਮਨ ਵਿਚ ਸ਼ੰਕਾ ਹੋਈ ਕਿ ਇਹ ਕਿਧਰੇ ਸਾਡੇ ਤੇ ਹਮਲਾ ਹੀ ਨਾ ਕਰ ਦੇਣ ।ਕਈ ਸੱਜਣ ਬੰਦੂਕਾਂ ਲੈਕੇ ਉਪਰਲੀ ਛੱਤ ਤੇ ਚੜ੍ਹ ਗਏ ।ਪਰੰਤੂ ਨਿਮਾਜ਼ ਪੜ੍ਹ ਕੇ ਮੁਸਲਮਾਨਾਂ ਦਾ ਇਕੱਠ ਵਾਪਸ ਚਲਾ ਗਿਆ । ਓਦੋਂ ਅਜੇ ਹੇਠਲੇ ਇਲਾਕਿਆਂ ਵਿਚ ਕਤਲੋ-ਗਾਰਤ ਸ਼ੁਰੂ ਨਹੀ ਸੀ ਹੋਈ ।ਅਸੀਂ ਗੁਰਦੁਆਰਾ ਸਾਹਿਬ ਤੋਂ ਬਾਹਰ ਨਹੀ ਸਾਂ ਨਿਕਲਦੇ ।

ਉਸ ਤੋਂ ਮਗਰੋਂ ਰੇਲ ਗੱਡੀ ਦੁਆਰਾ ਮੈਨੂੰ ਭਾਰਤ ਵਿਚ ਦਾਖਲ ਹੋਣ ਦਾ ਚੇਤਾ ਆਉਂਦਾ ਹੈ ।ਗਡੀ ਦੇ ਅੰਮ੍ਰਿਤਸਰ ਪੁੱਜਣ ਤੇ ਉਜੜ ਕੇ ਆਈਆਂ ਸਵਾਰੀਆਂ ਵਿਚ ਖੁਸ਼ੀ ਭਰੀ ਸੁਰੱਖਿਆ ਦੀ ਲਹਿਰ ਦੌੜ ਗਈ ਸੀ ।ਸਾਡੇ ਉਜੜ ਕੇ ਆਏ ਬੰਦਿਆਂ ਨੂੰ ਪਤਾ ਲਗਾ ਕਿ ਮਹਾਰਾਜਾ ਪਟਿਆਲਾ ਨੇ ਪਟਿਆਲੇ ਰਿਫ਼ਊਜੀਆਂ ਲਈ ਕੈਂਪ ਲਾਇਆ ਹੈ । ਸੋ ਅਸੀਂ ਉਸ ਕੈਂਪ ਵਿਚ ਪਹੁੰਚ ਗਏ ।ਪਟਿਆਲੇ ਡੇਰਾ ਬਾਬਾ ਜੱਸਾ ਸਿੰਘ ਵਿਚ ਕੈਂਪ ਲੱਗਿਆ ਹੋਇਆ ਸੀ ਜਿੱਥੇ ਸਾਨੂੰ ਠਹਿਰਨ

ਲਈ ਇਕ ਤੰਬੂ ਅਲਾਟ ਕੀਤਾ ਗਿਆ ਸੀ । ਅਸੀਂ ਕੁਝ ਨਿਕਟਵਰਤੀ ਰਿਸ਼ਤੇ ਦੇ ਪ੍ਰਵਾਰਾਂ ਨਾਲ ਉਸ ਵਿਚ ਟਿੱਕ ਗਏ ।ਇਥੇ ਡੇਰੇ ਦੇ ਮੁਖੀ ਸੰਤ ਬਾਬਾ ਗੁਰਚਰਨ ਸਿੰਘ ਜੀ ਸਨ । ਉਨ੍ਹਾਂ ਦਾ ਕੈਂਪ ਵਾਸੀਆਂ ਨਾਲ ਬੜਾ ਹਮਦਰਦੀ ਵਾਲਾ ਵਤੀਰਾ ਸੀ । ਡੇਰੇ ਦੇ ਗੁਰਦੁਆਰੇ ਦੇ ਸਤਿਸੰਗ ਦੇ ਵੀ ਉਹ ਮੁਹਰੀ ਸਨ । ਸਵੇਰੇ ਸ਼ਾਮ ਸਤਿਸੰਗ ਹੁੰਦਾ । ਇਥੇ ਮੈਨੂੰ ਆਪਣੀ ਭੂਆ ਜੀ ਦੀ ਇਕ ਲੜਕੀ ਦੇ ਆਨੰਦ ਕਾਰਜ ਹੋਣ ਦਾ ਚੇਤਾ ਹੈ ।ਲੰਗਰ ਵਿਚ ਸਵੇਰੇ ਚਾਹ ਮਿਲਦੀ ਤੇ ਦੁਪਹਿਰ ਸ਼ਾਮ ਦੋਵੇਂ ਸਮੇਂ ਦਾਲ ਪ੍ਰਸ਼ਾਦੇ ਵਰਤਾਏ ਜਾਂਦੇ । ਅਸੀਂ ਲੰਗਰ ਵਿਚ ਬੈਠੇ ਵਰਤਾਉਣ ਵਾਲਿਆਂ ਦੀਆਂ ਨਜ਼ਰਾਂ ਬਚਾ ਕੇ ਕੁਝ ਪ੍ਰਸ਼ਾਦੇ ਸਵੇਰੇ ਚਾਹ ਨਾਲ ਖਾਣ ਲਈ ਛੁਪਾ ਲੈਂਦੇ ਸਾਂ। ਲੰਗਰ ਦੀਆਂ ਕੜ੍ਹਾਹੀਆਂ ਵਿਚ ਪੂੜੀਆਂ ਵੀ ਤੱਲੀਆ ਜਾਂਦੀਆ ਸਨ ।ਇਹ ਸ਼ਾਇਦ ਕਿਨ੍ਹਾ ਵੀ.ਆਈ. ਪੀ ਬੰਦਿਆਂ ਲਈ ਬਣਦੀਆਂ ਹੋਣਗੀਆਂ । ਸਾਡਾ ਵੀ ਇਹ ਪੂੜੀਆਂ ਖਾਣ ਨੂੰ ਦਿਲ ਕਰਦਾ ਪਰ ਸਾਨੂੰ ਜੋ ਦਾਲ ਰੋਟੀ ਮਿਲਦੀ ਸੀ ਇਹ ਵੀ ਦਾਤੇ ਦੀ ਬੜੀ ਬਖ਼ਸ਼ਿਸ਼ ਸੀ । ਕਦੇ ਕਦੇ ਅਸੀਂ ਆਪਣੇ ਵੱਡਿਆਂ ਨਾਲ ਸ਼ਹਿਰ ਵੀ ਚਲੇ ਜਾਂਦੇ । ਨਾਲ ਦੇ ਮੋਤੀਬਾਗ ਵਿਚ ਜਾਣ ਦਾ ਮੈਨੂੰ ਚੇਤਾ ਹੈ ਜਿੱਥੇ ਇਕ ਗੱਡੀ ਦਾ ਡੱਬਾ ਪਿਆ ਸੀ ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਮਹਾਰਾਜਾ ਪਟਿਆਲਾ ਦੇ ਕਿਸੇ ਪੂਰਵਜ ਰਾਜੇ ਨੇ ਰਾਜਪੁਰੇ ਤੋਂ ਪਟਿਆਲੇ ਤਕ ਰੇਲ ਗੱਡੀ ਨਾਲ ਆਪਣੀ ਘੋੜ-ਦੌੜ ਦੀ ਸ਼ਰਤ ਵਿਚ ਜਿੱਤਿਆ ਸੀ ।

ਪਟਿਆਲਾ ਸ਼ਹਿਰ ਵਿਚ ਉਸ ਸਮੇ ਸ਼ਾਇਦ ਮੁਸਲਮਾਨ ਵੱਸੋਂ ਉਪਰ ਸਥਾਨਕ ਲੋਕਾਂ ਦਾ ਕਹਿਰ ਟੁੱਟਿਆ ਹੋਇਆ ਸੀ ।ਕੈਂਪ ਦੀ ਨਾਲ ਵਾਲੀ ਸੜਕ ਤੋਂ ਲਾਸ਼ਾ ਨਾਲ ਭਰੇ ਟਰੱਕ ਅਕਸਰ ਲੰਘਦੇ ਸਨ ।ਇਕ ਕੈਂਪ ਵਿਚ ਰਹਿੰਦੇ ਬੰਦੇ ਨੂੰ ਲੱਤ ਵਿਚ ਗੋਲੀ ਲੱਗਣ ਦਾ ਦ੍ਰਿਸ਼ ਵੀ ਮੈਨੂੰ ਯਾਦ ਹੈ ਜੋ ਦਰਦ ਨਾਲ ਜ਼ਾਰੋਜ਼ਾਰ ਹਾਲ ਦੁਹਾਈ ਪਾ ਰਿਹਾ ਸੀ ਤੇ ਉਸਦੇ ਘਰ ਵਾਲੇ ਉਸਨੂੰ ਧੀਰਜ ਰੱਖਣ ਲਈ ਪਲੋਸ ਰਹੇ ਸਨ । ਪਤਾ ਨਹੀ ਉਹ ਬੱਚਿਆ ਹੋਵੇਗਾ ਜਾਂ ਨਹੀਂ । ਇਥੇ ਸਾਡੀ ਬੇਜੀ ਨੇ ਮੇਰੇ ਦੂਜੇ ਭਰਾ ਨੂੰ ਜਨਮ ਦਿੱਤਾ

ਜਿਸਨੇ ਜਨਮ ਸਾਰ ਹੀ ਇਸ ਤਸ਼ਦੱਦ ਭਰੀ ਦੁਨੀਆਂ ਤੋਂ ਵਾਪਿਸ ਜਾਣ ਦਾ ਫ਼ੈਸਲਾ ਕਰ ਲਿਆ ਸੀ । ਉਸਦੀ ਲੋਥ ਨੂੰ ਘਰ ਦਿਆਂ ਦੁਆਰਾ ਬਾਹਰ ਸੜਕ ਕਿਨਾਰੇ ਇਕ ਟੋਆ ਬਣਾ ਕੇ ਦਫ਼ਨਾ ਦਿੱਤਾ ਗਿਆ ਸੀ । ਉਸ ਸਮੇ ਮੈਨੂੰ ਆਪਣੀ ਅਤਿ ਸਹਿਨਸ਼ੀਲ ਬੇਬੇ ਦੇ ਰੋਣਹਾਕੇ ਚਿਹਰੇ ਤੇ ਵਿਲਕਣੀ ਦੀ ਯਾਦ ਵੀ ਨਹੀਂ ਭੁੱਲੀ ।

ਪਟਿਅਲੇ ਨਾਲ ਉਸ ਸਮੇਂ ਤੋਂ ਸਾਡਾ ਲਗਾਤਾਰ ਸੰਬੰਧ ਬਣਿਆ ਰਿਹਾ ਹੈ । ਮੇਰੇ ਭਾਪਾ ਜੀ ਦੀ ਪੰਜਾਬ ਪੋਲੀਸ ਵਿਚ ਪਟਿਆਲੇ ਪੋਸਟਿੰਗ ਹੋਣ ਤੇ ਕਾਫ਼ੀ ਸਮਾਂ ਉਨ੍ਹਾਂ ਨਾਲ ਉਥੇ ਰਹਿਣ ਦਾ ਸਾਨੂੰ ਅਵਸਰ ਮਿਲਦਾ ਰਿਹਾ ।ਪੰਜਾਬੀ ਯੂਨੀਵਰਸਿਟੀ ਨੇ ਆਪਣਾ ਆਰੰਭਕ ਦਫ਼ਤਰ ਬਾਰਾਂ ਦਰੀ ਵਿਚ ਖੋਲ੍ਹਿਆ ਸੀ ਜਿੱਥੇ ਮੈਨੂੰ ਕਲਰਕ ਦੀ ਨੌਕਰੀ ਕਰਨ ਦਾ ਅਵਸਰ ਮਿਲਿਆ ਮਗਰੋਂ ਇਹ ਦਫ਼ਤਰ ਮੌਜੀਦਾ ਰਾਜਪੁਰਾ ਰੋਡ ਤੇ ਨਵੇਂ ਬਣੇ ਕੈਂਪਸ ਵਿਚ ਤਬਦੀਲ ਕੀਤਾ ਗਿਆ । ਡੇਰਾ ਬਾਬਾ ਜੱਸਾ ਸਿੰਘ ਦੇ ਸਥਾਨ ਤੇ ਹੀ ਗੁਰੂ ਨਾਨਕ ਸਹਿਬ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਅਵਸਰ ਤੇ ਸਥਾਪਤ ਗੁਰਮਤਿ ਕਾਲਜ ਦੀ ਪਹਿਲੀ ਕਲਾਸ ਦਾ ਵਿਦਿਆਰਥੀ ਹੋਣ ਦਾ ਵੀ ਅਵਸਰ ਮਿਲਿਆ ।

ਪਟਿਆਲੇ ਤੋਂ ਸਾਡੇ ਇਲਾਕੇ ਦੇ ਨੇੜਲੇ ਪਿੰਡਾਂ ਦੇ ਸ਼ਰਨਾਰਥੀਆਂ ਨੂੰ ਮਹਾਰਾਜਾ ਪਟਿਆਲਾ ਵੱਲੋਂ ਆਪਣੀ ਸਟੇਟ ਵਿਚ ਮਕਾਨ ਤੇ ਜ਼ਮੀਨਾਂ ਅਲਾਟ ਕੀਤੀਆਂ ਗਈਆਂ ਸਨ । ਸਾਨੂੰ ਉਸ ਸਮੇ ਸਾਨੂੰ ਪੈਪਸੂ ਦੀ ਕਲਸੀਆ ਰਿਆਸਤ ਵਿਚ ਵਰਤਮਾਨ ਹਰਿਆਣਾ ਦੇ ਪਿੰਡ ਜੈਧਰ ਵਿਚ ਰਹਿਣ ਲਈ ਉਜੜ ਕੇ ਚਲੇ ਗਏ ਮੁਸਲਮਾਨਾ ਦੇ ਖਾਲੀ ਘਰ ਅਲਾਟ ਕੀਤੇ ਗਏ ।ਇਹ ਪਿੰਡ ਤਾਜੇਵਾਲਾ ਦੇ ਰਾਹ ਵਿਚ ਪੱਛਮੀ ਜਮਨਾ ਨਹਿਰ ਦੇ ਕਿਨਾਰੇ ਦਾਦੂਪੁਰ ਕੋਲ ਵੱਸਿਆ ਹੋਇਆ ਹੈ ।ਦਾਦੂਪੁਰ ਬੜੀ ਰਮਣੀਕ ਥਾਂ ਹੈ ਜਿੱਥੇ ਪੱਛਮੀ ਜਮਨਾ ਵਿਚ ਇਕ ਹੋਰ ਨਹਿਰ ਆਕੇ ਮਿਲਦੀ ਹੈ । ਇਥੇ ਨਹਿਰ ਦਾ ਪਾਣੀ ਕੰਟਰੋਲ ਕਰਨ ਲਈ ਬੰਦੀ-ਗੇਟ ਵੀ ਲੱਗੇ ਹੋਏ ਹਨ ।ਇਨ੍ਹਾਂ ਗੇਟਾਂ ਵਿਚੋਂ ਨਿਕਲਕੇ ਇਸ ਨਹਿਰ ਦਾ ਪਾਣੀ ਪੱਛਮੀ ਜਮਨਾ ਨਹਿਰ ਵਿਚ ਵਹਿੰਦੇ ਇਕ ਝਾਲ ਤੋਂ ਹੇਠਾਂ ਡਿਗਦਾ ਹੈ ।ਝਾਲ ਤੋਂ ਇਸ ਤਿਲਕਦੇ ਪਾਣੀ ਦਾ ਦ੍ਰਿਸ਼ ਬੜਾ ਸੁੰਦਰ ਪ੍ਰਤੀਤ ਹੁੰਦਾ ਹੈ ।

* * * *  * * *

## ਜਹਾਂ ਦਾਣੇ ਤਹਾਂ ਖਾਣੇ

ਜੈਧਰ ਪਿੰਡ ਵਿਚ ਇਕ ਮਿਟੀ ਦਾ ਕੱਚਾ ਘਰ ਸਾਨੂੰ ਮਿਲਿਆ । ਇਸ ਪਿੰਡ ਵਿਚ ਕੁਝ ਨੂੰ ਛਡਕੇ ਸਾਰੇ ਹੀ ਮਕਾਨ ਮਿੱਟੀ ਦੇ ਬਣੇ ਹੋਏ ਸਨ । ਸਾਡੇ ਨਾਲ ਆਏ ਸਭ ਪ੍ਰਵਾਰਾਂ ਨੇ ਇਕ ਇਕ ਘਰ ਸੰਭਾਲ ਲਿਆ । ਭੂਆ ਜੀ ਦਾ ਪ੍ਰਵਾਰ ਵੀ ਇੱਥੇ ਆ ਵੱਸਿਆ ਸੀ । ਪਹਿਲਾਂ ਪਹਿਲ ਕੁਝ ਮਹੀਨਿਆਂ ਲਈ ਸਾਨੂੰ ਰਾਸ਼ਨ ਵੀ ਮਹਾਰਾਜਾ ਪਟਿਆਲਾ ਵੱਲੋਂ ਦਿੱਤਾ ਜਾਂਦਾ ਰਿਹਾ ।ਉਨ੍ਹਾ ਦੇ ਮੁਲਾਜ਼ਮ ਘਰੋ ਘਰੀ ਰਾਸ਼ਨ ਵੰਡ ਕੇ ਜਾਂਦੇ ਸਨ । ਜਦੋਂ ਪਹਿਲਾਂ ਪਹਿਲ ਅਸੀਂ ਇਨ੍ਹਾਂ ਮਕਾਨਾ ਵਿਚ ਗਏ ਤਾਂ ਉਥੇ ਸਬਜ਼ੀ ਦੀਆਂ ਵੇਲਾਂ ਲਗੀਆਂ ਹੋਈਆ ਸਨ । ਓਨ੍ਹਾਂ ਵਿਚ ਬਹੁਤੀਆਂ ਘੀਆਂ ਕੱਦੂ ਦੀਆ ਸਨ ਜਿਸਦੀ ਸਬਜ਼ੀ ਬਣਾ ਕੇ ਅਸੀਂ ਖਾਂਦੇ ਰਹੇ ।ਘਰਾਂ ਵਿਚ ਕਾਨਿਆਂ ਤੇ ਘਾਹ ਦੀਆਂ ਛੱਤਾਂ ਵਾਲੇ ਛੱਪਰ ਵੀ ਸਨ । ਬਹੁਤੇ ਛੱਪਰ ਲੋਕਾਂ ਨੇ ਡੰਗਰਾਂ ਲਈ ਬਣਾਏ ਹੋਏ ਸਨ ।ਮੇਰੇ ਭਾਪਾ ਜੀ ਦੀ ਪੁਲਿਸ ਦੀ ਨੌਕਰੀ ਇਸ ਸਮੇਂ ਛਛਰੋਲੀ ਦੀ ਜੇਲ ਵਿਚ ਸੀ । ਉਹ ਰੋਜ਼ ਤੁਰਕੇ ਉਥੇ ਜਾਂਦੇ ਆਉਂਦੇ ਸਨ ਜੋ ਪੰਜ ਕੁ ਕਿਲੋਮੀਟਰ ਦੀ ਵਾਟ ਤੇ ਹੋਵੇਗੀ । ਉਨ੍ਹਾਂ ਘਰ ਦੇ ਨਾਲ ਰਸੋਈ ਦੀ ਉਸਾਰੀ ਆਪ ਹੀ ਕੀਤੀ ਸੀ ।ਪਿੰਡ ਵਿਚ ਬਹੁਤੇ ਗੁੱਜਰ ਹੀ ਰਹਿੰਦੇ ਸਨ ਜੋ ਦੁਧ ਦੇਣ ਵਾਲੇ ਪਸ਼ੂ ਤੇ ਭੇਡਾਂ ਬਕਰੀਆਂ ਪਾਲਦੇ ਸਨ ।ਆਪਣੇ ਤਾਇਆ ਜੀ ਦੇ ਪ੍ਰਵਾਰ ਨਾਲ ਸਾਡੀ ਦਾਦੀ ਜੀ ਸਮੇਤ ਅਸੀਂ ਇਕੋ ਘਰ ਵਿਚ ਰਹਿਣ ਲੱਗੇ ।

ਪਿੰਡ ਦੇ ਨਾਲ ਹੀ ਪੱਛਮੀ ਜਮਨਾ ਨਹਿਰ ਵੱਗਦੀ ਸੀ ਜਿਸਦੇ ਕਿਨਾਰੇ ਅਸੀਂ ਖੇਡਦੇ ਰਹਿੰਦੇ ਸਾਂ । ਨਹਿਰ ਤੋਂ ਪਾਰ ਜਾਣ ਲਈ ਆਰ ਪਾਰ ਇਕ ਲੋਹੇ ਦਾ ਲੰਮਾਂ ਰੱਸਾ ਬੱਧਾ ਹੋਇਆਂ ਸੀ ਜਿਸ ਉਪਰ ਇਕ ਗਰਾਰੀ ਚਲਦੀ ਸੀ ਜਿਸਦੇ ਨਾਲ ਇਕ ਹੁੱਕ ਲਟਕ ਰਹੀ ਸੀ । ਇਸ ਹੁੱਕ ਨੂੰ ਫ਼ੜਕੇ ਲੋਕ ਨਦੀ ਤੋਂ ਆਰ ਪਾਰ ਹੋ ਜਾਂਦੇ ਸਨ ।ਇਥੇ ਹੀ ਇਕ ਹੋਰ ਪਾਣੀ ਦੀ ਝਾਲ ਸੀ ਜਿਸ ਤੋਂ ਡਿਗਦੇ ਪਾਣੀ ਵਿਚ ਤਰਦੀਆਂ ਮੱਛੀਆਂ ਝਾਲ ਤੋਂ ਡਿਗਦੀਆਂ ਫ਼ਿਰ ਪਿਛਲੇ ਪਾਸੇ ਉਪਰ ਵਲ ਛਾਲਾਂ ਮਾਰਦੀਆਂ । ਅਸੀਂ ਇਸ ਦ੍ਰਿਸ਼ ਨੂੰ ਕਿਨਾਰੇ ਤੇ ਬਹਿਕੇ ਮਾਣਦੇ ਰਹਿੰਦੇ ।ਨੇੜੇ ਡਿਸਪੈਂਸਰੀ ਤੇ ਰਾਸ਼ਨ ਦੀ ਦੁਕਾਨ ਦਾਦੂਪੁਰ ਸੀ ਜਿਥੇ ਬਿਮਾਰ ਹੋਣ ਤੇ ਜਾਂ ਸੌਦਾ ਖ਼ਰੀਦਣ ਸਾਡੇ ਘਰ ਦੇ ਵੱਡੇ ਜਾਂਦੇ ਸਨ ।ਇਕ ਵੈਦ ਡਿਸਪੈਂਸਰੀ ਚਲਾਂਦਾ ਸੀ ਜਿਹੜਾ ਪੁੜੀਆਂ ਵਿਚ ਲਪੇਟ ਕੇ ਦੁਆਈ ਦਿੰਦਾ ਸੀ ।ਵਧੇਰੇ ਇਲਾਜ ਤੇ ਘਰ ਦੀ ਵਰਤੋਂ ਦਾ ਸਾਮਾਨ ਖ਼ਰੀਦਣ ਛਛਰੌਲੀ ਜਾਣਾ ਪੈਂਦਾ ਸੀ ਜੋ ਪਹਿਲਾਂ ਸਤਲੁਜ ਪਾਰ ਪੰਜਾਬ ਦੀਆਂ ਰਿਆਸਤਾਂ ਵਿਚੋਂ ਕਲਸੀਆ ਰਿਆਸਤ ਦੀ ਰਾਜਧਾਨੀ ਹੁੰਦੀ ਸੀ ।

ਪਿੰਡ ਦੇ ਆਲੇ ਦਆਲੇ ਅੰਬਾਂ ਦੇ ਬਾਗ ਸਨ। ਜਿੱਥੋਂ ਚੋਰੀ ਛੁਪੇ ਅਸੀਂ ਅੰਬ ਤੋੜ ਲੈਂਦੇ । ਕਈ ਵਾਰੀ ਰਾਖੇ ਸਾਨੂੰ ਪਕੜ ਵੀ ਲੈਂਦੇ ਤੇ ਥੋੜਾ ਡਾਂਟ ਡਪਟ ਕੇ ਛੱਡ ਦਿੰਦੇ ।ਸਾਡੀ ਬਚਿਆਂ ਦੀ ਟੋਲੀ ਦਾ ਸਰਦਾਰ ਮੇਰੇ ਤਾਇਆ ਜੀ ਦਾ ਸਪੁੱਤਰ ਨਰਿੰਦਰ ਸਿੰਘ ਸੀ ।ਆਲੇ ਦੁਆਲੇ ਦੁਆਲੇ ਖੇਤਾਂ ਦੀਆਂ ਵੱਟਾਂ ਤੇ ਉੱਗੇ ਛੋਟੇ ਛੋਟੇ ਖਜੂਰਾਂ ਦੇ ਦਰੱਖਤਾਂ ਨੂੰ ਉਹ ਜੜ੍ਹਾਂ ਸਾਮੇਤ ਵੱਢ ਲੈਂਦਾ ਤੇ ਜੜ੍ਹਾਂ ਵਿਚਲੀ ਸਫ਼ੇਦ ਖੋਪੇ ਵਰਗੀ ਗਿਰੀ ਅਸੀਂ ਕੱਢ ਕੇ ਖਾਂਦੇ ਜੋ ਬੜੀ ਮਿੱਠੀ ਲਗਦੀ।ਆਲੇ ਦੁਆਲੇ ਬੇਰੀਆਂ ਤੇ ਖਜੂਰਾਂ ਦੇ ਦਰੱਖ਼ਤਾ ਤੋਂ ਵੀ ਸਾਨੂੰ ਖਾਣ ਲਈ ਫਲ ਮਿਲ ਜਾਂਦੇ । ਪਿੰਡ ਦੇ ਨਾਲ ਇਕ ਛੱਪੜ ਵੀ ਸੀ ਜਿੱਥੇ ਸਾਡੀਆਂ ਮਾਵਾਂ ਕਪੜੇ ਧੋਣ ਜਾਂਦੀਆਂ ਸਨ ।ਇਕ ਵਾਰੀ ਇਕ ਗਰੀਬਣੀ ਮਾਂ ਦਾ ਪੁੱਤਰ ਨਹਾਉਂਦਿਆਂ ਇਸ ਛੱਪੜ ਵਿਚ ਡੁੱਬ ਕੇ ਮਰ ਗਿਆ। ਉਹ ਵਿਚਾਰੀ ਮੋਏ ਪੁੱਤਰ ਦੀ ਲੋਥ ਨੂੰ ਗੋਦੀ ਵਿਚ ਰਖ ਕੇ ਹਰਿਆਣਵੀ ਬੋਲੀ ਵਿਚ ਵੈਣ ਪਾ ਰਹੀ ਸੀ,''ਰੇ ਲਾਲੂ ਬੇਟਾ ! ਨੂਣ ਪਾਈ ਰੋਟੀ ਪੋਈ , ਕੱਲੀ ਕਿੱਕਰ ਖਾਏਲੂੰ ਰੈ ''ਇਕ ਵਾਰੀ ਪਿੰਡ ਨੂੰ ਅੱਗ ਲਗ ਗਈ ਜੋ ਪਾਣੀ ਪਾ ਪਾ ਕੇ ਲੋਕਾਂ ਨੇ ਆਪ ਬੁਝਾਈ । ਕਈ ਛੱਤਾਂ ਵਾਲੇ ਘਰ ਨਿਰੀਆਂ ਮਿਟੀ ਦੀਆਂ ਦੀਵਾਰਾਂ ਹੀ ਰਹਿ ਗਏ ।ਪਿੰਡ ਵਿਚ ਕੁਝ ਸਰਦਾਰਾਂ ਦੇ ਪੱਕੇ ਘਰ ਵੀ ਸਨ ਜਿਨਾਂ ਵਿਚੋਂ ਸ੍ਰ: ਕੇਹਰ ਸਿੰਘ ਮੇਰੇ ਭਾਪਾ ਜੀ ਦਾ ਮਿੱਤਰ ਬਣ ਗਿਆ । ਮਗਰੋਂ ਕਾਫ਼ੀ ਸਮੇ ਤਕ ਉਸਦਾ ਸਾਡੇ ਪ੍ਰਵਾਰ ਨਾਲ ਸੰਬੰਧ ਬਣਿਆ ਰਿਹਾ ।

ਪਿੰਡ ਵਿਚ ਇਕ ਵੱਡੇ ਸਾਰੇ ਹਾਲ ਕਮਰੇ ਵਿਚ ਸਾਡਾ ਸਕੂਲ ਸੀ । ਇਕੋ ਕਮਰੇ ਵਿਚ ਪ੍ਰਾਈਮਰੀ ਦੀਆਂ ਪੰਜ ਕਲਾਸਾਂ ਚਲਦੀਆਂ ਸਨ ।ਉਦੋਂ ਸਾਡੀਆਂ ਕਿਤਾਬਾਂ ਅਜੇ ਉਰਦੂ ਵਿਚ ਹੁੰਦੀਆਂ ਸਨ । ਦੂਜੀ ਕਲਾਸ ਤਕ ਅਸੀਂ ਉਰਦੂ ਪੜ੍ਹੀ ।ਮਗਰੋਂ ਪਾਠਕ੍ਰਮ ਹਿੰਦੀ ਵਿਚ ਹੋ ਗਿਆ ਜਿਹੜੀ ਅਸੀਂ ਸਿੱਖਣੀ ਸ਼ੁਰੂ ਕੀਤੀ । ਉਥੇ ਦੋ ਤਿੰਨ ਸਾਲਾਂ ਦੇ ਵਿਚ ਸਾਡੇ ਕਈ ਮਾਸਟਰ ਬਦਲਦੇ ਰਹੇ

।ਪਰ ਇਕ ਮਾਸਟਰ ਸ੍ਰੀ ਦਾਤਾ ਰਾਮ ਦੀ ਯਾਦ ਮੇਰੇ ਮਨ ਵਿਚ ਵੱਸੀ ਹੋਈ ਹੈ ।ਮੱਧਰੇ ਕੱਦ ਦਾ ਉਹ ਵਿਅੱਕਤੀ ਸ਼ਾਇਦ ਉਸੇ ਪਿੰਡ ਦਾ ਨਿਵਾਸੀ ਸੀ । ਉਹ ਸਾਨੂੰ ਬੜੇ ਲਾਡ ਪਿਆਰ ਨਾਲ ਸਿਖਾਂਦਾ ਪੜ੍ਹਾਂਦਾ ਸੀ । ਸਾਡੀ ਬੋਲੀ ਦੇ ਆਮ ਬੋਲੇ ਜਾਂਦੇ ਸ਼ਬਦ ਹਰਿਆਣਵੀ ਸੁਰ ਵਿਚ ਬੋਲ ਕੇ ਵੀ ਸਾਡਾ ਮਨੋਰੰਜਨ ਕਰਦਾ । ਮਗਰੋਂ ਕਈ ਸਾਲ ਬਾਅਦ ਉਹ ਇਕ ਦਿਨ ਛਛਰੌਲੀ ਰਹਿੰਦਿਆਂ ਵੀ ਸਾਡੇ ਘਰ ਮਿਲਣ ਆਇਆ ਸੀ ।ਸਕੂਲ ਵਿਚ ਜਦੋਂ ਕੋਈ ਨਵਾਂ ਵਿਦਿਆਰਥੀ ਦਾਖ਼ਲ ਹੁੰਦਾ ਤਾਂ ਉਸਨੂੰ ਦਾਖ਼ਲ ਕਰਵਾਉਣ ਆਏ ਮਾਪੇ ਮਿਠਾਈ ਦਾ ਡੱਬਾ ਵੀ ਲੈਕੈ ਆਉਂਦੇ ਜੋ ਸਾਰੇ ਸਕੂਲ ਦੇ ਵਿਦਿਆਥੀਆਂ ਵਿਚ ਵੰਡੀ ਜਾਂਦੀ । ਸਾਨੂੰ ਉਹ ਮਿਠਾਈ ਖਾਣ ਦੀ ਬੜੀ ਲਾਲਚ ਹੁੰਦੀ ।ਮੈਨੂੰ ਪਹਿਲੀਆਂ ਤਿੰਨ ਕਲਾਸਾਂ ਉੱਥੇ ਪੜ੍ਹਨ ਦੀ ਯਾਦ ਹੈ ।

ਤੰਗੀ ਤੁਰਸ਼ੀ ਵਿਚ ਰਹਿੰਦਿਆਂ ਵੀ ਸਾਡਾ ਰੋਜ਼ਾਨਾ ਗੁਜ਼ਰਾਨ ਬੇਪਰਵਾਹੀ ਵਾਲਾ ਸੀ ।ਪਿੰਡ ਦੀ ਪਹਿਲੀ ਬਣੀ ਮਸੀਤ ਵਿਚ ਅਸਾਂ ਗੁਰਦੁਆਰਾ ਬਣਾ ਲਿਆ । ਲੋਕ ਆਪ ਹੀ ਰਲ ਮਿਲਕੇ ਇਥੇ ਪਾਠ ਤੇ ਢੋਲਕੀ ਛੈਣਿਆਂ ਨਾਲ ਜੋਟੀਆਂ ਦੇ ਸ਼ਬਦ ਗਾਉਂਦੇ ਸਨ । ਸੰਗਰਾਂਦ ਗੁਰਪੁਰਬ ਤੇ ਤਿਉਹਾਰ ਵੀ ਅਸੀਂ ਗੁਰਦੁਆਰਾ ਸਾਹਿਬ ਵਿਚ ਮਨਾਉਂਦੇ । ਗੁਰਪੁਰਬਾਂ ਤੇ ਅਸੀਂ ਗਿਆਨੀ ਸੋਹਣ ਸਿੰਘ ਸੀਤਲ ਜੀ ਦੀਆਂ ਵਾਂਰਾਂ ਤੇ ਸਾਕੇ ਸੁਣਦੇ ਸੁਣਾਉਂਦੇ ।ਦੀਵਾਲੀ ਦੇ ਅਵਸਰ ਤੇ ਪਟਾਕੇ ਚਲਾਉਣ ਤੇ ਲੋਹੜੀ ਤੇ ਘਰ ਘਰ ਲੋਹੜੀ ਮੰਗਣ ਦਾ ਬੜਾ ਚਾਅ ਤੇ ਉਤਸ਼ਾਹ ਹੁੰਦਾ । ਹੋਲੀ ਤੇ ਰੰਗ ਪਾਉਣ ਤੇ ਖਰੂਦ ਮਚਾਉਣ ਦੀਆਂ ਯਾਦਾਂ ਵੀ ਮਨ ਅੰਤਰ ਵਿਚ ਵੱਸੀਆਂ ਹੋਈਆਂ ਹਨ । ਕਦੇ ਕਦੇ ਨੇੜਲੇ ਕਸਬੇ ਛਛਰੌਲੀ ਜਾਣ ਦਾ ਅਵਸਰ ਵੀ ਮਿਲਦਾ ।ਇਹ ਕਸਬਾ ਪੰਜ ਕੁ ਕਿਲੋਮੀਟਰ ਦੂਰ ਸੀ ਜਿਥੇ ਅਸੀਂ ਪੈਦਲ ਤੁਰਕੇ ਹੀ ਜਾਂਦੇ ਸਾਂ । ਉਥੇ ਵੀ ਸਾਡੀ ਬਰਾਦਰੀ ਦੇ ਕੁਝ ਪ੍ਰਵਾਰ ਵੱਸੇ ਹੋਏ ਸਨ । ਅਸੀਂ ਆਪਣੀ ਭੂਆ ਜੀ ਦੇ ਕੁੜਮਾਂ ਦੇ ਘਰ ਠਹਿਰਦੇ । ਉਸ ਘਰ ਦਾ ਇਕ ਛੋਟਾ ਜਿਹਾ ਦੋ ਕਮਰਿਆਂ ਦਾ ਚੁਬਾਰਾ ਸੀ।ਪਰੰਤੂ ਘਰ ਦੇ ਸਤ ਅਠ ਜੀਆਂ ਸਮੇਤ ਸਾਨੂੰ ਉਥੇ ਠਹਿਰਾਣ ਵਿਚ ਕਦੇ ਕੋਈ ਤੰਗੀ ਮਹਿਸੂਸ ਨਹੀਂ ਹੁੰਦੀ ਤੇ ਨਾ ਹੀ ਘਰ ਵਾਲੇ ਆਪਣੇ ਸਵਾਗਤੀ ਵਤੀਰੇ ਵਿਚ ਕਮੀ ਮਹਿਸੂਸ ਹੋਣ ਦਿੰਦੇ ।

* * * *  * * *

## ਦਰ ਬਦਰ

ਜੈਧਰ ਵਿਚ ਤਿੰਨ ਚਾਰ ਸਾਲ ਰਹਿਣ ਮਗਰੋਂ ਸਾਨੂੰ ਫ਼ਿਰ ਉਜੜਨਾ ਪਿਆ । ਭਾਰਤ ਸਰਕਾਰ ਦੇ ਫ਼ੈਸਲੇ ਅਨੁਸਾਰ ਉਜੜ ਗਏ ਮੁਸਲਮਾਨਾ ਨੂੰ ਮੁੜ ਉਨ੍ਹਾ ਦੇ ਘਰ ਵਾਪਸ ਦਿੱਤੇ ਗਏ ਤੇ ਸਾਨੂੰ ਦੂਰ ਇਕ ਪਿੰਡ ਰਾਈਆਂਵਾਲਾ ਅਲਾਟਮੈਂਟ ਹੋਈ । ਜੈਧਰ ਵਿਚ ਪੱਕੇ ਟਿਕਾਣੇ ਬੈਠਿਆਂ ਉਥੋਂ ਨਿਕਲਣ ਨੂੰ ਕਿਸੇ ਦਾ ਵੀ ਦਿਲ ਨਹੀਂ ਸੀ ਕਰਦਾ । ਪਰ ਸਾਨੂੰ ਪੁਲਿਸ ਦੀ ਮਦਦ ਨਾਲ ਜ਼ਬਰਦਸਤੀ ਘਰਾਂ ਵਿਚੋਂ ਕੱਢਿਆ ਗਿਆ ਜਿਸਦੀ ਕੌੜੀ ਯਾਦ ਮਾਡੇ ਮਨਾ ਵਿਚ ਉਕਰੀ ਪਈ ਹੈ । ਮਗਰੋਂ ਰਾਈਆਂਵਾਲੇ ਅਸੀਂ ਕਦੇ ਵੀ ਜਾਕੇ ਨਹੀਂ ਰਹੇ । ਉਥੇ ਸਾਨੂੰ ਡੇਢ ਕੁ ਕਿਲਾ ਜ਼ਮੀਨ ਅਲਾਟ ਹੋਈ ਜੋ ਮਗਰੋਂ ਸਾਡੇ ਭਾਪਾ ਜੀ ਨੇ ਵੇਚ ਦਿੱਤੀ ।ਉਨ੍ਹਾ ਦੀ ਪੋਸਟਿੰਗ ਕਾਲਕਾ ਸ਼ਿਮਲਾ ਰੇਲ ਲਾਈਨ ਤੇ ਵੱਸੇ ਸ਼ਹਿਰ ਕੰਢਾਘਾਟ ਹੋ ਗਈ ਤੇ ਉਹ ਆਪਣਾ ਪ੍ਰਵਾਰ ਨੂੰ ਵੀ ਉੱਥੇ ਲੈ ਗਏ ।

ਕਾਲਕਾ ਤੋਂ ਛੋਟੀ ਰੇਲ ਸਾਨੂੰ ਪਹਾੜੀਆਂ ਦਾ ਵਲ ਖਾਂਦੀ ਕੰਢਾਘਾਟ ਲੈ ਗਈ । ਉਥੇ ਸਾਡਾ ਇਕ ਰਿਸ਼ਤੇਦਾਰ ਰੇਲਵੇ ਦਾ ਕਰਮਚਾਰੀ ਸੀ ।ਰੇਲਵੇ ਸਟੇਸ਼ਨ ਦੇ ਨਾਲ ਦੀ ਪਹਾੜੀ ਤੇ ਉਸਨੂੰ ਇਕ ਕਵਾਰਟਰ ਮਿਲਿਆ ਹੋਇਆ ਸੀ । ਕੁਝ ਦਿਨ ਅਸੀ ਉਸ ਪਾਸ ਰਹੇ । ਸ਼ੁਰੂ ਵਿਚ ਸਫ਼ਰ ਦੋਰ੍ਹਾਨ ਪਹਾੜੀਆਂ ਦੀ ਚੱਕਰਾਂ ਵਾਲੀ ਪਟੜੀ ਦੀ ਰੇਲ ਦੀ ਯਾਤਰਾ ਕਰਕੇ ਮੈਂਨੂੰ ਕਈ ਦਿਨ ਚੱਕਰ ਆਉਂਦੇ ਰਹੇ ।ਮਗਰੋਂ ਇਕ ਸਥਾਨਕ ਪਹਾੜੀ ਪ੍ਰਵਾਰ ਪਾਸੋਂ ਕਿਰਾਏ ਦਾ ਮਕਾਨ ਲੈਕੇ ਰਹਿਣ ਲੱਗੇ ।ਇਹ ਥਾਂ ਸਟੇਸ਼ਨ ਤੋਂ ਕੁਝ ਦੂਰ ਨਾਲ ਲਗਦੇ ਬਾਜ਼ਾਰ ਤੋਂ ਖੱਬੇ ਹੱਥ ਉਪਰ ਚੜ੍ਹਦੀ ਸੜਕ ਦੇ ਲਾਗੇ ਸੀ ।ਉਥੋਂ ਹੋਰ ਉਪਰ ਜਾਕੇ ਸਰਕਾਰੀ ਹਾਈ ਸਕੂਲ, ਅਦਾਲਤੀ ਦਫ਼ਤਰ ਅਤੇ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਸਨ ।ਘਰ ਦੇ ਨਾਲ ਹੀ ਇਕ ਉੱਚੀ ਪੱਥਰਾਂ ਨਾਲ ਚਿਣੀ ਦੀਵਾਰ ਉਪਰ ਖੇਡਣ ਦਾ ਮੈਦਾਨ ਬਣਿਆ ਹੋਇਆ ਸੀ। ਸੱਜੇ ਹੱਥ ਸਾਹਮਣੇ ਉਪਰ ਚੜ੍ਹਦੀ ਪਹਾੜੀ ਸੜਕ ਰਾਜੇ ਦੇ ਮਹਿਲਾਂ ਵਲ ਜਾਂਦੀ ਸੀ ਜੋ ਵਲ ਖਾਂਦੀ ਸੜਕ ਦੇ ਉਪਰਲੇ ਸਿਰੇ ਤੇ ਸਨ ।ਇਹ ਸੜਕ ਮਹਿਲਾਂ ਨੂੰ ਜਾਣ ਲਈ ਹੀ ਬਣਾਈ ਗਈ ਹੋਵੇਗੀ ।

ਸਾਡੇ ਮਕਾਨ ਵਾਲੀ ਥਾਂ ਦੇ ਖੱਬੇ ਪਾਸੇ ਸਾਹਮਣੇ ਵਾਲੀ ਢਲਾਨ ਦੇ ਪਾਰ ਪਹਾੜਾਂ ਉਤੇ ਸ਼ਿਮਲੇ ਨੂੰ ਜਾਂਦੀ ਰੇਲਵੇ ਲਾਈਨ ਦੀ ਸਿੱਧੀ ਲਕੀਰ ਦਿਸਦੀ ਸੀ ਜਿਸ ਉਪਰ ਲੰਘਦੀਆਂ ਰੇਲ ਗਡੀਆਂ ਅਸੀਂ ਵੇਖਦੇ ਰਹਿੰਦੇ । ਕੰਡਾਘਾਟ ਰੇਲਵੇ ਸਟੇਸ਼ਨ ਨਾਲੋਂ ਇਕ ਸੜਕ ਸੱਜੇ ਪਾਸਿਓਂ ਚਹਿਲ ਨੂੰ ਜਾਂਦੀ ਹੈ ਜਿੱਥੇ ਮਹਾਰਾਜਾ ਪਟਿਆਲਾ ਦੇ ਮਹਿਲ ਹਨ।ਕੰਢਾਘਾਟ ਦੀਆਂ ਪਹਾੜੀਆਂ ਤੇ ਸਾਨੂੰ ਪਿੱਛੇ ਪਾਕਿਸਤਾਨ ਸਾਡੇ ਪਿੰਡ ਵਿਚ ਪੈਦਾ ਹੋਣ ਵਾਲੇ ਕਈ ਫਲ ਤੇ ਸਬਜ਼ੀਆਂ ਵੀ ਮਿਲ ਜਾਂਦੇ ਸਨ ।ਉਨ੍ਹਾਂ ਤੋਂ ਇਲਾਵਾ ਇਥੇ ਸੇਬ ਵੀ ਹੁੰਦੇ ਸਨ ।

ਸਾਡੀ ਰਿਹਾਇਸ਼ ਦੇ ਨਾਲ ਖੇਡ ਦੇ ਮੈਦਾਨ ਦੀ ਉੱਚੀ ਦੀਵਾਰ ਦੇ ਮੁੱਢ ਵਿਚ ਇਕ ਪਾਣੀ ਦਾ ਛੋਟਾ ਨਾਲਾ ਵਗਦਾ ਸੀ ਜਿਸਦਾ ਪਾਣੀ ਸਾਡੇ ਗਵਾਂਢ ਇਕ ਨਲਕੇ ਵਰਗੀ ਧਾਰ ਨਾਲ ਹੇਠਾਂ ਡਿਗਦਾ ਜਿਸ ਹੇਠਾਂ ਅਸੀਂ ਰਸੋਈ ਦੇ ਭਾਂਡੇ ਧੋਂਦੇ ਸਾਂ । ਸਾਡੀ ਮਕਾਨ ਮਾਲਕ ਮਨਸਾ ਦੇਵੀ ਵਿਧਵਾ ਸੀ ਜਿਸਦੇ ਦੋ ਮੁੰਡਿਆਂ ਨਾਲ ਮੇਰੀ ਚੰਗੀ ਦੋਸਤੀ ਹੋ ਗਈ ਸੀ । ਉਨ੍ਹਾ ਨਾਲ ਮੈ ਅਕਸਰ ਇਧਰ ਉਧਰ ਪਹਾੜੀਆਂ ਤੇ ਚੜ੍ਹਦਾ ਲਹਿੰਦਾ ਰਹਿੰਦਾ ਸਾਂ । ਅਮੀਰਾਂ ਦੇ ਮੁੰਡੇ ਪਹੀਆਂ ਤੇ ਰਿੜ੍ਹਨ ਵਾਲੀਆਂ ਹੈਂਡਲ ਰੇੜ੍ਹੀਆਂ ਸੜਕਾਂ ਕਿਨਾਰੇ ਚਲਾਂਦੇ ਸਨ ਜਿਹੜੀਆਂ ਇਥੇ ਕੈਨੇਡਾ ਵਿਚ ਵੀ ਬੱਚੇ ਰੇੜ੍ਹੀ ਫ਼ਿਰਦੇ ਹਨ ।ਅਸੀਂ ਉਹ ਨਹੀਂ ਸਾਂ ਖ਼ਰੀਦ ਸਕਦੇ ।ਪਰੰਤੂ ਸਾਈਕਲਾਂ ਦੇ ਪੁਰਾਣੇ ਟਾਇਰਾਂ ਨੂੰ ਮੋਟੀ ਤਾਰ ਦੇ ਯੂ-ਸ਼ੇਪ ਸਿਰੇ ਬਣਾਕੇ ਉਨ੍ਹਾ ਨਾਲ ਅਸੀਂ ਵੀ ਸੜਕਾਂ ਕਿਨਾਰੇ ਟਾਇਰ ਰੇੜ੍ਹ ਕੇ ਆਪਣਾ ਸ਼ੌਂਕ ਪੂਰਾ ਕਰ ਲੈਂਦੇ ਸਾਂ ।

ਪਹਾੜੀਆਂ ਦੇ ਰਹਿਣ ਸਹਿਣ ਤੇ ਰੀਤਾਂ ਰਸਮਾਂ ਦੀ ਧੁੰਦਲੀ ਜਹੀ ਯਾਦ ਵੀ ਮੇਰੇ ਮਨ ਵਿਚ ਵੱਸੀ ਹੋਈ ਹੈ । ਇਨ੍ਹਾ ਦੇ ਵਿਆਹਾਂ ਵਿਚ ਲਾੜਾ ਡੋਲੀ ਤੇ ਚੜ੍ਹਕੇ ਵਿਆਹੁਣ ਜਾਂਦਾ ਸੀ ।ਇਹ ਕਣਕ ਦੇ ਦਾਣਿਆਂ ਦੀ ਖੀਰ ਬਣਾਦੇ ਸਨ ।ਸ਼ਹਿਰ ਦੇ ਇਕ ਪਾਸੇ ਇਕ ਮੇਲਾ ਲਗਦਾ ਸੀ ਜਿਸ ਵਿਚ ਤੀਰ ਕਮਾਨ ਨਾਲ ਨੱਚਣ ਟੱਪਣ ਦੀਆਂ ਖੇਡਾਂ ਖੇਡਦੇ ਸਨ ।ਇਨ੍ਹਾਂ ਪਾਸ ਛੋਟੇ ਛੋਟੇ ਪਹਾੜੀ

ਖੇਤ ਵੀ ਸਨ ਜਿਨ੍ਹਾਂ ਦੀਆਂ ਫ਼ਸਲਾਂ ਨਾਲ ਇਨ੍ਹਾਂ ਦੀ ਰੋਜ਼ੀ ਰੋਟੀ ਚਲਦੀ ਸੀ ।ਇਨ੍ਹਾਂ ਦੁਧਾਰੂ ਪਸ਼ੂ ਵੀ ਪਾਲੇ ਹੋਏ ਸਨ ।ਸਾਧਾਰਨ ਪੇਂਡੂ ਜੀਵਨ ਵਾਲਾ ਇਨ੍ਹਾਂ ਦਾ ਰਹਿਣ ਸਹਿਣ ਸੀ ।ਕੁਝ ਲੋਕ ਚੰਗੇ ਪੜ੍ਹੇ ਲਿਖੇ ਤੇ ਸਰਕਾਰੀ ਨੌਕਰੀਆਂ ਵਿਚ ਵੀ ਸਨ । ਪਰੰਤੂ ਬਹੁਤੇ ਸਰਕਾਰੀ ਨੌਕਰ ਮੈਦਾਨੀ ਇਲਾਕੇ ਦੇ ਹੀ ਸਨ ।ਸਰਦੀਆਂ ਵਿਚ ਏਥੇ ਆਲੇ ਦੁਆਲੇ ਬਰਫ਼ ਦੀ ਮੋਟੀ ਚਾਦਰ ਵਿੱਛ ਜਾਂਦੀ ਸੀ ।

ਇਥੇ ਪਹਿਲਾਂ ਮੈਂ ਰਿਹਾਇਸ਼ੀ ਸਥਾਨ ਦੇ ਪਿਛਲੇ ਪਾਸੇ ਜਾਂਦੀ ਗਲੀ ਤੇ ਹੇਠਾਂ ਕਰਕੇ ਸਥਿਤ ਇਕ ਪ੍ਰਾਈਮਰੀ ਸਕੂਲ ਦੀ ਚੌਥੀ ਕਲਾਸ ਵਿਚ ਦਾਖ਼ਲ ਹੋਇਆ ਸਾਂ । ਮਗਰੋਂ ਦੋ ਕੁ ਸਾਲ ਹਾਈ ਸਕੂਲ ਵਿਚ ਵੀ ਪੜ੍ਹਿਆ । ਪੜ੍ਹਾਈ ਵਿਚ ਮੈਂ ਹੁਸ਼ਿਆਰ ਸਾਂ । ਪਰ ਕਈ ਵਾਰੀ ਕੁਝ ਸ਼ਰਾਰਤਾਂ ਕਰਕੇ ਅਧਿਆਪਕਾਂ ਦੇ ਝਾੜ ਝੰਭ ਤੇ ਬੈਂਤਾਂ ਦੀ ਮਾਰ ਵੀ ਖਾਣੀ ਪੈਂਦੀ ।ਕਲਾਸ ਵਿਚ ਮੇਰੇ ਪਾਸ ਬੈਠਾ ਇਕ ਹਮਜਮਾਤੀ ਜਿਸਦਾ ਦਾ ਨਾਮ ਸ਼ਾਮ ਸੁੰਦਰ ਸੀ ਚਲਦੀ ਕਲਾਸ ਵਿਚ ਮੈਨੂੰ ਕਿਸੇ ਨਾ ਕਿਸੇ ਗਲ ਤੇ ਹਸਾ ਦੇਂਦਾ । ਫ਼ਿਰ ਮਾਸਟਰ ਮੇਰੀ ਚੰਗੀ ਭੁਗਤ ਸਵਾਰਦਾ ।ਮਾਸਟਰ ਸਾਰੇ ਬੜੀ ਲਗਨ ਨਾਲ ਪੜ੍ਹਾਂਦੇ ਸਨ ਤੇ ਹਰੇਕ ਵਿਦਿਆਰਥੀ ਦੀ ਪੜ੍ਹਾਈ ਦੀ ਨਿਗਰਾਨੀ ਰੱਖਦੇ ਸਨ । ਟਿਊਸ਼ਨਾ ਰੱਖਣ ਦਾ ਕੋਈ ਪ੍ਰਚਲਨ ਨਹੀਂ ਸੀ । ਸਰਕਾਰੀ ਸਕੂਲਾਂ ਦਾ ਪੱਧਰ ਚੰਗਾ ਉੱਚਾ ਸੀ ਤੇ ਕਿਧਰੇ ਕੋਈ ਪ੍ਰਾਈਵੇਟ ਇੰਗਲਿਸ਼ ਮੀਡੀਅਮ ਸਕੂਲ ਨਹੀਂ ਸੀ । ਜ਼ਿਲੇ ਦੇ ਅਫ਼ਸਰਾਂ ਦੇ ਬੱਚੇ ਵੀ ਸਰਕਾਰੀ ਸਕੂਲ ਵਿਚ ਹੀ ਪੜ੍ਹਦੇ ਸਨ । ਸਾਡੇ ਲਾਲ ਐਸ ਪੀ ਤੇ ਡੀਸੀ ਦੇ ਪੁੱਤਰ ਵੀ ਪੜ੍ਹਦੇ ਸਨ । ਸਾਡੇ ਨਾਲ ਇਕ ਭੋਲਾ ਜਿਹਾ ਦੀਪੂ ਨਾਮ ਦਾ ਮੁੰਡਾ ਪੜ੍ਹਦਾ ਸੀ । ਉਹ ਇਕ ਵਕੀਲ ਦਾ ਪੁੱਤਰ ਸੀ । ਉਹ ਕਿਸੇ ਬਿਮਾਰੀ ਨਾਲ ਮਰ ਗਿਆ । ਉਸ ਮਾਸੂਮ ਤੇ ਸ਼ਰੀਫ਼ ਜਿਹੇ ਮੁੰਡੇ ਦੀ ਯਾਦ ਵੀ ਮੇਰੇ ਮਨ ਵਿਚ ਵੱਸੀ ਹੋਈ ਹੈ । ਇਕ ਹੋਰ ਪੋਲੀਸ ਵਾਲੇ ਦਾ ਮੁੰਡਾ ਬੜਾ ਗੱਪੀ ਸੀ । ਉਸਦੀਆਂ ਗੱਪਾਂ ਅਸੀਂ ਬੜੀ ਦਿਲਚਸਪੀ ਨਾਲ ਸੁਣਦੇ ਹੁੰਦੇ ਸਾਂ ।

ਮਹਾਰਾਜਾ ਪਟਿਆਲਾ ਸ੍ਰੀ ਯਾਦਵਿੰਦਰ ਸਿੰਘ ਰਿਆਸਤਾਂ ਦੇ ਰਾਜਪ੍ਰਮੁਖ ਥਾਪੇ ਗਏ ਸਨ । ਇਕ ਵਾਰ ਉਨ੍ਹਾਂ ਕੰਢਾਘਾਟ ਤੋਂ ਲੰਘਣਾ ਸੀ । ਉਹ ਸ਼ਾਇਦ ਆਪਣੀ ਕਾਰ ਤੇ ਚੈਹਲ ਜਾਂ ਰਹੇ ਸਨ । ਸਾਡੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਲਿਜਾਕੇ ਸੜਕ ਦੇ ਕਿਨਾਰੇ ਲਾਈਨਾ ਵਿਚ ਖੜਾ ਕਰ ਦਿੱਤਾ ਗਿਆ । ਜਦੋਂ ਉਨ੍ਹਾਂ ਦੀ ਕਾਰ ਲੰਘੀ ਤਾਂ ਪਹਿਲਾਂ ਤੋਂ ਦੱਸੇ ਅਨੁਸਾਰ ਅਸੀ "ਰਾਜਪ੍ਰਮੁੱਖ ਕੀ ਜੈ" ਦੇ ਨਾਹਰੇ ਲਗਾਏ ਸਨ । ਮਹਾਰਾਜਾ ਸਾਹਿਬ ਦੇ ਦਰਸ਼ਨ ਮੈਂਨੂੰ ਉਹਨਾਂ ਦੇ ਕਾਰ ਵਿਚ ਬੈਠਿਆਂ ਹੋਏ ਸਨ ।ਉਨ੍ਹਾ ਪਾਕਿਸਤਾਨ ਤੋਂ ਉਜੜ ਕੇ ਆਏ ਅਸਾਂ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਿਚ ਬੜੀ ਮਦਦ ਕੀਤੀ ਸੀ। ਸਾਡੇ ਦਿਲਾਂ ਵਿਚ ਉਨ੍ਹਾ ਦਾ ਬੜਾ ਸਤਿਕਾਰ ਹੈ ।

ਮਗਰੋਂ ਇਕ ਹੈਡਮਾਸਟਰ ਸ੍ਰੀ ਮਾਧੋ ਰਾਮ ਆਇਆ ਸੀ। ਉਹ ਮੇਰੇ ਨਾਲ ਬੜਾ ਹਿੱਤ ਕਰਦਾ ਸੀ ।ਪੜ੍ਹਾਈ ਵਿਚ ਲਾਇਕ ਹੋਣ ਦੇ ਨਾਲ ਮੈਂ ਸਕੂਲ ਦੇ ਸਮਾਗਮਾਂ ਵਿਚ ਬੋਲਣ ਵੀ ਲੱਗ ਪਿਆ ਸਾਂ ਇਸ ਕਰਕੇ ਹੈਡ ਮਾਸਟਰ ਸਾਹਿਬ ਮੈਂਨੂੰ ਚਾਹੁੰਦੇ ਸਨ । ਲਗਭਗ ਦੋ ਸਾਲ ਇਸ ਸਕੂਲ ਵਿਚ ਪੜ੍ਹਨ ਮਗਰੋਂ ਮੇਰੇ ਭਾਪਾ ਜੀ ਦੀ ਉਥੋਂ ਬਦਲੀ ਹੋਣ ਕਾਰਨ ਮੈਂਨੂੰ ਸਕੂਲ ਛਡਣਾ ਪਿਆ । ਮੈਂ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਗਿਆ ਤਾਂ ਹੈਡਮਾਸਟਰ ਸਾਹਿਬ ਨੇ ਪੁੱਛਿਆ ਕਿ ਤੂੰ ਕਿਉਂ ਸਕੂਲ ਛੱਡ ਰਿਹਾ ਏਂ । ਮੈ ਉਸਨੂੰ ਉਨ੍ਹਾਂ ਨੂੰ ਦਸਿਆ ਕਿ ਮੇਰੇ ਪਿਤਾ ਜੀ ਦੀ ਬਦਲੀ ਹੋ ਗਈ ਹੈ । ਹੈਡਮਾਸਟਰ ਮਾਧੋਰਾਮ ਨੇ ਕਿਹਾ ਕਾਕਾ ! ਤੂੰ ਮੇਰੇ ਪਾਸ ਰਹਿ ਜਾ। ਮੈਂ ਤੇਰੇ ਪਿਤਾ ਵਾਂਗ ਹੀ ਤੈਨੂੰ ਰੱਖਾਂਗਾ ।ਉਨ੍ਹਾਂ ਦੇ ਇਹ ਸ਼ਬਦ ਮੈਨੂੰ ਹੁਣ ਵੀ ਜਜ਼ਬਾਤੀ ਬਣਾ ਦਿੰਦੇ ਹਨ ।ਉਹ ਸਾਡੇ ਕਲਸੀਆ ਦੇ ਇਲਾਕੇ ਦੇ ਨਿਵਾਸੀ ਸਨ । ਮਗਰੋਂ ਛਛਰੋਲੀ ਰਹਿੰਦਿਆਂ ਵੀ ਮੈਨੂੰ ਇਕ ਵਾਰ ਬਜ਼ਾਰ ਵਿਚ ਜਾਂਦਿਆਂ ਮਿਲੇ ਸਨ । ਮੈਂ ਆਦਰ ਨਾਲ ਉਨ੍ਹਾਂ ਦੇ ਪੈਰੀਂ ਹੱਥ ਲਾਏ ਸਨ ।ਉਸ ਵੇਲੇ ਵੀ ਉਨ੍ਹਾਂ ਮੈਨੂੰ ਬੜੀਆਂ ਅਸੀਸਾਂ ਦਿੱਤੀਆਂ ਸਨ ।

ਕੰਡਾਘਾਟ ਰਹਿੰਦਿਆਂ ਸਕੂਲ ਦੀਆ ਛੁੱਟੀਆਂ ਵਿਚ ਅਸੀਂ ਆਪਣੇ ਤਾਇਆ ਜੀ ਦੇ ਪ੍ਰਵਾਰ ਪਾਸ ਆਕੇ ਰਹਿੰਦੇ ਸਾਂ। ਤਾਇਆ ਜੀ ਪੁਲੀਸ ਵਿਚ ਨੌਕਰ ਸਨ ਤੇ ਉਨ੍ਹਾਂ ਦੀ ਪੋਸਟਿੰਗ ਥਾਣਾ ਛੱਪਰ ਵਿਚ ਸੀ । ਇਥੇ ਨਾਲ ਦੇ ਸ਼ਹਿਰ ਮੁਸਤਫ਼ਾਬਾਦ ਉਨ੍ਹਾਂ ਪ੍ਰਵਾਰ ਲਈ ਕਿਰਾਏ ਤੇ ਘਰ ਲਿਆ ਹੋਇਆ ਸੀ । ਉਨ੍ਹਾਂ ਦੇ ਸਪੁੱਤਰ ਨਰਿੰਦਰ ਸਿੰਘ ਨਾਲ ਸਾਡੀ ਬੜੀ ਯਾਰੀ ਸੀ। ਉਹ ਉਥੇ ਹਾਈ ਸਕੂਲ ਵਿਚ ਪੜ੍ਹਦਾ ਸੀ ।ਮੁਸਤਫ਼ਾਬਾਦ ਦੇ ਇਕ ਮੇਲੇ ਵਿਚ ਸ਼ਾਮਿਲ ਹੋਣ ਦਾ ਵੀ ਮੈਂਨੂੰ ਚੇਤਾ ਹੈ । ਮੇਲੇ ਵਿਚ ਗੋਲ ਪਟਰੀ ਤੇ ਪਹੀਆਂ ਤੇ ਚਲਦੀ ਰੇਲ ਗੱਡੀ ਤੇ ਅਸੀਂ ਸਵਾਰੀ ਲਈ ਸੀ । ਸ਼ਹਿਰ ਤੋਂ ਕੁਝ ਦੂਰੀ ਤੇ ਰੇਲਵੇ ਸਟੇਸ਼ਨ ਸੀ ਜਿੱਥੇ ਅਸੀਂ ਗਡੀਆਂ

ਵੇਖਣ ਚਲੇ ਜਾਂਦੇ ਸਾਂ ।ਇਥੇ ਗੁਰਦੁਆਰਾ ਸਾਹਿਬ ਵਿਚ ਗੁਰਪੁਰਬਾਂ ਦੇ ਮੌਕੇ ਤੇ ਚੰਗੇ ਸਮਾਗਮ ਹੁੰਦੇ । ਇਨ੍ਹਾਂ ਵਿਚ ਕਵੀ ਦਰਬਾਰ ਵੀ ਹੁੰਦੇ ਜਿੱਥੇ ਪੰਥ ਦੇ ਨਾਮੀ ਕਵੀਆਂ ਨੂੰ ਸੱਦਿਆ ਜਾਂਦਾ ਸੀ । ਇਨ੍ਹਾ ਵਿਚੋਂ ਵਿਧਾਤਾ ਸਿੰਘ ਤੀਰ ਹੁਰਾਂ ਦੀ ਮੈਨੂੰ ਯਾਦ ਹੈ ਜੋ ਬੜੇ ਰਸਭਿੰਨੇ ਸੁਰ ਵਿਚ ਗਾਕੇ ਸਿੱਖ ਗੁਰੂ ਸਾਹਿਬਾਨ ਦੀਆਂ ਅਤੇ ਸਿੱਖ ਇਤਿਹਾਸਕ ਸ਼ਖ਼ਸੀਅਤਾਂ ਬਾਰੇ ਕਵਿਤਾਵਾਂ ਸੁਣਾਦੇ ਸਨ । ਮੁਸਤਫ਼ਾਬਾਦ ਦੇ ਰੌਣਕ ਮੇਲੇ ਵਿਚ ਮੇਰਾ ਦਿਲ ਇਤਨਾ ਖੁੱਭ ਜਾਂਦਾ ਕਿ ਵਾਪਸ ਕੰਢਾਘਾਟ ਜਾਕੇ ਕਈ ਦਿਨ ਮਨ ਪਿੱਛੇ ਨੂੰ ਤਾਂਘਦਾ ਰਹਿੰਦਾ ।

ਕੰਢਾਘਾਟ ਤੋਂ ਫ਼ਿਰ ਮੇਰਾ ਪ੍ਰਵਾਰ ਛਛਰੌਲੀ ਆ ਗਿਆ ਜਿੱਥੇ ਪਹਿਲਾਂ ਅਸੀਂ ਇਥੇ ਕਿਰਾਏ ਦੇ ਮਕਾਨ ਵਿਚ ਰਹੇ । ਮਗਰੋਂ ਸਾਨੂੰ ਉਥੇ ਇਕ ਮਕਾਨ ਵੀ ਅਲਾਟ ਹੋ ਗਿਆ ਜਿਸਦੀਆ ਕਿਸ਼ਤਾ ਮਗਰੋਂ ਨੌਕਰੀ ਲੱਗਣ ਤੇ ਮੈਂ ਮਹੀਨੇਵਾਰ ਚੁਕਾਂਉਂਦਾ ਰਿਹਾ ।ਇਥੇ ਮੈ ਗੋਰਮੈਂਟ ਹਾਈ ਸਕੂਲ ਵਿਚ ਦਾਖ਼ਲ ਹੋ ਗਿਆ ਜਿੱਥੇ ਨੌਂਵੀਂ ਕਲਾਸ ਤਕ ਲਗਾਤਾਰ ਪੜ੍ਹਿਆ । ਪਿਛੇ ਭਾਪਾ ਜੀ ਦੀ ਪੋਸਟਿੰਗ ਫ਼ਿਰ ਕੰਢਾਘਾਟ ਹੋ ਗਈ । ਦੋਬਾਰਾ ਉੱਥੇ ਸਕੂਲ ਵਿਚ ਦਾਖ਼ਲ ਹੋਣ ਦੇ ਵਿਚਾਰ ਨਾਲ ਮੈਂ ਉਨ੍ਹਾਂ ਕੋਲ ਪਟਿਆਲੇ ਚਲਾ ਗਿਆ ।ਪ੍ਰੰਤੂ ਮਗਰੋਂ ਉਨ੍ਹਾਂ ਦੀ ਪੋਸਟਿੰਗ ਬਦਲ ਕੇ ਨਾਲਾਗੜ੍ਹ ਕਰ ਦਿੱਤੀ ਗਈ । ਮੇਰਾ ਵਾਪਸ ਛਛਰੌਲੀ ਜਾਣ ਲਈ ਮਨ ਨਾ ਮੰਨਿਆ ਤਾਂ ਉਨ੍ਹਾਂ ਨਾਲ ਨਾਲਾਗੜ੍ਹ ਚਲਾ ਗਿਆ ਜੋ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਨੇੜੇ ਤਰਾਈ ਦੇ ਇਲਾਕੇ ਵਿਚ ਪਹਾੜੀਆਂ ਦੀ ਗੋਦ ਵਿਚ ਵੱਸਿਆ ਹੋਇਆ ਹੈ । ਇਥੇ ਭਾਪਾ ਜੀ ਦੀ ਡਿਉਟੀ ਜੇਲ ਦੀ ਗਾਰਦ ਵਿਚ ਸੀ । ਉਹ ਉਥੇ ਜੇਲ ਇੰਚਰਜ ਸਨ ।ਜੇਲ ਸ਼ਹਿਰ ਤੋਂ ਉਪਰ ਰਾਜੇ ਦੇ ਪੁਰਾਣੇ ਮਹਿਲਾਂ ਦੇ ਇਕ ਪਾਸੇ ਬਣੀ ਹੋਈ ਸੀ । ਇਥੇ ਮੈਂ ਸਰਕਾਰੀ ਹਾਈ ਸਕੂਲ ਵਿਚ ਦਾਖਲ ਹੋ ਗਿਆ ।।ਸਕੂਲ ਹੇਠਾਂ ਸ਼ਹਿਰ ਦੇ ਦਾਖ਼ਲੇ ਦੇ ਬਾਹਰਲੇ ਪਾਸੇ ਸਥਿਤ ਸੀ । ਮੈਨੂੰ ਪਹਾੜੀ ਤੋਂ ਉਤਰ ਕੇ ਤੇ ਸ਼ਹਿਰ ਵਿਚੋਂ ਲੰਘ ਕੇ ਸਕੂਲ ਜਾਣਾ ਜਾਣਾ ਪੈਦਾ ਸੀ ।

ਇਥੇ ਭਾਪਾ ਜੀ ਦੇ ਨਾਲ ਕੰਮ ਕਰਦੇ ਕੁਝ ਸਜਣਾ ਦੀ ਯਾਦ ਮੇਰੇ ਮਨ ਵਿਚ ਵੱਸੀ ਹੋਈ ਹੈ । ਇਨ੍ਹਾਂ ਵਿਚੋਂ ਇਕ ਪਟਿਆਲਾ ਨਿਵਾਸੀ ਸ੍ਰਦਾਰ ਕਰਤਾਰ ਸਿੰਘ ਸਨ । ਉਨ੍ਹਾ ਨਾਲ ਮੈ ਸਵੇਰੇ ਸਵੇਰੇ ਪਹਾੜੀ ਰਸਤਿਆ ਤੇ ਸੈਰ ਕਰਨ ਨਿਕਲ ਜਾਂਦਾ । ਉਹ ਉਸ ਸਮੇ ਗਿਆਨੀ ਦੀ ਤਿਆਰੀ ਕਰ ਰਹੇ ਸਨ ਤੇ ਉਨ੍ਹਾ ਪਾਸੋਂ ਭਾਈ ਵੀਰ ਸਿੰਘ ਪ੍ਰੋਫ਼ੈਸਰ ਮੋਹਨ ਸਿੰਘ ਤੇ ਕੁਝ ਹੋਰ ਪੰਜਾਬੀ ਕਵੀਆਂ ਤੇ ਲੇਖਕਾਂ ਦੀਆਂ ਕਿਤਾਬਾਂ ਸੁਣਨ ਪੜ੍ਹਨ ਦਾ ਮੌਕਾ ਮਿਲਿਆ ।ਉਸ ਸਮੇ ਤੋਂ ਹੀ ਮੇਰਾ ਪੰਜਾਬੀ ਸਾਹਿਤ ਪੜ੍ਹਨ ਵਿਚ ਲਗਾਓ ਸ਼ੁਰੂ ਹੋ ਗਿਆ । ਇਕ ਹੋਰ ਸਜਣ ਸ਼ਿਆਮ ਲਾਲ ਆਪਣੇ ਨਾ ਵਰਗੇ ਸਾਂਵਲੇ ਰੰਗ ਦਾ ਸੀ । ਜੋ ਇਕ ਡੱਫ਼ ਵਜਾ ਕੇ ਗਇਆ ਕਰਦਾ ਸੀ ।ਉਸਨੇ ਇਕ ਕੁੱਤਾ ਰੱਖਿਆ ਹੋਇਆ ਸੀ । ਜਿਸਨੂੰ ਉਸਨੇ ਚੰਗਾ ਸਿਖਾ ਰੱਖਿਆ ਸੀ । ਉਹ ਕੁੱਤੇ ਦੇ ਗਲ ਵਿਚ ਇਕ ਟੋਕਰੀ ਲਟਕਾ ਦਿੰਦਾ ਤੇ ਪਰਚੀ ਲਿਖਕੇ ਇਹਦੇ ਵਿਚ ਪਾ ਦਿੰਦਾ। ਕੁੱਤਾ ਹੇਠਾਂ ਬਾਜ਼ਾਰ ਜਾਕੇ ਨਿਸਚਿਤ ਦੁਕਾਨ ਤੋਂ ਲਿਖਿਆ ਸਾਮਾਨ ਲੈ ਆਉਂਦਾ ।ਇਥੇ ਮਹਿਲਾਂ ਦੇ ਗੇਟ ਉਪਰ ਬਣੇ ਇਕ ਉੱਚੇ ਚੌਬਾਰੇ ਵਿਚ ਸਾਨੂੰ ਰਿਹਾਇਸ਼ ਮਿਲੀ ਹੋਈ ਸੀ ।ਬਰਸਾਤ ਦੇ ਮੌਸਮ ਵਿਚ ਆਲੇ ਦੁਆਲੇ ਦੀਆਂ ਪਹਾੜੀਆਂ ਦੇ ਹਰੇ ਜੰਗਲ ਦਾ ਦ੍ਰਿਸ਼ ਅੱਖਾਂ ਨੂੰ ਬੜਾ ਲੁਭਾਉਂਦਾ ਸੀ । ਬਰਸਾਤ ਵਿਚ ਮੋਰਾਂ ਦੀ ਕੂ-ਅ-ਕੂ ਵੀ ਕੰਨਾ ਨੂੰ ਬੜੀ ਪਿਆਰੀ ਲਗਦੀ ਸੀ ।

ਸਾਨੂੰ ਇਥੇ ਰਹਿੰਦਿਆ ਕੁਝ ਮਹੀਨੇ ਹੀ ਹੋਏ ਸਨ ਕਿ ਜੇਲ ਵਿਚੋਂ ਰਾਤੀਂ ਇਕ ਕੈਦੀ ਨਿਕਲ ਕੇ ਦੌੜ ਗਿਆ ਜਿਸ ਕਰਕੇ ਮੇਰੇ ਭਾਪਾ ਜੀ ਨੂੰ ਸਸਪੈਂਡ ਕਰਕੇ ਪਟਿਆਲਾ ਲਾਇਨ ਹਾਜ਼ਰ ਹੋਣ ਦਾ ਹੁਕਮ ਆ ਗਿਆ । ਕੁਝ ਮਹੀਨਿਆਂ ਤਕ ਸਕੂਲ ਦੀ ਪੜ੍ਹਾਈ ਮਗਰੋਂ ਮੈਨੂੰ ਨਾਲਾਗੜ੍ਹ ਹਾਈ ਸਕੂਲ ਛਡਣਾ ਪੈ ਗਿਆ।ਪਰੰਤੂ ਅਜੇ ਵੀ ਮੇਰਾ ਮਨ ਵਾਪਸ ਛਛਰੌਲੀ ਜਾਣ ਨੂੰ ਨਹੀਂ ਸੀ ਕਰਦਾ ।ਮੇਰੇ ਤਾਇਆ ਜੀ ਉਸ ਸਮੇ ਅੰਬਾਲਾ ਸ਼ਹਿਰ ਪੁਲਿਸ ਵਿਚ ਨੌਕਰੀ ਕਰਦੇ ਸਨ ।ਉਹ ਸਾਡੀ ਭੂਆ ਜੀ ਦੇ ਘਰ ਵਿਚ ਹੀ ਰਹਿੰਦੇ ਸਨ । ਮੈ ਤਾਇਆਂ ਜੀ ਦੇ ਪਰਵਾਰ ਪਾਸ ਅੰਬਾਲਾ ਸ਼ਹਿਰ ਆ ਗਿਆ ਤੇ ਇਥੇ ਖਾਲਸਾ ਹਾਈ ਸਕੂਲ ਵਿਚ ਨੌਂਵੀ ਕਲਾਸ ਵਿਚ ਦਾਖਲ ਹੋ ਗਿਆ ।

ਮੇਰੀ ਭੂਆ ਜੀ ਦਾ ਲੜਕਾ ਮਨਮੋਹਨ ਸਿੰਘ ਵੀ ਇਸੇ ਸਕੂਲ ਵਿਚ ਪੜ੍ਹਦਾ ਸੀ । ਉਥੇ ਅਸੀਂ ਦੋ ਤਿੰਨ ਪ੍ਰਵਾਰ ਇਕੋ ਮਕਾਨ ਵਿਚ ਰਹਿੰਦੇ ਸਾਂ।ਭੂਆ ਜੀ ਦਾ ਆਪਣਾ ਵੱਡਾ ਪ੍ਰਵਾਰ ਸੀ ਜਿਥੇ ਕੋਈ ਨਾ ਕੋਈ ਮਹਿਮਾਨ ਆਇਆ ਰਹਿੰਦਾ ਸੀ । ਉਸ ਸਮੇਂ ਬਹੁਤ ਸਾਰੇ ਪ੍ਰਵਾਰਕ ਜੀਆਂ ਨਾਲ ਇਕ ਛੋਟੇ ਜਹੇ ਘਰ ਵਿਚ ਰਹਿਣਾ ਕਦੇ ਚੁਭਿਆ ਨਹੀਂ ਸੀ । ਇਹ ਪ੍ਰਵਾਰ ਮੇਰੇ ਖਾਣ ਪੀਣ

ਤੇ ਰਹਿਣ ਸਹਿਣ ਦੀ ਸਾਰੀ ਸਹੂਲਤ ਦਾ ਖਿਆਲ ਰੱਖਦਾ ਸੀ ।ਅਸਾਂ ਮੁੰਡਿਆਂ ਦੀ ਆਪਸ ਵਿਚ ਚੰਗੀ ਯਾਰੀ ਸੀ ।ਘਰ ਦੇ ਨਾਲ ਦੀ ਗਲੀ ਵਿਚ ਇਕ ਗੁਰਦੁਆਰਾ ਸੀ । ਅਸੀਂ ਰੋਜ਼ ਸ਼ਾਮੀ ਉਥੋ ਦੇ ਸੰਚਾਲਕ ਸੰਤ ਜੀ ਦੀ ਕੱਥਾ ਸੁਣਨ ਜਾਇਆ ਕਰਦੇ ਸਨ । ਉਹ ਦਸਮ ਗ੍ਰੰਥ ਦੀ ਬਾਣੀ ਦੀ ਕਥਾ ਕਰਦੇ ਸਨ ਜਿਸਦਾ ਪਾਠ ਨਾਲੋ ਨਾਲ ਇਕ ਸ਼ਰਧਾਲੂ ਗੁਰਸਿੱਖ ਕਰਦਾ ਰਹਿੰਦਾ ਸੀ । ਇਥੇ ਗੁਰਪੁਰਬਾਂ ਦੇ ਮੌਕਿਆਂ ਤੇ ਗੁਰਦੁਆਰਾ ਮੰਜੀ ਸਾਹਿਬ ਤੋਂ ਨਗਰ ਕੀਰਤਨ ਨਿਕਲਦਾ ਜਿਸ ਵਿਚ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਸ਼ਾਮਿਲ ਹੁੰਦੀਆਂ ਸਨ ।ਮੰਜੀ ਸਾਹਿਬ ਤੋਂ ਇਲਾਵਾ ਇਥੇ ਹੋਰ ਵੀ ਕਈ ਇਤਿਹਾਸਰ ਗੁਰਦੁਆਰੇ ਹਨ ।ਇਥੇ ਮੈਂ ਨੌਂਵੀਂ ਦਾ ਇਮਤਿਹਾਨ ਦਿੱਤਾ । ਸਾਰਾ ਸਾਲਾ ਬਾਕਾਇਦਾ ਪੜ੍ਹਾਈ ਨਾ ਕਰਨ ਕਰਕੇ ਮੈਨੂੰ ਪਾਸ ਹੋਣ ਦਾ ਭਰੋਸਾ ਨਹੀਂ ਸੀ । ਮੈਂ ਜਪੁਜੀ ਦੇ ਪਾਠ ਕਰਨੇ ਸ਼ੁਰੂ ਕਰ ਦਿਤੇ ਕਿ ਗੁਰੂ ਜੀ ਕਿਰਪਾ ਕਰਕੇ ਮੈਨੂੰ ਪਾਸ ਕਰਨ । ਤੇ ਕਿਰਪਾ ਹੋ ਗਈ ਤੇ ਮੈ ਨੋਵੀਂ ਚੋਂ ਪਾਸ ਹੋ ਗਿਆ । ਇਸ ਸਮੇ ਤੋਂ ਹੀ ਮੈਨੂੰ ਜਪੁਜੀ ਦਾ ਪਾਠ ਕੰਠ ਹੋ ਗਿਆ ਜੋ ਮੈਂ ਰੋਜ਼ ਸਵੇਰੇ ਕਰਨ ਲਗ ਪਿਆ ।ਮਗਰੋਂ ਅੰਬਾਲੇ ਸ਼ਹਿਰ ਰਹਿਣ ਦੇ ਮੈਨੂੰ ਕਈ ਅਵਸਰ ਮਿਲਦੇ ਰਹੇ ।

ਘਰ ਵਾਪਸੀ

ਅੰਬਾਲੇ ਤੋ ਨੌਂਵੀਂ ਪਾਸ ਕਰਕੇ ਹੁਣ ਮੈਂ ਵਾਪਸ ਘਰ ਛਛਰੋਲੀ ਜਾਣ ਲਈ ਆਪਣੇ ਮਨ ਨੂੰ ਮਨਾ ਲਿਆ ।ਉੱਥੇ ਪਹਿਲਾਂ ਛੱਡੇ ਸਰਕਾਰੀ ਹਾਈ ਸਕੂਲ ਵਿਚ ਦਸਵੀਂ ਵਿਚ ਦਾਖ਼ਲਾ ਲੈ ਲਿਆ । ਇਸ ਸਕੂਲ ਦੀ ਪਹਿਲਾਂ ਤੋਂ ਹੀ ਮੈਨੂੰ ਚੰਗੀ ਜਾਣਕਾਰੀ ਸੀ । ਕਈ ਪੁਰਾਣੇ ਅਧਿਆਪਕ ਵੀ ਅਜੇ ਪੜ੍ਹਾ ਰਹੇ ਸਨ ।ਸਰਕਾਰੀ ਸਕੂਲ ਦੀ ਚੰਗੀ ਮਾਨਤਾ ਸੀ । ਕੁਝ ਸਾਲ ਪਹਿਲਾਂ ਇਥੋਂ ਦੇ ਇਕ ਵਿਦਿਆਰਥੀ ਨੂੰ ਪੰਜਾਬ ਯੂਨੀਵਰਸਿਟੀ ਵਲੋਂ ਸਕਾਲਰਸ਼ਿਪ ਵੀ ਮਿਲਿਆ ਸੀ । ਓਦੋਂ ਦਸਵੀਂ ਦੀ ਪ੍ਰੀਖਿਆ ਪੰਜਾਬ ਯੂਨੀਵਰਸਿਟੀ ਵੱਲੋਂ ਲਈ ਜਾਂਦੀ ਸੀ ।ਇਥੇ ਸਕੂਲ ਦੇ ਅਧਿਆਪਕਾਂ ਦੀ ਪੜ੍ਹਾਉਣ ਤੇ ਵਿਦਿਆਰਥੀਆਂ ਦੀ ਨਿਗਰਾਨੀ ਰੱਖਣ ਦੀ ਲਗਨ ਮੈਨੂੰ ਕਦੇ ਨਹੀਂ ਭੁਲਦੀ । ਟਿਊਸ਼ਨਾ ਦਾ ਕੋਈ ਪ੍ਰਚਲਨ ਨਹੀਂ ਸੀ । ਅਧਿਆਪਕ ਕਲਾਸਾਂ ਵਿਚ ਬੜੀ ਸੰਜੀਦਗੀ ਨਾਲ ਪੜ੍ਹਾਂਦੇ ਸਨ । ਅਸੀਂ ਵਿਦਿਆਰਥੀ ਸਗੋਂ ਉਨ੍ਹਾ ਦੁਆਰਾ ਦਿੱਤੇ ਘਰ ਦੇ ਕੰਮ ਤੋਂ ਔਖੇ ਹੁੰਦੇ ਸਾਂ ਕਿ ਸਾਨੂੰ ਵਾਧੂ ਮਹਿਨਤ ਕਰਵਾ ਰਹੇ ਹਨ ।

ਸਾਡਾ ਸਾਈਂਸ ਮਾਸਟਰ ਚੂੰਨੀ ਲਾਲ ਡਿਸਿਪਲਿਨ ਦਾ ਬੜਾ ਪਾਬੰਧ ਸੀ । ਲਗੀ ਕਲਾਸ ਵਿਚੋਂ ਕਿਸੇ ਜ਼ਰੂਰੀ ਕਾਰਜ ਲਈ ਬਾਹਰ ਜਾਣ ਲਈ ਅਧਿਆਪਕ ਪਾਸੋਂ ਪਾਸ ਲੈਣਾ ਪੈਂਦਾ ਸੀ ।ਮਾਸਟਰ ਚੁੰਨੀ ਲਾਲ ਡੰਡਾ ਲੈਕੇ ਸਕੂਲ ਦੇ ਅਹਾਤੇ ਵਿਚ ਘੁੰਮਦਾ ਰਹਿੰਦਾ । ਜੇਕਰ ਬਿਨਾ ਪਾਸ ਉਸ ਪਾਸ ਕੋਈ ਵਿਦਿਆਰਥੀ ਫੱਸ ਜਾਂਦਾ ਤਾਂ ਡੰਡੇ ਨਾਲ ਉਸਦੀ ਚੰਗੀ ਭੁਗਤ ਸਵਾਰਦਾ । ਸਾਈਂਸ ਦਾ ਵਖਰਾ ਕਮਰਾ ਉਸਨੇ ਸ਼ੀਸ਼ੇ ਵਾਂਗ ਲਿਸ਼ਕਾਇਆ ਹੋਇਆ ਸੀ । ਇਥੇ ਹਰੇਕ ਵਿਦਿਆਥੀ ਆਪਣੀ ਜੁੱਤੀ ਝਾੜ ਕੇ ਹੀ ਅੰਦਰ ਜਾ ਸਕਦਾ ਸੀ ।ਉਸ ਵੇਲੇ ਬਾਲ ਪੈਨ ਦਾ ਪ੍ਰਚਲਨ ਨਹੀ ਸੀ ਹੋਇਆ ਤੇ ਅਸੀਂ ਸਿਆਹੀ ਵਾਲੇ ਪੈਨ ਨਾਲ ਹੀ ਲਿਖਦੇ ਸਾਂ । ਜੇਕਰ ਕਮਰੇ ਵਿਚ ਬੈਠਿਆਂ ਕੋਈ ਵਿਦਿਆਰਥੀ ਪੈਨ ਦੀ ਸਿਹਾਹੀ ਵੀ ਹੇਠਾਂ ਛਿੜਕ ਦੇਂਦਾ ਤਾਂ ਚੁੰਨੀ ਲਾਲ ਉਸ ਪਾਸੋਂ ਸਾਫ਼ ਕਰਵਾ ਕੇ ਛਡਦਾ ।ਉਸਦੇ ਦਿੱਤੇ ਪਾਠ ਯਾਦ ਕਰਨ ਦੀ ਸਾਡੇ ਮਨ ਵਿਚ ਇਤਨੀ ਦਹਿਸ਼ਤ ਹੁੰਦੀ ਕਿ ਅਸੀਂ ਸਵੇਰੇ ਸ਼ਾਮ ਨਾਲ ਦੀ ਨਦੀ ਦੇ ਕਿਨਾਰੇ ਬੈਠ ਕੇ ਸਾਈਂਸ ਦੇ ਪਦਾਂ ਦੀਆਂ ਪ੍ਰੀਭਾਸ਼ਾਵਾਂ ਤੇ ਸਮੀਕਰਨਾ ਦਾ ਰੱਟਾਂ ਲਾਉਂਦੇ ਰਹਿੰਦੇ ਸਾਂ। ਕਲਾਸ ਵਿਚ ਕੋਈ ਵਿਦਿਆਰਥੀ ਉਸਦੇ ਡੰਡੇ ਦੀ ਮਾਰ ਤੋਂ ਨਹੀ ਸੀ ਬਚਿਆ । ਮੈਂਨੂੰ ਬਹੁਤੇ ਡੰਡੇ ਆਪਣੇ ਬੇਕਾਬੂ ਹਾਸੇ ਕਾਰਨ ਖਾਣੇ ਪੈਂਦੇ ।

ਇਥੇ ਪੜ੍ਹਾਉਣ ਵਾਲੇ ਇਕ ਇਕ ਅਧਿਆਪਕ ਦੀ ਮੈਨੂੰ ਬੜੀ ਯਾਦ ਹੈ । ਇਕ ਬਜ਼ੁਰਗ ਸਿੱਖ ਹੈਡਮਾਸਟਰ ਸਾਨੂੰ ਅੰਗ੍ਰੇਜ਼ੀ ਪੜ੍ਹਾਉਂਦਾ ਸੀ ।ਸਾਡੀ ਅੰਗ੍ਰੇਜ਼ੀ ਕਮਜ਼ੋਰ ਹੀ ਹੁੰਦੀ ਸੀ । ਉਹ ਸਕੂਲ ਦੀ ਛੁੱਟੀ ਮਗਰੋਂ ਸਾਡੀ ਦਸਵੀਂ ਦੀ ਵਾਧੂ ਕਲਾਸ ਵੀ ਲਾਉਦਾ ਸੀ । ਇਕ ਹੋਰ ਹੈਡਮਾਸਟਰ ਸ਼ਾਦੀ ਲਾਲ ਵੀ ਇਕ ਸਮੇ ਆਇਆ। ਉਹ ਵੀ ਡਿਸਿਪਿਲਿਨ ਦਾ ਬੜਾ ਪਾਬੰਦ ਸੀ । ਛਛਰੌਲੀ ਵਿਚ ਬਹੁਤੇ ਲਾਲੇ ਹੀ ਰਹਿੰਦੇ ਸਨ ਤੇ ਉਨ੍ਹਾਂ ਦੀ ਸ਼ਹਿਰ ਵਿਚ ਚੰਗੀ ਧਾਕ ਸੀ । ਸਾਡੇ ਨਾਲ ਪੜ੍ਹਦੇ ਲਾਲਿਆਂ ਦੇ ਇਕ ਮੁੰਡੇ ਨੇ ਸ਼ਹਿਰ ਵਿਚ ਕੋਈ ਮਾੜੀ ਕਰਤੂਤ ਕੀਤੀ । ਹੈਡਮਾਸਟਰ ਨੂੰ ਇਸਦਾ ਪਤਾ ਲਗ ਗਿਆ। ਉਸਨੇ ਸਵੇਰੇ ਦੀ ਸਕੂਲ ਦੀ ਅਸੈਂਬਲੀ ਵਿਚ ਸਾਰੇ ਸਕੂਲ ਦੇ ਸਾਹਮਣੇ ਉਸ ਮੁੰਡੇ ਨੂੰ ਖੜਾ ਕਰਕੇ ਸਖ਼ਤ ਝਾੜ ਪਾਈ ਤੇ ਹੋਰ ਸ਼ਿਕਾਇਤ ਮਿਲਣ ਤੇ ਉਸਨੂੰ ਸਕੂਲ ਵਿਚੋਂ ਕੱਢੇ ਜਾਣ ਦੀ ਵਾਰਨਿੰਗ ਵੀ ਦਿੱਤੀ ।

ਛਛਰੌਲੀ ਹਾਈ ਸਕੂਲ ਵਿਚ ਸਵੇਰੇ ਸਾਰੇ ਸਕੂਲ ਦੀ ਅਸੈਂਬਲੀ ਹੁੰਦੀ ਸੀ ਰਾਸ਼ਟਰੀ ਗਾਨ ਸਕੂਲ ਦਾ ਬੈਂਡ ਵਜਾ ਕੇ ਗਾਇਆ ਜਾਂਦਾ ਸੀ ।ਸਕੂਲ ਦਾ ਪੀਟੀ ਮਾਸਟਰ ਜੈਭਗਵਾਨ ਸਾਨੂੰ ਪਰੇਡ ਕਰਨ ਤੇ ਟਿਪਰੀ ਡਾਂਸ ਕਰਨਾ ਸਿਖਾਇਆ ਕਰਦਾ ਸੀ ਜਿਸਦਾ ਪ੍ਰਦਰਸ਼ਨ ਸਕੂਲ ਦੇ ਵਿਸ਼ੇਸ਼ ਉਤਸਵਾਂ ਤੇ ਕੀਤਾ ਜਾਂਦਾ ਸੀ ।

ਸਕੂਲ ਵਿਚ ਸਾਰੇ ਜ਼ਿਲੇ ਦੀਆਂ ਖੇਡਾਂ ਦੇ ਮੁਕਾਬਲੇ ਹੁੰਦੇ ਸਨ ।ਫ਼ੁਟਬਾਲ ਹਾਕੀ ਅਤੇ ਵਿਸ਼ੇਸ਼ ਕਰਕੇ ਕੁਸ਼ਤੀ ਦੇ ਮੁਕਾਬਲੇ ਮੈਨੂੰ ਯਾਦ ਹਨ ।ਖੇਡਾਂ ਉਸ ਸਮੇ ਸਾਡੇ ਮਨੋਰੰਜਨ ਦਾ ਵੱਡਾ ਸਾਧਨ ਸਨ ।ਕਈ ਵਾਰੀ ਅਸੀਂ ਦਸ ਕਿਲੋਮੀਟਰ ਤੁਰ ਕੇ ਜਗਾਧਰੀ ਖੇਡਾਂ ਦੇ ਮੈਚ ਦੇਖਣ ਜਾਂਦੇ ਸਾਂ ।ਸਕੂਲ ਵਿਚ ਕਦੇ ਕਦੇ ਕੋਈ ਸੱਜਣ ਸਵੇਰੇ ਦੀ ਅਸੈਂਬਲੀ ਵਿਚ ਸਰੀਰ ਦੀ ਸੇਹਤ ਦੀ ਸੰਭਾਲ ਲਈ ਲੈਕਚਰ ਕਰਨ ਵੀ ਆ ਜਾਂਦਾ ਸੀ । ਕਈ ਵਾਰ ਕੋਈ ਜਾਦੂ ਦੇ ਤਮਾਸ਼ੇ ਵੀ ਦਿਖਾਉਣ ਵਾਲੇ ਵੀ ਆ ਜਾਂਦੇ ।ਸਕੂਲ ਦੇ ਮੈਦਾਨ ਦੇ ਇਕ ਕੋਨੇ ਵਿਚ ਖੇਤੀ ਦੀ ਵਾੜੀ ਸੀ ਜਿੱਥੇ ਸਕੂਲ ਦੇ ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀਆਂ ਲਈ ਸਬਜ਼ੀਆਂ ਉਗਾਈਆਂ ਜਾਂਦੀਆਂ ਸਨ । ਇਕ ਵਾਰੀ ਸਾਡੇ ਇਕ ਹੈਡਮਾਸਟਰ ਸ੍ਰਦਾਰ ਹਰਬੰਸ ਸਿੰਘ ਲੱਗੇ । ਉਨ੍ਹਾਂ ਬਾਰੇ ਦੱਸਿਆ ਜਾਂਦਾ ਸੀ ਕਿ ਉਹ ਇੰਗਲੈਂਡ ਹੋਕੇ ਆਏ ਸਨ ।ਉਹ ਲਗਦੇ ਵੀ ਬੜੇ ਭੱਦਰ ਪੁਰਸ਼ ਸਨ । ਜਦੋਂ ਸਕੂਲ ਵਿਚ ਵਿਦਿਆਰਥੀ ਆਪਸ ਵਿਚ ਲੜ ਪੈਂਦੇ ਤਾਂ ਉਹ ਉਨ੍ਹਾਂ ਨੂੰ ਸਕੂਲ ਤੇ ਖੂਹ ਤੋਂ ਪਾਣੀ ਕੱਢਕੇ ਕਿਆਰੀ ਸਿੰਜਣ ਦੀ ਸਜ਼ਾ ਦੇਂਦੇ ਸਨ । ਇਕ ਵਾਰ ਉਨ੍ਹਾ ਦੇ ਆਦੇਸ਼ ਤੇ ਸਕੂਲ ਦੇ ਮੈਦਾਨ ਦੀ ਵਾੜ ਲਈ ਸਾਰੇ ਵਿਦਿਆਰਥੀ ਜੰਗਲ ਵਿਚੋਂ ਝਾੜੀਆਂ ਵੱਢ ਕੇ ਲਿਆਏ ਸਨ ।

ਸਾਡੇ ਨਾਲ ਕਈ ਬੀਬੀਆਂ ਵੀ ਪੜ੍ਹਦੀਆ ਸਨ । ਜਿਨ੍ਹਾ ਬਾਰੇ ਸਾਡੇ ਵਿਚ ਕਈ ਵਾਰ ਬੜੀ ਚਰਚਾ ਹੁੰਦੀ ਰਹਿੰਦੀ ਸੀ । ਕਈ ਸਾਡੇ ਸਾਥੀ ਬੀਬੀਆਂ ਬਾਰੇ ਕਾਮੁਕ ਗੱਲਾਂ ਕਰਦੇ । ਸਕੂਲ ਦੇ ਗੁਸਲਖਾਨਿਆ ਵਿਚ ਬੀਬੀਆਂ ਲਈ ਬੜੇ ਅਸ਼ਲੀਸ ਸ਼ਬਦ ਤੇ ਰੇਖਾ ਚਿੱਤਰ ਵੀ ਬਣਾਏ ਹੁੰਦੇ । ਕਦੇ ਕੋਈ ਬੀਬੀ ਆਪਣੇ ਸਹਿਪਾਠੀ ਨਾਲ ਕੋਈ ਗਲ ਕਰ ਲੈਂਦੀ ਤਾਂ ਸਾਰਿਆਂ ਵਿਚ ਇਸਦੀ ਚਰਚਾ ਛਿੜ ਪੈਂਦੀ ।ਕੁਝ ਸਾਡੇ ਹਮਜਮਾਤੀ ਬੀਬੀਆਂ ਨਾਲ ਗੁਪਤ ਸੰਬੰਧ ਤੇ ਕਮੁਕ ਰਿਸ਼ਤਿਆ ਦੀਆਂ ਗਲਾਂ ਵੀ ਕਰਦੇ ਸਨ । ਮੈਂ ਭਾਵੇਂ ਅਮਲੀ ਤੌਰ ਤੇ ਅਜਿਹੀਆਂ ਗੱਲਾਂ ਤੇ ਹਰਕਤਾਂ ਤੋਂ ਬੱਚਿਆਂ ਰਿਹਾ ਪਰੰਤੂ ਮਨ ਵਿਚ ਇਨ੍ਹਾ ਗਲਾਂ ਦਾ ਅਸਰ ਪੈਂਦਾ ਰਿਹਾ ।

ਹੁਣ ਸੋਚਦਾ ਹਾਂ ਇਹ ਸਾਡੇ ਸਮਾਜ ਵਿਚ ਇਸਤਰੀ ਜਾਤੀ ਪ੍ਰਤੀ ਕਿਤਨਾ ਉਲਾਰੂ ਤੇ ਅਸੱਭਯ ਵਤੀਰਾ ਹੈ ਜਿਸਦੀਆਂ ਖ਼ਬਰਾਂ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਹਨ । ਨਿਕੀਆਂ ਬੱਚੀਆਂ ਨਾਲ ਵੱਡੀ ਉਮਰ ਦੇ ਬੰਦਿਆਂ ਦੀਆਂ ਬਦਫ਼ੈਲੀਆਂ ਪੜ੍ਹਕੇ ਹਿਰਦਾ ਵਲੂੰਧਰਿਆ ਜਾਂਦਾ ਹੈ ।ਇਸ ਕਰਕੇ ਛੋਟੀ ਉਮਰ ਤੋਂ ਹੀ ਵਿਦਿਆਰਥੀਆਂ ਨੂੰ ਇਸ ਪ੍ਰਤੀ ਸੁਚੇਤ ਕੀਤਾ ਜਾਣਾ ਬੜਾ ਜ਼ਰੂਰੀ ਹੈ । ਇਸਦਾ ਇਕੋ ਇਕ ਸਮਾਧਾਨ ਹੈ ਕਿ ਉਨ੍ਹਾਂ ਨੂੰ ਕਾਮ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਜਾਵੇ । ਇਸਦੀ ਕੁਵਰਤੋਂ ਸੰਬੰਧੀ ਸਾਵਧਾਨ ਕੀਤਾ ਜਾਵੇ । ਇਸ ਨੂੰ ਅਖੌਤੀ ਨੈਤਿਕਤਾ ਦੇ ਪਰਦੇ ਹੇਠ ਲੁਕਾ ਕੇ ਨਾਹ ਰੱਖਿਆ ਜਾਵੇ ਬਲਕਿ ਸਰੀਰਕ ਤੇ ਮਾਨਸਕ ਸੇਹਤ ਕਾਇਮ ਰੱਖਣ ਤੇ ਸੰਭਾਲਣ ਦੀਆਂ ਵਿਧੀਆਂ ਵਿਚ ਸੈਕਸ ਐਜੂਕੇਸ਼ਨ ਵੀ ਸ਼ਾਮਿਲ ਕੀਤੀ ਜਾਣੀ ਚਾਹੀਦੀ ਹੈ । ਨਾਲੇ ਇਸਤਰੀ ਜਾਤਿ ਦੀ ਮਨੁੱਖੀ ਸਮਾਜ ਨੂੰ ਦੇਣ ਬਾਰੇ ਅਤੇ ਉਨ੍ਹਾ ਪ੍ਰਤੀ ਆਦਰ ਦੀ ਭਾਵਨਾ ਰੱਖਣ ਬਾਰੇ ਵੀ ਦੱਸਿਆ ਜਾਵੇ । ਵਿਦਿਅਕ ਅਦਾਰਿਆ ਵਿਚ ਬੀਬੀਆਂ ਦੇ ਪਹਿਨਣ ਵਾਲੇ ਵਸਤਰਾਂ ਅਤੇ ਹੋਰ ਸਰੀਰਕ ਸਜਾਵਟਾਂ ਬਾਰੇ ਵੀ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਜ਼ਰੂਰੀ ਨਿਯਨਾਵਲੀ ਬਣਾਕੇ ਉਸਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ । ਬੀਬੀਆਂ ਸੰਬੰਧੀ ਮੁਖ ਆਕਰਸ਼ਣ ਵਧੇਰੇ ਕਰਕੇ ਉਨ੍ਹਾਂ ਦੇ ਭੜਕੀਲੇ ਤੇ ਅਲਪ ਪਹਿਰਾਵੇ ਕਰਕੇ ਹੀ ਹੁੰਦਾ ਹੈ ।

ਸਕੂਲ ਵਿਚ ਪ੍ਰੀਖਿਆ ਲਈ ਜਾ ਰਹੀ ਦਸਵੀਂ ਜਮਾਤ ਦੀ ਵਿਦਾਇਗੀ ਪਾਰਟੀ ਕਰਨ ਦੀ ਵੀ ਪ੍ਰੰਪਰਾ ਸੀ ਜੋ ਨੌਵੀਂ ਕਲਾਸ ਦੇ ਵਿਦਿਆਰਥੀ ਆਪਸ ਵਿਚ ਪੈਸੇ ਇਕੱਠੇ ਕਰਕੇ ਕਰਦੇ ਸਨ । ਸਕੂ.ਲ ਤੋਂ ਵਿਦਾ ਹੋ ਰਹੀ ਕਲਾਸ ਦਾ ਗਰੁੱਪ ਫ਼ੋਟੋ ਵੀ ਲਿਆ ਜਾਂਦਾ ਸੀ ।ਛਛਰੌਲੀ ਦੇ ਨੇੜੇ ਹੀ ਬਿਲਾਸਪੁਰ ਕਸਬੇ ਪਾਸ ਕਪਾਲ ਮੋਚਨ ਦਾ ਤੀਰਥ ਹੈ । ਇਥੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਾਉਂਟਾ ਸਾਹਿਬ ਤੋਂ ਵਾਪਸ ਮੁੜਦਿਆਂ ਠਹਿਰਣ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ । ਗੁਰੂ ਮਹਾਰਾਜ ਦੀ ਫ਼ੇਰੀ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਵੀ ਕਾਇਮ ਹੈ ਜਿਸਦਾ ਪ੍ਰਬੰਧ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀ

। ਇਥੇ ਕੱਤਕ ਦੀ ਪੂਰਨਮਾਸ਼ੀ ਦੇ ਅਵਸਰ ਤੇ ਮੇਲਾ ਲਗਦਾ ਹੈ ਜਿਸ ਦਿਨ ਸ੍ਰੀ ਗੁਰੂ ਨਾਨਕ ਜੀ ਦਾ ਪ੍ਰਕਾਸ਼ ਉਤਸਵ ਵੀ ਮਨਾਇਆ ਜਾਂਦਾ ਹੈ । ਇਥੇ ਇਕ ਸਰੋਵਰ ਹੈ ਜਿਸ ਵਿਚ ਮੇਲੇ ਵਿਚ ਆਏ ਸ਼ਰਧਾਲੂ ਇਸ਼ਨਾਨ ਕਰਦੇ ਹਨ । ਸਾਡੇ ਸਕੂਲ ਵਲੋਂ ਵੀ ਸਕਾਉਟਿੰਗ ਦੀ ਟੀਮ ਮੇਲੇ ਵਿਚ ਸਵੈ ਸੇਵਕਾਂ ਵੱਜੋਂ ਜਾਂਦੀ ਸੀ ।

ਦਸਵੀਂ ਦੇ ਸਾਡੇ ਇਮਤਿਹਾਨ ਦਾ ਸੈਂਟਰ ਜਗਾਧਰੀ ਇਕ ਸਕੂਲ ਵਿਚ ਪਿਆ । ਆਪਣੇ ਮਿੱਤਰ ਅਬਨਾਸ਼ੀ ਸਿੰਘ ਨਾਲ ਅਸੀਂ ਉਸਦੇ ਪਿਤਾ ਦੁਆਰਾ ਕਿਸੇ ਜਾਣਕਾਰ ਪਾਸੋਂ ਲਏ ਇਕ ਕਮਰੇ ਵਿਚ ਜਾ ਕੇ ਠਹਿਰੇ ਜਿੱਥੋਂ ਰੋਜ਼ ਇਮਤਿਹਾਨ ਦੇ ਪਰਚੇ ਦੇਣ ਜਾਂਦੇਂ । ਮੈਨੂੰ ਆਪਣੇ ਅਧਿਆਪਕਾਂ ਦੁਆਰਾ ਕਰਵਾਈ ਮਹਿਨਤ ਸਦਕਾ ਸਵਾਲਾਂ ਦੇ ਜਵਾਬ ਵਿਚ ਇਤਨਾਂ ਕੁਝ ਯਾਦ ਸੀ ਕਿ ਪੂਰਾ ਲਿੱਖ ਨਹੀਂ ਸਕਦਾ ।ਮਗਰੋਂ ਨਤੀਜੇ ਵਿਚ ਮੈਂ ਸਕੂਲ ਵਿਚ ਪਹਿਲੇ ਨੰਬਰ ਤੇ ਆਇਆ । ਸਕੂਲ ਦੇ ਬੋਰਡ ਤੇ ਮੇਰਾ ਨਾਮ ਦਰਜ ਕੀਤਾ ਗਿਆ ਤੇ ਮੈਨੂੰ ਅੰਗ੍ਰੇਜ਼ੀ-ਹਿੰਦੀ ਦੀ ਇਕ ਡਿਕਸ਼ਨਰੀ ਇਨਾਮ ਵਿਚ ਮਿਲੀ ਕਿਸਦੀ ਕੀਮਤ ਉਸ ਵੇਲੇ ਚਾਰ ਰੁਪਏ ਸੀ । ਇਹ 1957 ਦਾ ਸਾਲ ਸੀ ਜਦੋਂ ਭਾਰਤ ਸਰਕਾਰ ਨੇ ਸਿਕਿਆਂ ਦੀ ਦਸ਼ਮਿਕ ਪਰਨਾਲੀ ਆਰੰਭ ਕੀਤੀ ।ਰੁਪਏ ਦਾ ਸਿੱਕਾ 16 ਆਨਿਆਂ ਤੇ 64 ਪੈਸਿਆਂ ਤੋਂ ਬਦਲਕੇ 100 ਪੈਸੇ ਕਰ ਦਿੱਤਾ ਗਿਆ ।

ਛਛਰੌਲੀ ਸਾਡਾ ਪਰਵਾਰ ਕਈ ਸਾਲ ਰਿਹਾ ।ਇਥੇ ਸਾਡਾ ਗਲੀ ਮੁਹੱਲੇ ਤੇ ਸ਼ਹਿਰ ਵਿਚ ਵਸਦੇ ਆਪਣੇ ਸੰਬੰਧੀਆਂ ਨਾਲ ਚੰਗੀ ਜਾਣਕਾਰੀ ਆਣ ਜਾਣ ਤੇ ਵਰਤੋਂ ਵਿਹਾਰ ਸੀ ।ਨੇੜੇ ਦੇ ਪਿੰਡਾਂ ਵਿਚ ਵੀ ਸਾਡੇ ਕਈ ਰਿਸ਼ਤੇਦਾਰ ਰਹਿੰਦੇ ਸਨ ਜੋ ਆਪਣੀ ਵਰਤੋਂ ਦਾ ਸਾਮਾਨ ਖ਼ਰੀਦਣ ਅਕਸਰ ਛਛਰੌਲੀ ਆਉਂਦੇ ਸਨ ਤੇ ਸਾਡੇ ਘਰ ਵੀ ਉਨ੍ਹਾਂ ਦਾ ਫ਼ੇਰਾ ਲਗਾ ਰਹਿੰਦਾ ਸੀ ।ਸਾਡੀ ਬੇਬੇ ਕਿਸੇ ਘਰ ਆਏ ਨੂੰ ਰੋਟੀ ਖੁਆਉਣ ਬਗ਼ੈਰ ਨਾਹ ਜਾਣ ਦਿੰਦੀ ।ਅਸੀਂ ਵੀ ਛਛਰੌਲੀ ਤੋਂ 4-5 ਮੀਲ ਦੂਰ ਪਿੰਡ ਖਾਨੂੰਵਾਲੇ ਅਕਸਰ ਜਾਂਦੇ ਰਹਿੰਦੇ ਸਾਂ ਜਿੱਥੇ ਸਾਡੇ ਨਾਨੀ ਜੀ ਤੇ ਮਾਸੀ ਦੇ ਧੀ ਪੁੱਤਰ ਰਹਿੰਦੇ ਸਨ । ਮਾਸੀ ਦੇ ਬਹੁਤ ਸਮਾਂ ਪਹਿਲਾਂ ਹੀ ਸਵਰਗਵਾਰ ਹੋ ਜਾਣ ਕਾਰਨ ਤੇ ਮਾਸੜ ਦੇ ਘਰ ਪ੍ਰਵਾਰ ਨੂੰ ਛੱਡ ਜਾਣ ਕਾਰਣ ਇਹ ਦੋਵੇਂ ਸਾਡੀ ਨਾਨੀ ਨੇ ਹੀ ਪਾਲੇ ਸਨ । ਸਾਨੂੰ ਨਾਨੀ ਦੇ ਘਰ ਜਾਕੇ ਇਨ੍ਹਾ ਨਾਲ ਖੇਡਣਾ ਦਾ ਬੜਾ ਚਾਅ ਰਹਿੰਦਾ । ਅਸੀਂ ਤੁਰਕੇ ਖਾਨੂੰਵਾਲੇ ਜਾਂਦੇ ਸਾਂ । ਉਥੇ ਮੇਰੀ ਬੇਬੇ ਦੇ ਪੇਕੇ ਪ੍ਰਵਾਰ ਦੇ ਹੋਰ ਵੀ ਕਈ ਘਰ ਸਨ ।ਸਾਡੀ ਨਾਨੀ ਜੀ ਆਪਣੀ ਵੱਡੀ ਉਮਰ ਵਿਚ ਵੀ ਤੁਰਕੇ ਸਾਡੇ ਪਾਸ ਛਛਰੌਲੀ ਆਉਂਦੇ ਜਾਂਦੇ ਰਹਿੰਦੇ ਸਨ ।ਉਨ੍ਹਾ ਨੇ ਇਕ ਗਾਂ ਰੱਖੀ ਹੋਈ ਸੀ ।ਉਹ ਹਮੇਸ਼ਾ ਦੁੱਧ ਜਾਂ ਲੱਸੀ ਮੱਖਣ ਦੀ ਕੁੰਨੀ ਸਿਰ ਤੇ ਚੁੱਕੀ ਸਾਡੇ ਲਈ ਲਿਆਉਂਦੇ ਸਨ ।ਨਾਨੀ ਦਾ ਨਾਮ ਸੱਤੀ ਸੀ । ਉਸ ਦਾ ਪਤੀ ਵੀ ਜਵਾਨੀ ਵੇਲੇ ਚਲਾਣਾ ਕਰ ਗਿਆ ਸੀ । ਉਸਨੇ ਆਪਣੇ ਨਾਮ ਮੁਜਬ ਵਿਧਵਾ ਜੀਵਨ ਵਿਚ ਸਤਿ ਧਰਮ ਨਿਭਾਇਆ । ਰਿਸ਼ਤੇਦਾਰਾਂ ਦੇ ਜ਼ੋਰ ਦੇਣ ਤੇ ਵੀ ਦੁਬਾਰਾ ਵਿਆਹ ਨਾ ਕੀਤਾ । ਆਪਣੀਆਂ ਦੋ ਧੀਆਂ ਤੇ ਇਕ ਪੁੱਤਰ ਨੂੰ ਪਾਲ ਪਲੋਸ ਕੇ ਪਰਵਾਨ ਚੜ੍ਹਾਇਆ । ਮਗਰੋਂ ਵੱਡੀ ਧੀ ਦੇ ਚਲਾਣਾ ਕਰਨ ਤੇ ਉਸਦੇ ਦੋ ਬਾਲਾਂ ਨੂੰ ਵੀ ਮਾਂ ਵਾਂਗ ਪਾਲਿਆ ਪੋਸਿਆ ।

ਉਸ ਸਮੇ ਛਛਰੋਲੀ ਕਸਬੇ ਦਾ ਵਾਤਾਵਰਨ ਕਾਫ਼ੀ ਦਿਲਚਸਪੀ ਤੇ ਚਹਿਲ ਪਹਿਲ ਵਾਲਾ ਸੀ ।ਹਰ ਸਾਲ ਦੁਸਹਿਰੇ ਤੋਂ ਪਹਿਲਾਂ ਕਈ ਦਿਨ ਰਾਮਲੀਲਾ ਕੀਤੀ ਜਾਂਦੀ । ਇਸ ਵਿਚ ਸਾਰੇ ਕਲਾਕਾਰ ਸ਼ਹਿਰ ਦੇ ਹੀ ਹੁੰਦੇ । ਰਾਤੀਂ ਦੇਰ ਤਕ ਰਾਮਲੀਲਾ ਦੇ ਨਾਟਕ ਚਲਦੇ ਜਿਸਨੂੰ ਅਸੀ ਬੱਚੇ ਬੜੀ ਦਿਲਚਸਪੀ ਨਾਲ ਵੇਖਦੇ । ਸ਼ਹਿਰ ਨਿਵਾਸੀ ਵੀ ਕਾਫ਼ੀ ਗਿਣਤੀ ਵਿਚ ਇੱਥੇ ਇਕੱਠੇ ਹੁੰਦੇ ।ਬਾਣੀਏ ਪਰਵਾਰ ਦਾ ਇਕ ਸੱਜਣ ਰਾਵਣ ਦਾ ਅਭਿਨੈ ਕਰਦਾ । ਉਹ ਲੋਕਾਂ ਵਿਚ ਮੱਛਰ ਦੇ ਨਾਮ ਨਾਲ ਪ੍ਰਸਿੱਧ ਸੀ ।ਰਾਮਲੀਲਾ ਦੇ ਨਾਟਕ ਸਮੇ ਸਵਾਮੀ ਤੁਲਸੀਦਾਸ ਦੀ ਰਚੀ ਰਾਮਾਇਣ ਦੀਆਂ ਚੌਪਈਆਂ ਨੂੰ ਵਾਜੇ ਜੋੜੀ ਨਾਲ ਬੜੀ ਸੁਰ ਵਿਚ ਗਾਇਆ ਜਾਂਦਾ ।ਵਿਚ ਵਿਚ ਫ਼ਿਲਮੀ ਗਾਣੇ ਵੀ ਚਲਦੇ ਰਹਿੰਦੇ ।ਇਕ ਮੋਟੀ ਗੋਗੜ ਵਾਲਾ ਬਜ਼ੁਰਗ ਲਾਲਾ ਜਿਸਦਾ ਨਾਮ ਕੁੰਦਨ ਖੋਟਾ ਸੀ ਬਿਨਾ ਕਿਸੇ ਕਾਰਜ ਦੇ ਸਟੇਜ ਤੇ ਚੜ੍ਹ ਜਾਂਦਾ ਤਾਂ ਸਾਰੀ ਦਰਸ਼ਕ ਮੰਡਲੀ ਵਿਚ ਹਾਸਾ ਛਿੜ ਪੈਂਦਾ । ਮੁੰਡੇ ਖੁੰਡੇ ਉਚੇ ਉਚੇ ਨਾਹਰੇ ਮਾਰਨ ਲਗ ਜਾਂਦੇ "ਬੋਲ ਕੁੰਦਨ ਖੋਟੇ ਕੀ ----- ਜੈ"। ਸ਼ਾਇਦ ਉਹ ਆਪਣੀ ਜੈ ਜੈ ਕਾਰ ਕਰਾਉਣ ਹੀ ਸਟੇਜ ਤੇ ਚੜ੍ਹਦਾ ਸੀ ।

ਕਦੇ ਕਦੇ ਕੋਈ ਬ੍ਰਾਹਮਣ ਕਥਾ ਵਾਚਕ ਵੀ ਆ ਜਾਂਦੇ ਜੋ ਬਹੁਤਾ ਕਰਕੇ ਮੰਦਰਾਂ ਵਿਚ ਕਥਾ ਵਾਰਤਾ ਕਰਦੇ । ਇਕ ਵਾਰੀ ਜਗਨ ਨਾਥ ਨਾਮਕ ਇਕ ਬੜਾ ਸੁਨੱਖਾ ਕਥਾ ਵਾਚਕ ਆਇਆ । ਉਹ ਚੌਕ ਵਿਚ ਖੂਹ ਦੇ ਥੜੇ ਤੇ ਬੈਠ ਕੇ ਕਥਾ ਕਰਦਾ ਸੀ । ਵਾਜਾ ਇਕ ਪਾਸੇ ਰਖ ਕੇ ਵਜਾਉਂਦਾ ਤੇ ਨਾਲ ਨਾਲ ਫ਼ਿਲਮੀ ਟਿਊਨਾ ਤੇ ਰਚੇ ਧਾਰਮਿਕ ਗੀਤ ਗਾਉਂਦਾ । ਉਸਦਾ ਕਥਾ ਕਰਨ ਦਾ ਢੰਗ

ਬੜਾ ਪ੍ਰਭਾਵਸ਼ਾਲੀ ਸੀ । ਮਹਾਭਾਰਤ ਦੇ ਬ੍ਰਿਤਾਂਤ ਬੜੇ ਨਾਟਕੀ ਢੰਗ ਨਾਲ ਗਾ ਸੁਣਾ ਕੇ ਦਸਦਾ ਜਿਸ ਨਾਲ ਦਰਸ਼ਕ ਕੀਲੇ ਜਾਂਦੇ ।

ਕਸਬੇ ਦੇ ਆਲੇ ਦੁਆਲੇ ਅੰਬਾਂ ਦੇ ਸੰਙਣੇ ਬਾਗ ਸਨ ਤੇ ਇਕ ਤਾਲਾਬ ਸੀ ਕਿਸਦਾ ਨਾਮ ਰਾਣੀ ਦਾ ਤਾਲਾਬ ਸੀ । ਬੀਬੀਆਂ ਤੇ ਧੋਬੀ ਇਥੇ ਘਰਾਂ ਦੇ ਕਪੜੇ ਧੋਂਦੇ ਸਨ ।ਕਦੇ ਨੌਟੰਕੀ ਕਰਨ ਵਾਲੀ ਪਾਰਟੀ ਵੀ ਆ ਜਾਂਦੀ । ਉਹ ਕਸਬੇ ਤੋਂ ਬਾਹਰ ਬਾਗ ਦੀ ਖੁਲ੍ਹੀ ਥਾਂ ਤੇ ਆਪਣੀ ਕਲਾ ਪ੍ਰਦਰਸ਼ਨ ਕਰਦੇ ਸਨ । ਦਰਸ਼ਕਾਂ ਦੇ ਵਿਚਕਾਰ ਇਕ ਗੋਲ ਚੱਕਰ ਵਿਚ ਉਨ੍ਹਾਂ ਦੀ ਨਾਟ ਲੀਲਾ ਚਲਦੀ । ਸਾਜ਼ ਵਜਾਉਣ ਵਾਲੀ ਮੰਡਲੀ ਇਕ ਪਾਸੇ ਬੈਠ ਜਾਂਦੀ ਤੇ ਕਲਾਕਰ ਦਾਇਰੇ ਵਿਚ ਤੁਰ ਫ਼ਿਰਕੇ ਆਪਣਾ ਪ੍ਰਦਰਸ਼ਨ ਕਰਦੇ । ਉਹ ਅਕਸਰ ਨੱਚ–ਗਾਕੇ ਆਪਣੇ ਨਾਟ ਪ੍ਰਸੰਗ ਸੁਣਾਉਂਦੇ ਜਿਨ੍ਹਾਂ ਨਾਲ ਸਾਜ਼ ਮੰਡਲੀ ਢੁਕਵਾਂ ਸੰਗੀਤ ਦਿੰਦੀ ਜਿਸ ਵਿਚ ਢੋਲਾਂ ਦੀ ਆਵਾਜ਼ ਦਾ ਜ਼ਿਆਰਾ ਅਸਰ ਹੁੰਦਾ । ਪ੍ਰਸੰਗ ਬਹੁਤੇ ਧਾਰਮਕ ਕਥਾ ਵਾਰਤਾ ਦੇ ਹੀ ਹੁੰਦੇ ਸਨ ।ਬਾਗਾਂ ਵਿਚ ਕਈ ਵਾਰ ਮੇਲਾ ਵੀ ਲਗਦਾ ਜਿੱਥੇ ਕਈ ਦੁਕਾਨਦਾਰ ਤੇ ਕਲਾਕਾਰ ਆਪਣੇ  ਸਾਮਾਨ ਦੀ ਵਿਕਰੀ ਅਤੇ ਕਲਾਵਾਂ ਦੇ ਦਿਖਾਵੇ ਦੇ ਕਾਰਜ ਕਰਦੇ । ਕਈ ਦੇਸੀ ਡਾਕਟਰ ਵੀ ਆਪਣੀਆਂ ਦੁਆਈਆਂ ਦਿਖਾ ਦਿਖਾ ਕੇ ਉਨ੍ਹਾਂ ਦੇ ਤੁਰਤ ਅਤੇ ਚਮਤਕਾਰੀ ਅਸਰ ਦਾ ਪ੍ਰਚਾਰ ਬੜੀ ਅਸਰਦਾਰ ਸ਼ਬਦਾਵਲੀ ਵਿਚ ਕਰਦੇ ਜਿਸ ਦੇ ਉਹ ਪੂਰੇ ਮਾਹਰ ਹੁੰਦੇ । ਹੈਰਨੀ ਹੁੰਦੀ ਹੈ ਕਿ ਦੁਖਦੇ ਦੰਦ ਤੇ ਦਾੜ੍ਹਾਂ ਮੂੰਹ ਵਿਚ ਉਗਲੀਆਂ ਪਾਕੇ ਤੁਰਤ ਕੱਢ ਕੇ ਹਥ ਵਿਚ ਫ਼ੜਾ ਦਿੰਦੇ ਜਿਨ੍ਹਾਂ ਲਈ ਦੰਦਾ ਦੇ ਡਾਕਟਰ ਕਈ ਉਪਰਾਲੇ ਕਰਦੇ ਹਨ ।

ਛਛਰੌਲੀ ਕਸਬਾ ਪਹਿਲਾਂ ਪੈਪਸੂ ਦੀ ਰਿਆਸਤ ਕਲਸੀਆ ਦੀ ਰਾਜਧਾਨੀ ਸੀ । ਕਸਬੇ ਦੇ ਵਿਚਕਾਰ ਨਿੱਕੀਆਂ ਇੱਟਾਂ ਦਾ ਇਕ ਕਿਲਾ ਬਣਿਆ ਹੋਇਆ ਹੈ । ਇਸ ਵਿਚ ਰਾਜੇ ਦੇ ਮਹਿਲ ਬਣੇ ਹੋਏ ਸਨ ।ਇਨ੍ਹਾ ਵਿਚ ਇਕ ਗੁਰਦੁਆਰਾ, ਸਰਕਾਰੀ ਦਫ਼ਤਰ ਤੇ ਲੜਕੀਆਂ ਦਾ ਸਕੂਲ ਸੀ ।ਹੁਣ ਤਾਂ ਇਸ ਕਿਲੇ ਦੀਆ ਅੰਦਰਲੀਆਂ ਇਮਾਰਤਾਂ ਢਹਿ ਢੇਰੀ ਹੋ ਗਈਆਂ ਹਨ ਅਤੇ ਦੀਵਾਰਾਂ ਵੀ ਕਈ ਥਾਵਾਂ ਤੋਂ ਹੇਠਾ ਤਕ ਡਿਗ ਪਈਆਂ ਹਨ ।ਮੂਹਰਲਾ ਗੇਟ ਵੀ ਡਿੱਗਣ ਡਿੱਗਣ ਕਰਦਾ ਹੈ ।

ਕਸਬੇ ਤੋਂ ਕੁਝ ਦੂਰੀ ਤੇ ਰਾਜੇ ਦਾ ਮਹਿਲ ਬਣਿਆ ਹੋਇਆ ਸੀ । ਇਸਦੇ ਕਮਰੇ ਓਦੋਂ ਚੰਗੀ ਹਾਲਤ ਵਿਚ ਸਨ ਅਤੇ ਕਈਆਂ ਵਿਚ ਰਾਜਿਆਂ ਦੁਆਰਾ ਸ਼ਿਕਾਰ ਕੀਤੇ ਜਾਨਵਰਾਂ ਹਿਰਨਾ, ਸ਼ੇਰਾਂ, ਚੀਤਿਆਂ ਦੀਆਂ ਖੋਪੜੀਆਂ ਉਨ੍ਹਾਂ ਦੇ ਸਿੰਗਾਂ ਸਹਿਤ ਦੀਵਾਰਾਂ ਉਤੇ ਲਗੀਆ ਹੋਈਆਂ ਸਨ । ਮਹਿਲ ਦੁਆਰੇ ਬਾਗ ਵਿਚੇ ਕਈ ਸਜਾਵਟੀ ਦਰਖ਼ਤ ਵੀ ਸੋਭਦੇ ਸਨ । ਪਰੰਤੂ ਹੁਣ ਇਸ ਮਹਿਲ ਦਾ ਕੋਈ ਨਾਮੋ ਨਿਸ਼ਾਨ ਨਹੀਂ ਦਿਸਦਾ । ਇਥੇ ਇਕ ਖਾਲਸਾ ਹਾਈ ਸਕੂਲ ਉਸਾਰਿਆ ਗਿਆ ਹੈ ।ਸ਼ਹਿਰ ਤੋਂ ਬਾਹਰ ਦੂਸਰੇ ਸ਼ਹਿਰਾਂ ਪੌਂਟਾ ਸਾਹਿਬ , ਜਮਨਾਨਾਗਰ, ਬਿਲਾਸਪੁਰ ਜਾਣ ਦੀਆ ਸੜਕਾਂ ਸਨ ਜਿਨ੍ਹਾਂ ਤੇ ਬਹੁਤੀ ਟਰੈਫ਼ਿਕ ਨਹੀਂ ਸੀ ਹੁੰਦੀ ਅਸੀਂ ਦੂਰ ਦੂਰ ਤਕ ਇਨ੍ਹਾ ਤੇ ਘੁੰਮਣ ਨਿਕਲ ਜਾਂਦੇ ਸਾਂ । ਪਰੰਤੂ ਹੁਣ ਤਾਂ ਗੱਡੀਆਂ ਦੀ ਇਤਨੀ ਆਵਾਜਾਈ ਵੱਧ ਗਈ ਹੈ ਕਿ ਇਨ੍ਹਾਂ ਤੇ ਤੁਰਨਾ ਫ਼ਿਰਨਾ ਵੀ ਮੁਸ਼ਕਿਲ ਹੋ ਗਿਆ ਹੈ । ਸ਼ਹਿਰ ਦੇ ਨਾਲ ਹੀ ਸੋਮ ਨਦੀ ਵਹਿੰਦੀ ਸੀ ਜਿਸਦੇ ਕਿਨਾਰੇ ਅਸੀਂ ਸਵੇਰੇ ਸ਼ਾਮ ਬੈਠਕੇ ਆਪਣੇ ਸਕੂਲੀ ਪਾਠ ਯਾਦ ਕਰਦੇ ਸਾਂ । ਪ੍ਰੰਤੂ ਹੁਣ ਉਹ ਨਦੀ ਵੀ ਬਸ ਰੇਤੀਲੀ ਬਰੇਤੀ ਹੀ ਰਹਿ ਗਈ ਹੈ ਤੇ ਇਸਦਾ ਕਿਨਾਰੇ ਵੀ ਢਹਿ ਢੇਰੀ  ਹੋ ਗਏ ਹਨ ।ਜਦੋਂ ਕਈ ਸਾਲ ਬਾਅਦ ਮੈਂ ਛਛਰੌਲੀ ਗਿਆ ਤਾਂ ਇਸ ਕਸਬੇ  ਦੀ ਹਾਲਤ ਵੇਖ ਕੇ ਮਨ ਇਥੋਂ ਦੇ ਪੁਰਾਣੇ ਵਾਤਾਵਰਣ ਦੀ ਯਾਦ ਕਰਦਿਆ ਮੌਜੂਦਾ ਨਿਘਰਦੇ ਹਾਲਾਤ  ਦੀ ਵੇਦਨਾ ਵਿਚ ਦਿਲ ਪੁਕਾਰ ਉਠਿਆ :–

### ਮੇਰਾ ਸ਼ਹਿਰ

ਮੇਰਾ ਇਹ ਸ਼ਹਿਰ ਹੁਣ ਮੇਰਾ ਨਹੀਂ ਰਿਹਾ ।
ਬਸੇਰਾ ਨਹੀ ਰਿਹਾ, ਉਹ ਚੁਫ਼ੇਰਾ ਨਹੀ ਰਿਹਾ ।
ਜਾਣਨ ਸਿਵਾਣਨ ਵਾਲੇ ਉਹ ਲੋਕ ਨਾ ਰਹੇ,
ਲੋਕਾਂ ਦੇ ਉਹ ਨਰੋਏ ਹੁਣ ਸ਼ੌਕ ਨਾ ਰਹੇ ।
ਰਾਸਲੀਲਾਵਾਂ ਨੌਟੰਕੀਆਂ ਦੇ ਮੇਲ ਨਾ ਰਹੇ ।
ਕੁਸ਼ਤੀਆਂ ਕਬੱਡੀਆਂ ਦੇ ਖੇਲ ਨਾ ਰਹੇ ।

ਸਤਿਸੰਗ ਜੋੜਮੇਲੇ ਕਵੀ ਦਰਬਾਰ ਨਾ ਰਹੇ।
ਸਾਂਝਾਂ ਪਿਆਰ ਵੰਡਦੇ ਤਿਉਹਾਰ ਨਾ ਰਹੇ ।
ਖੁਲ੍ਹੇ ਦਵਾਰਾਂ ਵਾਲੇ ਉਹ ਘਰਬਾਰ ਨਾ ਰਹੇ,
ਨਾਮਾ,ਦੀਪਾ,ਜੀਤੂ ਜਹੇ ਉਹ ਯਾਰ ਨਾ ਰਹੇ ।
ਉਹ ਦੁਕਾਨਾ ਤੇ ਗਲੀ ਬਾਜ਼ਾਰ ਨਾ ਰਹੇ ।
ਸੁਖਾਂ ਦੁਖਾਂ ਦੇ ਬੇਲੀ ਰਿਸ਼ਤੇਦਾਰ ਨਾ ਰਹੇ ।
ਨਦੀਆ ਕਿਨਾਰੇ ਉਹ ਖੁਲ੍ਹੇ ਖੇਤ ਨਾ ਰਹੇ ।
ਫ਼ੱਗਣ ਵਿਸਾਖ ਸਾਵਣ ਉਹ ਚੇਤ ਨਾ ਰਹੇ ।
ਹੁਣ ਤਾਂ ਤਾਂ ਭੀੜਾਂ ਦਿਸਦੀਆ ਇਨਸਾਨ ਨਹੀਂ ਦਿਸਦਾ ।
ਮੰਦਰ ਸ਼ਿਵਾਲੇ ਦਿਸਦੇ ਭਗਵਾਨ ਨਹੀਂ ਦਿਸਦਾ ।
ਚਲਦੇ ਸੀ ਜਿਨ੍ਹਾਂ ਰਾਹਾਂ ਤੇ ਬੇਫ਼ਿਕਰ ਮਸਤ ਚਾਲ,
ਉਨ੍ਹਾ ਤੇ ਹੁਣ ਦੋ ਕਦਮ ਤੁਰਨਾ ਹੋਇਆ ਮੁਹਾਲ ।
ਪਾਲੇ ਪਲੋਸੇ ਸੁਪਨਿਆਂ ਦਾ ਘਾਣ ਹੋ ਗਿਆ,
ਘਰਬਾਰ ਵਰਗਾ ਸ਼ਹਿਰ ਬੇਪਛਾਣ ਹੋ ਗਿਆ ।

ਆਪਣੀ ਰਿਸ਼ਤੇਦਾਰੀ ਦੇ ਸੰਬੰਧਾਂ ਤੋਂ ਇਲਾਵਾ ਹੋਰਨਾਂ ਨਾਲ ਮੇਰੇ ਕਦੇ ਬਹੁਤੇ ਸੰਬੰਧ ਨਹੀਂ ਰਹੇ । ਸਕੂਲ ਦੇ ਸਹਿਪਾਠੀਆਂ ਨਾਲ ਵੀ ਪੜ੍ਹਾਈ ਤੋਂ ਬਾਅਦ ਘਟ ਹੀ ਸੰਪਰਕ ਰਿਹਾ । ਮੇਰਾ ਸਕੂਲ਼ ਸਮੇ ਦਾ ਦੋਸਤ ਅਬਨਾਸ਼ੀ ਸਿੰਘ ਸੀ ਜਿਸਦਾ ਘਰ ਸਾਡੇ ਨਾਲ ਹੀ ਗਲੀ ਦੇ ਸਿਖਰ ਤੇ  ਸੀ । ਉਸਦੇ ਪ੍ਰਵਾਰ ਨਾਲ ਵੀ ਸਾਡੇ ਚੰਗੇ ਸੰਬੰਧ ਸਨ । ਉਹ ਸਤ ਅਠ ਭੈਣਂ ਭਰਾ ਸਨ । ਉਹਦਾ ਇਕ ਛੋਟਾ ਜਿਹਾ ਭਰਾ ਜਿਸਨੂੰ  ਪਿਆਰ ਨਾਲ ਸਾਰੇ  ਗੱਪੋ  ਬੁਲਾਂਦੇ ਸਨ ਮੈਂਨੂੰ ਬੜਾ ਪਿਆਰਾ ਲਗਦਾ ਸੀ । ਉਹ ਛੋਟੀ ਉਮਰ ਵਿਚ ਹੀ ਸਵਰਗਵਾਸ ਹੋ ਗਿਆ ਜਿਸਦਾ  ਮੈਨੂੰ  ਬੜਾ ਦੁੱਖ ਲਗਾ ।ਮੈ ਬਹੁਤਾ ਅਬਨਾਸੀ ਸਿੰਘ ਨਾਲ ਪੜ੍ਹਦਾ ਫ਼ਿਰਦਾ ਤੁਰਦਾ ਤੇ ਖੇਡਦਾ ਸਾਂ।ਦਸਵੀਂ ਤੋਂ ਬਾਦ ਵੀ ਕੁਝ ਸਮਾ ਉਸਦੇ ਨਾਲ ਸੰਪਰਕ ਬਣਿਆ ਰਿਹਾ ।ਮਗਰੋਂ ਉਹ ਆਈ: ਟੀ: ਆਈ ਅੰਬਾਲਾ ਸ਼ਹਿਰ ਵਿਚ ਸਟੋਰ ਕੀਪਰ ਦੀ ਨੌਕਰੀ ਤੇ ਲਗ ਗਿਆ ।ਮੈਂ ਵੀ ਕੁਝ ਸਾਲ ਨੌਕਰੀ ਦੇ ਸਿਲਸਿਲੇ ਵਿਚ ਅੰਬਾਲੇ ਰਿਹਾ ਤੇ ਉਸਨੂੰ ਮਿਲਦਾ ਰਿਹਾ । ਉਸਦੇ ਮਾਤਾ ਪਿਤਾ ਚੜ੍ਹਾਈ ਕਰ ਗਏ ਤਾਂ ਉਸਨੇ  ਛਛਰੌਲੀ ਵਾਲਾ ਮਕਾਨ ਵੇਚ ਦਿੱਤਾ  ।

ਛਛਰੌਲੀ ਵਿਚ ਬਹੁਤੀ ਵੱਸੋਂ ਲਾਲਿਆਂ ਦੀ ਸੀ ਜਿਹੜੇ ਸ਼ਹਿਰ ਵਿਚ ਹੀ ਕਈ ਦੁਕਾਨਾ ਪਾਈ ਬੈਠੈ ਸਨ । ਉਨ੍ਹਾਂ ਵਿਚੋਂ ਮੇਰਾ ਨਿੱਘਾ ਸੰਬੰਧ ਮਾਸਟਰ ਦੇਵਰਾਜ ਦੇ ਪ੍ਰਵਾਰ ਨਾਲ ਕਾਫ਼ੀ ਦੇਰ ਤਕ ਬਣਿਆ ਰਿਹਾ । ਉਹ ਅਧਿਆਪਕ ਸਨ ਤੇ ਸਕੂਲ਼ ਦੇ ਸਰਕਾਰੀ ਪਾਈਮਰੀ ਸਕੂਲ਼ ਤੋਂ ਰਿਟਾਇਰ ਹੋਏ ਸਨ ਤੇ ਟਾਈਪ ਸਿਖਾਉਣ ਦਾ ਕੰਮ ਕਰਦੇ ਸਨ ।ਮੈਂ ਵੀ ਮੈਟ੍ਰਿਕ ਪਾਸ ਕਰਨ ਮਗਰੋਂ ਉਨ੍ਹਾਂ ਪਾਸ ਟਾਈਪ ਸਿੱਖਣ ਜਾਣ ਲਗ ਪਿਆ । ਮੇਰਾ ਮੈਟ੍ਰਿਕ ਦਾ ਚੰਗਾ ਨਤੀਜਾ ਜਾਣਕੇ ਉਨ੍ਹਾ ਨੇ ਆਪਣੇ ਦੋ ਮੁੰਡਿਆਂ ਨੂੰ ਮੈਂਨੂੰ ਪੜ੍ਹਾਉਣ ਲਈ ਕਿਹਾ । ਇਹ ਦੋਵੇਂ ਰਾਜ ਤੇ ਸੱਤੋ ਹਾਈ ਸਕੂਲ ਵਿਚ ਪੜ੍ਹਦੇ ਸਨ ।ਮੈ ਟਾਈਪ ਸਿੱਖਣ ਦੇ ਨਾਲ ਨਾਲ ਉਨ੍ਹਾਂ ਨੂੰ ਪੜ੍ਹਾਉਂਦਾ ਰਿਹਾ ।

ਮਾਸਟਰ ਜੀ ਚੰਗੇ ਸਿਆਂਣੇ ਤੇ ਵਰਤੋਂ ਵਿਹਾਰ ਵਾਲੇ ਸੱਜਣ ਸਨ । ਉਨ੍ਹਾ ਨਾਲ ਗੱਲਾਂ ਬਾਤਾਂ ਵਿਚ ਵੀ ਮੈਨੂੰ ਕਈ ਗੱਲਾਂ ਸਿੱਖਣ ਨੂੰ ਮਿਲੀਆਂ । ਮੇਰੇ ਪ੍ਰਵਾਰ ਨਾਲ ਵੀ ਉਨ੍ਹਾ ਦਾ ਸੰਬੰਧ ਬਣ ਗਿਆ ਸੀ ਤੇ ਛਛਰੌਲੀ ਰਹਿੰਦੇ ਮੇਰੇ ਛੋਟੇ ਵੀਰ ਦੀ ਵੀ ਉਹ ਸਮੇ ਸਮੇ ਸਿਰ ਸਹਾਇਤਾ ਕਰਦੇ ਰਹਿੰਦੇ ਸਨ । ਮਗਰੋਂ ਬਾਹਰ ਜਾਕੇ ਨੌਕਰੀ ਕਰਨ ਦੌਰ੍ਹਾਨ ਮੈ ਜਿਤਨੀ ਵਾਰੀ ਵੀ ਛਛਰੌਲੀ ਜਾਂਦਾ ਉਨ੍ਹਾਂ ਨੂੰ ਜ਼ਰੂਰ ਮਿਲਦਾ । ਉਹ ਵੀ ਮੈਨੂੰ ਮਿਲਕੇ ਖ਼ੁਸ਼ ਹੁੰਦੇ । ਉਨ੍ਹਾਂ ਆਪਣੀ ਗੀਤਾ ਅਨੁਵਾਦ ਵਾਲੀ ਇਕ ਪੁਸਤਿਕਾ ਵੀ ਮੈਨੂੰ ਦਿੱਤੀ ਤੇ ਮੇਰੇ ਪਾਸੋਂ ਗੁਰੂ ਗ੍ਰੰਥ ਸਾਹਿਬ ਦੇ ਹਿੰਦੀ ਅਨੁਵਾਦ ਦੀਆਂ ਪੋਥੀਆਂ ਮੰਗਵਾਈਆਂ ਸਨ।

ਕੈਨੇਡਾ ਤੋਂ ਦੂਜੀ ਭਾਰਤ ਦੀ ਫ਼ੇਰੀ ਦੌਰਾਨ ਸੰਨ ੨੦੦੩ ਵਿਚ ਉਨ੍ਹਾਂ ਨਾਲ ਮੇਰਾ ਆਖ਼ਰੀ ਮੇਲ ਹੋਇਆ । ਕੁਝ ਦੇਰ ਮਗਰੋਂ ਲਗਭਗ ਨੱਬੇ ਸਾਲਾਂ ਦੀ ਲੰਮੀ ਉਮਰ ਭੋਗਕੇ ਉਹ ਸਵਰਗਵਾਸ ਹੋਏ ।ਉਨ੍ਹਾ ਦੇ ਦੋਵੇਂ ਮੁੰਡੇ ਹੁਣ ਦਿਲੀ ਰਹਿੰਦੇ ਹਨ ਤੇ ਚੰਗੇ ਕਾਰੋਬਾਰੀ ਹਨ । ਛੋਟਾ ਛਛਰੌਲੀ ਹੀ ਆਪਣੇ ਪ੍ਰਵਾਰ ਨਾਲ ਰਹਿੰਦਾ ਹੈ

* * * * * * * * * *

## ਪੜ੍ਹਾਈ ਦੀ ਮ੍ਰਿਗ ਤ੍ਰਿਸ਼ਨਾ

ਮੈਨੂੰ ਅੱਗੇ ਪੜ੍ਹਨ ਤੇ ਕਾਲਜ ਵਿਚ ਲੈਕਚਰਾਰ ਬਣਨ ਦੀ ਬੜੀ ਤਾਂਘ ਸੀ । ਪਰੰਤੂ ਪ੍ਰਵਾਰਕ ਆਰਥਕ ਤੰਗੀ ਕਾਰਨ ਕਾਲਜ ਵਿਚ ਦਾਖ਼ਲਾ ਲੈਣ ਤੇ ਉਥੇ ਰਹਿਣ ਦਾ ਖ਼ਰਚ ਕਰਨ ਦੀ ਸਮਰੱਥਾ ਨਾਹ ਹੋਣ ਕਾਰਨ ਮੇਰੀ ਇਹ ਤਾਂਘ ਦਿਲ ਵਿਚ ਹੀ ਘੁਟੀ ਰਹਿੰਦੀ ।ਭਾਪਾ ਜੀ ਪੋਲੀਸ ਦੀ ਨੌਕਰੀ ਕਰਦੇ ਸਨ ਅਤੇ ਉਨਾਂ ਨੂੰ ਉਸ ਸਮੇ ਸੌ ਕੁ ਰੁਪਏ ਮਾਸਿਕ ਤਨਖਾਹ ਮਿਲਦੀ ਸੀ ਜਿਸ ਵਿਚੋਂ ਉਹ ਅੱਧੀ ਸਾਨੂੰ ਭੇਜ ਦਿੰਦੇ । ਬੇਜੀ ਕਰਿਆਨੇ ਦੀ ਦੁਕਾਨ ਤੋਂ ਪਿਛਲੇ ਮਹੀਨੇ ਦਾ ਕਰਜ਼ ਚੁਕਾਕੇ ਅਗਲੇ ਮਹੀਨੇ ਦਾ ਸੌਦਾ ਲੈ ਆਉਦੇ । ਸੌਦੇ ਦੀ ਦੁਕਾਨ ਵਾਲਾ ਪ੍ਰੇਮ ਸਿੰਘ ਚੰਗਾ ਵਪਾਰੀ ਮਨੁਖ ਸੀ । ਉਸਦੀ ਦੁਕਾਨ ਡਾਕਖਾਨੇ ਦੇ ਸਾਹਮਣੇ ਹੁੰਦੀ ਸੀ । ਉਸਨੂੰ ਸਾਰੇ ਪਟਾਕੇ ਵਾਲਾ ਪ੍ਰੇਮ ਸਿੰਘ ਕਹਿੰਦੇ ਸਨ, ਕਿਉਂਕਿ ਉਹ ਗਲਾਂ ਕਰਦਿਆ ਮੂੰਹ ਨਾਲ ਪਟਾਕੇ ਵਰਗੀ ਆਵਾਜ਼ ਕੱਢਦਾ ਸੀ । ਬੇਜੀ ਨੂੰ ਅਕਸਰ ਕਹਿੰਦਾ ਹੁੰਦਾ ਸੀ । ਟਹਿਲ ਕੌਰਾਂ ਅਸੀਂ ਗੁਰੂ ਨਾਨਕ ਦੇ ਕੁੱਤੇ ਹਾਂ ।ਉਂਵ  ਹਿਸਾਬ ਕਿਤਾਬ ਦਾ ਪੂਰਾ ਸੂਰਾ ਸੀ ।

ਪਰਵਾਰ ਵਿਚ ਉਸ ਸਮੇ ਮੇਰੇ ਤੋਂ ਛੋਟੀ ਭੈਣ ਪ੍ਰਕਾਸ਼ ਕੌਰ ਸੀ ਜਿਸਦਾ ਜਨਮ ਵੀ ਪਾਕਿਸਤਾਨ ਵਿਚ ਹੋਇਆ ਸੀ । ਉਹ ਲੜਕੀਆਂ ਦੇ ਸਕੂਲ ਵਿਚ ਪੜ੍ਹਦੀ ਸੀ । ਮਗਰੋਂ ਮੇਰੇ ਦੋ ਭਰਾਵਾਂ ਤੇ ਇਕ ਭੈਣ ਦਾ ਜਨਮ ਹੋਇਆ ਉਹ ਸਾਰੇ ਛਛਰੌਲੀ ਸਕੂਲਾਂ ਵਿਚ ਪੜ੍ਹਦੇ ਰਹੇ ।ਭਰਾ ਪਹਿਲਾਂ ਪ੍ਰਾਈਮਰੀ ਸਕੂਲ ਵਿਚ ਪੜ੍ਹੇ ਤੇ ਮੇਰੇ ਮਗਰੋਂ ਹਾਈ ਸਕੂਲ ਵਿਚ ਦਾਖ਼ਲ ਹੋਏ । ਭੈਣਾ ਵੀ ਕੁੜੀਆਂ ਦੇ ਸਕੂਲ ਵਿਚ ਪੜ੍ਹਦੀਆਂ ਸਨ ।

ਪ੍ਰਵਾਰ ਦੀ ਮਾਇਕ ਹਾਲਤ ਚੰਗੀ ਨਾਹ ਹੋਣ ਕਾਰਨ ਮੈਂ ਅੱਗੇ ਪੜ੍ਹਨ ਨਾਲੋਂ ਕੋਈ ਨੌਕਰੀ ਲੱਭਣ ਦੀ ਕੋਸ਼ਿਸ਼ ਕਰਨ ਲੱਗਾ। ਨਹਿਰ ਵਿਭਾਗ ਵਿਚ ਦਾਦੂਪੁਰ ਮੀਟਰ ਰੀਡਰ ਦੀ ਆਰਜ਼ੀ ਨੌਕਰੀ ਮਿਲ ਗਈ ਪਰ ਇਹ ਇਤਨੀ ਔਖੀ ਲੱਗੀ ਕਿ ਮੈਂ ਕੁਝ ਦਿਨ ਕਰਕੇ ਛੱਡ ਦਿੱਤੀ । ਮਗਰੋਂ ਅੰਬਾਲਾ ਸ਼ਹਿਰ ਭੂਆ ਜੀ ਦੇ ਗਵਾਂਡੀ ਪ੍ਰਵਾਰ ਦੇ ਲੜਕੇ ਨੇ ਮੈਨੂੰ ਐਸ:ਏ:ਜੈਨ ਕਾਲਜ ਵਿਚ ਇੰਟਰ ਦੇ ਸਾਈਂਸ ਗਰੁਪ ਵਿਚ ਦਾਖ਼ਲਾ ਦਿਵਾ ਦਿੱਤਾ । ਉਹ ਆਪ ਵੀ ਉਸ ਸਮੇ ਇਸ ਕਾਲਜ ਦਾ ਵਿਦਿਆਰਥੀ ਸੀ । ਮੈਂ ਆਪਣੇ ਮੈਟ੍ਰਿਕ ਦੇ ਨੰਬਰਾਂ ਆਸਰੇ  ਸਕੂਲ਼ ਫ਼ੀਸ ਮੁਆਫ਼ੀ ਲਈ ਦਰਖਾਸਤ ਦਿੱਤੀ । ਪਹਿਲਾਂ ਵਾਂਗ ਹੀ ਮੈਂ ਭੂਆ ਜੀ ਦੇ ਪ੍ਰਵਾਰ ਨਾਲ ਰਹਿਣ ਲੱਗਾ । ਪ੍ਰੰਤੂ ਛੇ ਕੁ ਮਹੀਨੇ ਮਗਰੋਂ ਪਤਾ ਲੱਗਾ ਕਿ ਮੇਰੀ ਫ਼ੀਸ  ਮੁਆਫ਼ ਨਹੀਂ ਸੀ ਹੋਈ ।ਹੁਣ ਪਿਛਲੀ ਸਮੇਤ ਮੈਨੂੰ ਸਾਰੀ ਮਾਸਿਕ ਫ਼ੀਸ ਭਰਨੀ  ਪੈਣੀ ਸੀ ਜੋ ਮੇਰੇ ਲਈ ਸੰਭਵ ਨਹੀਂ ਸੀ । ਸੋ ਮੈਨੂੰ ਇੰਟਰ ਦੇ ਦੂਜੇ ਸਾਲ ਹੀ ਕਾਲਜ ਛਡਣਾ ਪੈ ਗਿਆ ।

ਹੁਣ ਨੌਕਰੀ ਲੱਭਣ ਤੋਂ ਸਿਵਾ ਮੇਰੇ ਪਾਸ ਕੋਈ ਚਾਰਾ ਨਹੀਂ ਸੀ  । ਮੇਰੇ ਰਿਸ਼ਤੇ ਤੋਂ ਮਾਸੜ ਲਗਦੇ ਸ੍ਰ: ਅੰਮ੍ਰਿਤ ਸਿੰਘ ਜੀ ਚੰਗੇ ਨਾਮੀ ਤੇ ਅਸਰ ਰਸੂਖ਼ ਵਾਲੇ ਸੱਜਣ ਸਨ । ਉਹਨਾਂ ਦੀ ਸਫ਼ਾਰਸ਼ ਨਾਲ ਮੈਨੂੰ ਨਾਹਰਪੁਰ ਕੇਨ ਗ੍ਰੋਵਰ  ਸੋਸਾਇਟੀ ਵਿਚ ਡੇ ਕੀਪਰ ਦੀ ਨੌਕਰੀ ਮਿਲ ਗਈ ।ਨਾਹਰਪੁਰ ਜਮਨਾਨਗਰ ਤੋਂ ਪੰਜ ਛੇ ਮੀਲ਼ ਤੇ ਰਾਦੌਰ ਜਾਂਦੀ ਸੜਕ ਤੇ ਇਕ ਛੋਟਾ ਜਿਹਾ ਪਿੰਡ ਹੈ । ਇੱਥੇ ਸੋਸਾਇਟੀ ਦਾ ਦਫ਼ਤਰ ਸੀ ।ਪਰੰਤੂ ਮੈਨੂੰ ਜਮਨਾ ਨਗਰ ਸਰਸਵਤੀ ਸ਼ੂਗਰ ਮਿਲ ਦੇ ਇਕ ਦਫ਼ਤਰ ਵਿਚ ਹੀ ਬੈਠਕੇ ਸੋਸਾਇਟੀ ਦੀ ਰੋਜ਼ਾਨਾ ਗੰਨਾ ਸਪਲਾਈ ਦੇ ਵੇਰਵੇ ਦਾ ਰਿਕਾਰਡ ਤਿਆਰ ਕਰਨਾ ਪੈਂਦਾ ਸੀ ।ਇਸ ਸੋਸਾਇਟੀ ਦੇ ਅਧੀਨ ਇਲਾਕੇ ਦੇ  ਪੰਞੀ ਤੀਹ ਪਿੰਡ ਸ਼ੂਗਰ ਮਿਲ ਨੂੰ ਰੋਜ਼ਾਨਾ ਗੰਨਾ ਸਪਲਾਈ ਕਰਦੇ ਸਨ। ਇਹਨਾਂ ਪਿੰਡਾਂ ਦੇ ਕਿਸਾਨਾ ਦੀਆਂ ਗੰਨੇ ਦੇ ਤੋਲ ਦੀਆਂ

ਪਰਚੀਆਂ ਰਜਿਸਟਰ ਤੇ ਚੜ੍ਹਾਕੇ ਉਨ੍ਹਾਂ ਦਾ ਜੋੜ ਕਰਨਾ ਪੈਂਦਾ ਸੀ । ਮੈਨੂੰ ਸਹਿਜੇ ਹੀ ਇਨ੍ਹਾ ਪਿੰਡਾਂ ਦੇ ਲੜੀਵਾਰ ਨਾਮ ਯਾਦ ਹੋ ਗਏ ਤੇ ਰਕਮਾਂ ਜੋੜਨ ਦਾ ਵੀ ਚੰਗਾ ਅਭਿਆਸ ਹੋ ਗਿਆ । ਇਥੇ ਮੇਰੀ ਸੀਟ ਦੇ ਨਾਲ ਹੀ ਮਿਲ ਦੇ ਇਕ ਕਰਮਚਾਰੀ ਬੈਠਦੇ ਸਨ । ਉਹ ਬਜ਼ੁਰਗ ਸਨ ਜਿਨ੍ਹਾ ਦਾ ਨਾਮ ਨੰਦ ਕਿਸ਼ੋਰ ਸੀ ।ਉਹ ਧਾਰਮਿਕ ਭਾਵਨਾ ਵਾਲੇ ਪੁਰਸ਼ ਸਨ ਤੇ ਸਾਰੇ ਉਨ੍ਹਾਂ ਨੂੰ ਗੁਰੂ ਜੀ  ਕਹਿਕੇ ਬੁਲਾਂਦੇ ਸਨ ।ਮੇਰੇ ਨਾਲ ਉਹਨਾਂ ਦਾ ਚੰਗਾ ਹਿਤ ਬਣ ਗਿਆ ਸੀ ਤੇ ਇਕ ਦਿਨ ਮੈਨੂੰ ਉਹਨਾਂ ਆਪਣੇ ਪਿੰਡ ਸ਼ਾਹਜਹਾਨਪੁਰ ਬੁਲਾਇਆਂ ਜੋ ਜਮਨਾ ਪਾਰ ਸਹਾਰਨਪੁਰ ਵਾਲੀ ਸੜਕ ਤੇ ਪੈਂਦਾ ਹੈ । ਉਨ੍ਹਾਂ ਪਾਸ ਮੈਂ ਇਕ ਰਾਤ ਠਹਿਰਿਆਂ ਜਿੱਥੇ ਉਨ੍ਹਾਂ ਆਪਣੇ ਕੁਝ ਹੋਰ ਸਤਿਸੰਗੀਆਂ ਨਾਲ ਰਲਕੇ ਸਤਿਸੰਗ ਕੀਤਾ ਜਿਸ ਵਿਚ ਭਜਨ ਗਾਏ ਗਏ ।

ਰੋਜ਼ ਘਰੋਂ ਮੈ ਜਮਨਾਨਾਗਰ ਸਾਈਕਲ ਤੇ ਜਾਂਦਾ ਆਉਂਦਾ ਸਾਂ ਜੋ ਪੰਦਰਾਂ ਸੋਲਾਂ ਕਿਲੋਮੀਟਰ ਦੀ ਵਾਟ ਤੇ ਹੈ ।ਗੰਨੇ ਦਾ ਮੌਸਮ ਨਵੰਬਰ ਤੋਂ ਸ਼ੁਰੂ ਹੋਕੇ ਮਾਰਚ- ਅਪ੍ਰੈਲ ਤਕ ਚਲਦਾ ਸੀ । ਸ਼ੁਰੂ ਦੇ ਮਹੀਨੇ ਸਵੇਰੇ ਛੇ ਸਤ ਵਜੇ ਘਰੋਂ ਨਿਕਲਣਾ ਪੈਂਦਾ ਸੀ ਜਿਸ ਵੇਲੇ ਬੜੀ ਠੰਡ ਹੁੰਦੀ ਸੀ । ਮੈਨੂੰ ਦੋ ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਮਹੀਨੇ ਦੇ ਸਠ ਕੁ ਰੁਪਏ ਮਿਲਦੇ ਸਨ ਜਿਨ੍ਹਾ ਵਿਚੋਂ ਪੰਦਰਾਂ ਰੁਪਸੇ ਸਾਈਕਲ ਦਾ ਮਾਸਿਕ ਕਿਰਾਇਆ ਦੇਣਾ ਪੈਂਦਾ ਸੀ ।

ਮਗਰੋਂ ਨਾਹਰਪੁਰ ਕੇਨ ਗ੍ਰੋਵਰ ਸੋਸਾਇਟੀ ਵਿਚ ਮੈਨੂੰ ਕਲਰਕ ਦੀ ਨੌਕਰੀ ਮਿਲ ਗਈ ।ਹੁਣ ਮੈ ਨਾਹਰਪੁਰ ਪਿੰਡ ਵਿਚ ਹੀ ਰਹਿਣ ਲਗ ਪਿਆ । ਸੋਸਾਇਟੀ ਵਿਚ ਚਪੜਾਸੀ ਦੀ ਨੌਕਰੀ ਕਰਦੇ ਇਕ ਸੱਜਣ ਸੋਹਨ ਲਾਲ ਨੇ ਮੈਨੂੰ  ਆਪਣੇ ਘਰ ਰਖ ਲਿਆ । ਉਸਦਾ ਮਕਾਨ ਵੀ ਦੋ ਕਮਰਿਆ ਦਾ ਸਾਧਾਰਨ ਹੀ ਸੀ ਜਿਸ ਵਿਚ ਮੈਂ ਉਨ੍ਹਾਂ ਦੇ ਪਰਵਾਰ ਨਾਲ ਹੀ ਰਹਿਣ ਲਗ ਪਿਆ । ਉਨ੍ਹਾਂ ਦੀ ਪਤਨੀ ਨੂੰ ਮੈਂ ਚਾਚੀ ਕਹਿਕੇ ਸੰਬੋਧਨ ਕਰਦਾ ਸਾਂ । ਉਹ ਮੇਰੇ ਨਾਲ ਮਾਵਾਂ ਵਰਗਾ ਸਲੂਕ ਕਰਦੀ ਸੀ । ਉਸ ਪ੍ਰਵਾਰ ਦੀਆ ਤਿੰਨ ਲੜਕੀਆਂ ਤੇ ਇਕ ਲੜਕਾ ਸੀ । ਮੈ ਉਨ੍ਹਾਂ ਬੱਚਿਆ ਨਾਲ ਵੀ ਚੰਗਾ ਰੱਚ ਮਿੱਚ ਗਿਆ ।ਉਹ ਰਾਤੀਂ ਸੌਣ ਲੱਗਿਆ ਮੇਰੇ ਪਾਸੋਂ ਬੜੀ ਦਿਲਚਸਪੀ ਨਾਲ ਕਹਾਣੀਆ ਸੁਣਦੇ । ਐਤਵਾਰ ਛੁੱਟੀ ਵਾਲੇ ਦਿਨ  ਮੈ ਘਰ ਛਛਰੌਲੀ ਆ ਜਾਂਦਾ ਤੇ ਸੋਮਵਾਰ ਸਵੇਰੇ ਸਾਈਕਲ ਤੇ ਚਲਾ ਜਾਂਦਾ । ਇਹ ਨੌਕਰੀ ਮੈ ਸਾਲ ਭਰ ਕੀਤੀ ਹੋਵੇਗੀ ਜਿੱਥੇ ਮੇਰੇ ਕੰਮ ਦਫ਼ਤਰੀ ਰਿਕਾਰਡ ਤਿਆਰ ਕਰਨਾ ਹੁੰਦਾ ਸੀ । ਨੌਕਰੀ ਛੱਡਣ ਤੋਂ ਬਾਅਦ ਕਾਫ਼ੀ ਸਾਲਾਂ ਤਕ ਸੋਹਨ ਲਾਲ ਦੇ ਪ੍ਰਵਾਰ ਨਾਲ ਮੇਰਾ ਸੰਬੰਧ ਜੁੜਿਆ ਰਿਹਾ ।ਉਨ੍ਹਾ ਦੀ ਵੱਡੀ ਲੜਕੀ ਦੀ ਸ਼ਾਦੀ ਵਿਚ ਵੀ ਮੈ ਆਪਣੀ ਭੈਣ ਸਮੇਤ  ਸ਼ਾਮਿਲ ਹੋਇਆ  ਸਾਂ ।

ਨਾਹਰਪੁਰ ਰਹਿੰਦਿਆ ਹੀ ਮੈਨੂੰ ਪੰਜਾਬ ਸਰਕਾਰ ਦੀ ਕੋਆਪਰੇਟਿਵ ਸਬ-ਇੰਸਪੈਕਟਰ ਦੀ ਨੌਕਰੀ ਮਿਲ ਗਈ ਇਸ ਲਈ ਪਹਿਲਾਂ ਛੇ ਮਹੀਨੇ ਦੀ ਟ੍ਰੇਨਿੰਗ ਕਰਨੀ ਸੀ ।ਜਿਸ ਲਈ ਪਟਿਆਲੇ ਭੁਪਿੰਦਰ ਨਗਰ ਰੋਡ ਤੇ ਟਰੇਨਿੰਗ ਸੈਂਟਰ ਵਿਚ ਦਾਖ਼ਲਾ ਲੈਣਾ ਪਿਆ । ਇਥੇ ਵੀ ਮੈ ਆਪਣੀ ਭੂਆ ਜੀ ਦੀ ਲੜਕੀ ਭੈਣ ਦੇ ਪ੍ਰਵਾਰ ਨਾਲ ਰਿਹਾ । ਇਸ ਪ੍ਰਵਾਰ ਦਾ ਮੁਖੀ ਮੇਰਾ ਜੀਜਾ ਸ੍ਰ: ਜੱਸਾ ਸਿੰਘ ਪੁਲਿਸ ਮੁਲਾਜ਼ਮ ਸੀ ।ਉਹ ਬੜਾ ਖੁਲ੍ਹ ਦਿਲਾ ਤੇ ਬੇਬਾਕ ਇਨਸਾਨ ਸੀ । ਉਨ੍ਹਾ ਦੇ ਚਾਰ ਬੱਚੇ ਸਨ ਜੋ ਅਜੇ ਸਕੂਲਾਂ ਵਿਚ ਪੜ੍ਹਦੇ ਸਨ । ਇਸ ਪ੍ਰਵਾਰ ਨਾਲ ਵੀ ਮੈਂ ਖ਼ੂਬ ਰੱਚ ਮਿੱਚ ਕੇ ਰਿਹਾ ਤੇ ਪ੍ਰਵਾਰ ਨੇ ਮੈਨੂੰ  ਕਦੇ ਪਰਾਏਪਨ ਦਾ ਅਹਿਸਾਸ ਨਹੀਂ ਹੋਣ ਦਿੱਤਾ । ਕੋਆਪਰੇਟਿਵ ਟ੍ਰੇਨਿੰਗ ਦੌਰ੍ਹਾਨ ਸਾਡੀ ਕਲਾਸ ਦਾ ਪੰਜਾਬ ਦੇ ਕਈ ਸ਼ਹਿਰਾਂ ਵਿਚ ਦੌਰਾ ਵੀ ਕਰਵਾਇਆ ਜਾਂਦਾ ਰਿਹਾ । ਅਸੀ ਸਰਹੰਦ, ਲੁਧਿਆਣੇ ਤੇ ਸ੍ਰੀ ਆਨੰਦਪੁਰ ਸਾਹਿਬ ਦੇ ਕਈ ਗੁਰਦੁਅਰਿਆ ਦੇ ਦਰਸ਼ਨ ਕੀਤੇ । ਕਈ ਕੋਆਪਰੇਟਿਵ ਸੋਸਾਇਟੀਆਂ ਨਾਲ ਸਾਡਾ ਸੰਪਰਕ ਕਰਵਾਇਆ ਗਿਆ । ਪਹਿਲੀ ਵਾਰ ਤਖ਼ਤ  ਸ੍ਰੀ ਕੇਸਗੜ੍ਹ ਸਾਹਿਬ ,ਭਾਖੜਾ ਤੇ ਨੰਗਲ ਡੈਮ ਤੇ ਆਸ ਪਾਸ ਦੇ ਕਈ ਗੁਰਦੁਰਿਆਂ ਵਿਚ ਜਾਣ ਦਾ ਅਵਸਰ ਮਿਲਿਆ ।

* * * * * *  * *

## ਪਿੰਡਾਂ ਦੇ ਗੇੜੇ

ਟ੍ਰੇਨਿੰਗ ਪੂਰੀ ਹੋਣ ਤੇ ਮੇਰੀ ਨਿਯੁੱਕਤੀ ਅੰਬਾਲਾ ਕੈਂਟ ਤੇ ਨੇੜੇ ਜੀਟੀ ਰੋਡ ਨਾਲ ਲਗਦੇ ਸ਼ਾਹਪੁਰ ਸਰਕਲ ਵਿਚ ਹੋਈ । ਇਸਦੇ ਵਿਚ ਅੰਬਾਲੇ ਦੇ ਆਲੇ ਦੁਆਲੇ ਦੇ ਕਈ ਪਿੰਡ ਦੀਆ ਕੋਆਪਰੇਟਿਵ ਸੋਸਾਇਟੀਆਂ ਦੇ ਕੰਮ ਦੀ ਨਿਗਰਾਨੀ ਕਰਨੀ ਸੀ । ਸਾਡਾ ਮੁਖ ਕੇਂਦਰ ਬਰਾੜਾ ਸੀ ਜਿੱਥੇ ਇੰਸਪੈਕਟਰ ਦਾ ਦਫ਼ਤਰ ਸੀ ਜਿਸਦੇ ਅਧੀਨ ਕਈ ਸਰਕਲ ਸਨ ।ਮੈ ਅੰਬਾਲਾ ਕੈਂਟ ਸਟੇਸ਼ਨ ਦੇ ਨੇੜੇ ਵਸਦੇ ਪਿੰਡ ਨਨਹੇੜਾ ਵਿਚ ਇਕ ਪ੍ਰਵਾਰ ਕੋਲੋਂ ਕਮਰਾ ਕਿਰਾਏ ਤੇ ਲੈਕੇ ਰਹਿਣ ਲਗ ਪਿਆ ।ਇਹ ਇਕ ਫ਼ੌਜੀ ਦਾ ਘਰ ਸੀ ਜਿਹੜਾ ਬਾਹਰ ਕਿਸੇ ਪਲਟਨ ਵਿਚ ਨੌਕਰੀ ਕਰਦਾ ਸੀ । ਉਸਦੀ ਬਜ਼ੁਰਗ ਪਤਨੀ ਅਤੇ ਦੋ ਧੀਆਂ ਘਰ ਰਹਿੰਦੀਆ ਸਨ ।ਇਨ੍ਹਾ ਪਾਸ ਮੈ ਦੋ ਕੁ ਸਾਲ ਰਿਹਾ ।ਮਗਰੋਂ ਇਸੇ ਪਿੰਡ ਵਿਚ ਮੈ ਇਕ ਹੋਰ ਕਮਰਾ ਕਿਰਾਏ ਤੇ ਲੈ ਲਿਆ ।
ਇਥੇ ਮੇਰਾ ਕੰਮ ਸੋਸਾਇਟੀਆਂ ਦੀ ਨਿਗਰਾਨੀ ਕਰਨੀ ਤੇ ਉਨ੍ਹਾਂ ਨੂੰ ਕੋਆਪ੍ਰੇਟਿਵ ਬੈਂਕ ਪਾਸੋਂ ਕਰਜ਼ੇ ਦਿਵਾਣੇ ਅਤੇ ਉਨ੍ਹਾਂ ਦੀ ਔਧ ਪੂਰੀ ਹੋਣ ਤੇ ਸੂਦ ਸਮੇਤ ਉਗਰਾਹ ਕੇ ਬੈਂਕ ਵਿਚ ਜਮਾ ਕਰਵਾਉਣਾ ਹੁੰਦਾ ਸੀ। ਕਰਜ਼ਾ ਵਸੂਲੀ ਦਾ ਕੰਮ ਸਭ ਤੋਂ ਔਖਾ ਸੀ । ਕਿਸਾਨ ਲੋਕ ਕਰਜ਼ਾ ਤਾਂ ਸਹਿਜੇ ਹੀ ਚੁੱਕ ਲੈਂਦੇ ਸਨ ਪਰੰਤੂ ਮੋੜਦੇ ਬੜਾ ਔਖੇ ਹੋਕੇ ।ਇਸ ਲਈ ਸੋਸਾਇਟੀਆਂ ਤੇ ਪਿੰਡਾ ਦਾ ਦੌਰਾ ਕਰਨਾ ਪੈਂਦਾ ਸੀ। ਮੇਰੇ ਅਧੀਨ ਸੋਸਾਇਟੀਆਂ ਦਾ ਇਕ ਸੈਕਟਰੀ ਸੀ ਜੋ ਜਾਤ ਦਾ ਬ੍ਰਾਹਮਣ ਸੀ ।ਅਸੀਂ ਉਸਨੂੰ ਪੰਡਿਤ ਜੀ ਕਹਿਕੇ ਬੁਲਾਂਦੇ ਸਾਂ ।ਉਸ ਨਾਲ ਮੈਨੂੰ ਆਪਣੇ ਕੰਮ ਲਈ ਜ਼ਿਆਦਾ ਵਾਹ ਪੈਂਦਾ ਸੀ । ਉਹ ਕਈ ਉਲਟੇ ਸਿੱਧੇ ਢੰਗ ਵਰਤ ਕੇ ਕਰਜ਼ਦਾਰਾਂ ਦੇ ਕਰਜ਼ੇ ਅਦਲ ਬਦਲ ਕਰਦਾ ਰਹਿੰਦਾ ਸੀ ।ਜਿਵੇਂ ਇਕ ਕਿਸਾਨ ਦੇ ਨਾਮ ਬੈਂਕ ਚੋਂ ਲਿਆ ਕਰਜ਼ਾ ਦੂਸਰੇ ਕਰਜ਼ਦਾਰ ਦੀ ਵਸੂਲੀ ਵਿਚ ਦਿਖਾਕੇ, ਮਗਰੋਂ ਸੂਦ ਸਮੇਤ ਪਹਿਲੇ ਦੇ ਨਾਮ ਦਾ ਨਵਾਂ ਪ੍ਰੋਨੋਟ ਭਰ ਦੇਣਾ ।

ਕਈ ਵਾਰ ਕਿਸਾਨਾ ਨਾਲ ਉਚਾ ਨੀਵਾਂ ਵੀ ਹੋਣਾ ਪੈਂਦਾ ਜਿਸ ਲਈ ਕਠੋਰ ਭਾਸ਼ਾ ਦੀ ਵਰਤੋਂ ਕਰਨੀ ਪੈਂਦੀ ਜਿਸ ਲਈ ਮੇਰਾ ਮਨ ਨਹੀਂ ਸੀ ਮੰਨਦਾ । ਕ੍ਰਿਸਾਨ ਵਿਚਾਰੇ ਵੀ ਸਹਿ ਜਾਂਦੇ ਕਿਉਂਕਿ ਉਹ ਕਸੂਰਵਾਰ ਹੁੰਦੇ । ਕਈ ਅੱਗੋਂ ਆਕੜ ਵੀ ਜਾਂਦੇ ।ਸੋ ਉਨ੍ਹਾ ਨਾਲ ਬੜਾ ਸੰਭਲ ਕੇ ਵਰਤਣਾ ਪੈਂਦਾ । ਕ੍ਰਿਸਾਨ ਅਕਸਰ ਰਾਤ ਵੇਲੇ ਹੀ ਬੁਲਾਏ ਜਾ ਸਕਦੇ ਸਨ । ਸੋ ਮੈਨੂੰ ਪਿੰਡਾਂ ਵਿਚ ਰਾਤਾਂ ਕਟਣੀਆ ਪੈਂਦੀਆਂ । ਅਕਸਰ ਖ਼ਜ਼ਾਂਨਚੀ ਦਾ ਘਰ ਹੀ ਸੋਸਾਇਟੀ ਦਾ ਦਫ਼ਤਰ ਹੁੰਦਾ ਜਿਸਦੇ ਪਾਸ ਸੋਸਾਇਟੀ ਦਾ ਰੀਕਾਰਡ ਰੱਖਿਆ ਹੁੰਦਾ ਸੀ । ਮੈਨੂੰ ਉਸੇ ਪਾਸ ਠਹਿਰਨਾਂ ਪੈਦਾ ਸੀ ਤੇ ਖਾਨ ਪਾਨ ਵੀ ਉੱਥੇ ਹੀ ਕਰਨਾ ਹੁੰਦਾ । ਉਥੇ ਕਈ ਸ਼ਰਾਬ ਦੀ ਬੋਤਲ ਵੀ ਖੋਲ੍ਹ ਲੈਂਦੇ ਪਰੰਤੂ ਵਿਰਸੇ ਵਿਚ ਮਿਲੇ ਸਿੱਖੀ ਸੰਸਕਾਰਾਂ ਕਰਕੇ ਮੈਂ ਇਸ ਵਹਿਬਤ ਤੋਂ ਬੱਚਿਆ ਰਿਹਾ ਤੇ ਸਾਦੇ ਭੋਜਨ ਨਾਲ ਹੀ ਤਸੱਲੀ ਕਰਦਾ ਰਿਹਾ ।

ਸਾਡੇ ਇੰਸਪੈਕਟਰ ਦਾ ਨਾਮ ਸ੍ਰੀ ਰਾਮ ਪ੍ਰਸਾਦ ਸ਼ਰਮਾ ਸੀ ।ਕਦੇ ਕਦੇ ਉਹ ਵੀ ਸਾਡੀਆਂ ਸੋਸਾਇਟੀਆਂ ਦੇ ਦੌਰੇ ਤੇ ਆ ਜਾਂਦਾ ਤੇ ਸਾਨੂੰ ਉਸ ਨਾਲ ਜਾਣਾ ਪੈਂਦਾ ।ਉਹ ਮੇਰੇ ਕੰਮ ਤੇ ਪ੍ਰਸੰਨ ਰਿਹਾ ਕਿਉਂਕਿ ਮੇਰੇ ਸੈਕਟਰੀ ਦੀ ਚਲਾਈ ਵਿਉਂਤ ਨਾਲ ਅਸੀਂ ਕਰਜ਼ਿਆ ਦੀ ਚੰਗੀ ਉਗਰਾਹੀ ਕਰ ਲੈਦੇ ਸਾਂ ।ਇਸ ਜੁਗਤ ਨਾਲ ਅਸੀਂ ਕਈ ਪੁਰਾਣੇ ਕਰਜ਼ਿਆਂ ਦਾ ਨਵੀਨੀਕਰਨ ਵੀ ਕਰ

ਲਿਆ ਸੀ ।ਮਹੀਨੇ ਵਿਚ ਇਕ ਵਾਰ ਹਲਕੇ ਦੇ ਸਾਰੇ ਸਬ-ਇੰਸਪੈਕਟਰਾਂ ਦੀ ਬਰਾੜੇ ਇੰਸਪੈਟਰ ਨਾਲ ਮੀਟਿੰਗ ਹੁੰਦੀ ਜਿਸ ਵਿਚ ਅਸੀ ਆਪਣੀ ਮਾਸਿਕ ਰੀਪੋਰਟ ਪੇਸ਼ ਕਰਦੇ । ਮਾਲੀ ਸਾਲ ਦੇ ਅੰਤ ਵਿਚ ਇਕ ਵਾਰ ਸਾਨੂੰ ਸੋਸਾਇਟੀਆਂ ਤੇ ਲੈਣ ਦੇਣ ਦੇ ਆਂਕੜੇ ਇਕੱਠੇ ਕਰਨੇ ਪੈਦੇ ਸਨ। ਜਿਨ੍ਹਾਂ ਨੂੰ ਬਰਾੜੇ ਦਫ਼ਤਰ ਵਿਚ ਜਾਕੇ ਜੋੜਦੇ ਸਾਂ ਜਿਸਨੂੰ ਸਾਲਾਨਾ ਨਕਸ਼ੇ ਕਹਿੰਦੇ ਸਨ । ਉਸ ਸਮੇ ਕਈ ਦਿਨ ਮੈਨੂੰ ਬਰਾੜੇ ਠਹਿਰਨਾ ਪੈਂਦਾ ਸੀ ।ਉੱਥੇ ਇਲਾਕੇ ਦੇ ਬਾਕੀ ਸਾਥੀਆਂ ਨਾਲ ਖੁਲ੍ਹੀ ਗਲਬਾਤ ਹੁੰਦੀ ਤੇ ਹਾਸੀ ਮਜ਼ਾਕ ਚਲਦੇ ਰਹਿੰਦੇ ।ਇਸਤਰ੍ਹਾਂ ਮਹਿਕਮੇ ਨਾਲ ਮੇਰੀ ਚੰਗੀ ਸਾਂਝ ਬਣੀ ਰਹੀ ।

* * * * * * * *

## ਕੁਝ ਇਤਿਹਾਸਕ ਘਟਨਾਵਾਂ

ਅੰਬਾਲੇ ਨਿਵਾਸ ਦੌਰ੍ਹਾਨ ਕੁਝ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਵੀ ਯਾਦ ਮਨ ਤੇ ਉਕਰੀ ਹੋਈ ਹੈ । ਇਸ ਦੌਰ੍ਹਾਨ 19 ਦਿਸੰਬਰ 1961 ਨੂੰ ਭਾਰਤੀ ਫ਼ੌਜ ਨੇ ਗੋਆ ਨੂੰ ਪੁਰਗਾਲੀਆਂ ਦੇ ਕਬਜ਼ੇ ਚੋਂ ਆਜ਼ਾਦ ਕਰਵਾਇਆ । ਇਸ ਲਈ ਸਭ ਤੋਂ ਪਹਿਲਾਂ 15 ਅਗੱਸਤ 1955 ਨੂੰ ਗੋਆ ਦੀ ਆਜ਼ਾਦੀ ਲਈ ਕੱਢੇ ਗਏ ਜਲੂਸ ਵਿਚ ਪੰਜਾਬ ਦੇ ਇਕ 25 ਸਾਲਾ ਨੌਜਵਾਨ ਕਰਨੈਲ ਸਿੰਘ ਈਸੜੂ ਨੇ ਸ਼ਹੀਦੀ ਦਿੱਤੀ ਸੀ ।ਗੋਆ ਆਜ਼ਾਦ ਕਰਵਾਉਣ ਲਈ ਜਾ ਰਹੀ ਭਾਰਤੀ ਫ਼ੌਜ ਦੇ ਅਫ਼ਸਰਾਂ ਤੇ ਸਿਪਾਹੀਆਂ ਨੂੰ ਉਨ੍ਹਾ ਦੇ ਪ੍ਰਵਾਰਕ ਸੰਬੰਧੀ ਸਟੇਸ਼ਨ ਤੇ ਵਿਦਾ ਕਰਨ ਆਉਂਦੇ ਤੇ ਗੱਡੀ ਤੇ ਸਵਾਰ ਹੋਣ ਤੋਂ ਪਹਿਲਾਂ ਘੁੱਟ ਘੁੱਟ ਕੇ ਮਿਲਦੇ ਸਨ ।ਉਨ੍ਹਾ ਦੇ ਹਿਰਦੇ ਵਿਚ ਕਿਤੇ ਅਪਣੇ ਪਿਆਰੇ ਦੇ ਮੁੜ ਨਾ ਆਉਣ ਦਾ ਵਿਗੋਚਾ ਹੁੰਦਾ ।

ਇਥੇ ਰਹਿੰਦਿਆ ਹੀ ਸੰਨ 1962 ਵਿਚ ਭਾਰਤ ਦਾ ਚੀਨ ਨਾਲ ਤੇ ਮਗਰੋਂ 1965 ਵਿਚ ਪਾਕਿਸਤਾਨ ਨਾਲ ਯੁੱਧ ਹੋਏ। ਪਹਿਲੇ ਚੀਨੀ ਹਮਲੇ ਦੀਆਂ ਖ਼ਬਰਾਂ ਅਸੀ ਬਾਜ਼ਾਰ ਵਿਚ ਦੁਕਾਨਾ ਤੇ ਲਗੇ ਰੇਡੀਓ ਤੋਂ ਸੁਣਦੇ ਸਾਂ ।ਖਬਰਾਂ ਦੇ ਸਮੇ ਲੋਕਾਂ ਦੀ ਭੀੜ ਦੁਕਾਨਾ ਦੁਆਲੇ ਜਮਾ ਹੋ ਜਾਂਦੀ । ਚੀਨੀਆ ਦੇ ਹਮਲੇ ਵਿਚ ਦਿਨ ਬਦਿਨ ਭਾਰਤ ਦੀਆ ਫ਼ੌਜਾਂ ਦਾ ਨੁਕਸਾਨ ਹੁੰਦਾ ਸੁਣਕੇ ਮਨ ਵਿਆਕੁਲ ਹੁੰਦਾ । ਲੋਕਾਂ ਵਿਚ ਇਸ ਪ੍ਰਤੀ ਬੜੀ ਉਤੇਜਨਾ ਤੇ ਫ਼ਿਕਰ ਸੀ । ਚੀਨੀ ਭਾਈ ਭਾਈ ਦੇ ਪਾਖੰਡ ਦਾ ਪਰਦਾ ਚੁਕਿਆ ਗਿਆ ਸੀ ।ਲੜਾਈ ਮਗਰੋਂ ਇਕ ਵਾਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਹੋਮ ਮਨਿਸਟਰ ਸ੍ਰੀ ਵਾਈ: ਬੀ: ਚੌਹਾਨ ਅਤੇ ਮਾਰਸ਼ਲ ਅਰਜਨ ਸਿੰਘ ਨਾਲ ਅੰਬਾਲੇ ਆਂਏ ਸਨ । ਉਨ੍ਹਾ ਦਾ ਲੈਕਚਰ ਇਕ ਖੁਲੇ ਮੈਦਾਨ ਵਿਚ ਉਂਚੇ ਮੰਚ ਤੋਂ ਕਰਵਾਇਆ ਗਿਆ ਸੀ ।

ਇਸ ਦੌਰ੍ਹਾਨ ਪੰਜਾਬ ਦੇ ਮੁਖ ਮੰਤਰੀ ਸ੍ਰ: ਪ੍ਰਤਾਪ ਸਿੰਘ ਕੈਰੋਂ ਨੂੰ ਗੱਦੀ ਛਡਣੀ ਪਈ । ਉਨ੍ਹਾਂ ਦਾ ਕਾਫ਼ੀ ਵਿਰੋਧ ਹੋ ਰਿਹਾ ਸੀ ।ਦਿਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਕੇ ਵਾਪਸ ਆਉਂਦਿਆਂ ਜੀ ਟੀ ਰੋਡ ਤੇ ਉਨ੍ਹਾ ਦੀ ਕਾਰ ਰੋਕ ਕੇ ਗੋਲੀਆਂ ਮਾਰ ਉਹਨਾ ਨੂੰ ਕਤਲ ਕੀਤਾ ਗਿਆ, ਜਿਸਦੀ ਖ਼ਬਰ ਟ੍ਰਿਬੀਊਨ ਨੇ ਸ਼ਾਮੀ ਖਾਸ ਪਰਚਾ ਕੱਢਕੇ ਕੇ ਨਸ਼ਰ ਕੀਤੀ ਸੀ ।ਮੇਰੇ ਅੰਬਾਲੇ ਰਹਿੰਦਿਆਂ ਹੀ 27 ਮਈ 1964 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਵਰਗਵਾਸ ਹੋ ਜਾਣ ਦੀ ਖ਼ਬਰ ਰੇਡੀਓ ਤੋਂ ਸੁਣੀ ।ਇਹ ਸੁਣਦੇ ਹੀ ਬਾਜ਼ਾਰ ਵਿਚ ਸੋਗ ਦੀ ਲਹਿਰ ਦੌੜ ਗਈ ਤੇ ਲੋਕ ਆਪਣੇ ਆਪ ਹੀ ਦੁਕਾਨਾ ਬੰਦ ਕਰਨ ਲਗ ਪਏ ।ਉਨ੍ਹਾ ਦੇ ਸਸਕਾਰ ਤੇ ਕਈ ਦੇਸ਼ਾਂ ਦੇ ਨੇਤਾ ਸ਼ਾਮਿਲ ਹੋਏ । ਲੋਕਾਂ ਨੇ ਥਾਂਓ ਥਾਂਈਂ ਸ਼ੋਕ ਸਭਾਵਾਂ ਕੀਤੀਆਂ ।ਮਗਰੋਂ ਕਈ ਦਿਨਾ ਤਕ ਉਨ੍ਹਾ ਦੇ ਮਾਤਮ ਦੀਆਂ ਖ਼ਬਰਾਂ ਸੁਣਦੇ ਪੜ੍ਹਦੇ ਰਹੇ । ਪੰਜਾਬੀ ਦੇ ਨਾਮੀ ਕਵੀਆਂ ਨੇ ਪੰਡਿਤ ਜੀ ਪ੍ਰਤੀ ਬੜੀਆਂ ਹਿਰਦੇ ਵੇਦਕ ਕਵਿਤਾਵਾਂ ਲਿਖੀਆਂ ਤੇ ਗਾਇਕਾਂ ਨੇ ਗੀਤ ਗਾਏ । ਉਨ੍ਹਾ ਵਰਗਾ ਹਰਦਿਲ ਅਜ਼ੀਜ਼ ਲੋਕ ਨਾਇਕ ਭਾਰਤ ਨੂੰ ਫ਼ੇਰ ਨਸੀਬ ਨਹੀਂ ਹੋਇਆਂ ।ਇਸਦੇ ਨਾਲ ਹੀ ਕਾਂਗਰਸ ਪਾਰਟੀ ਦਾ ਪਤਨ ਵੀ ਆਰੰਭ ਹੋ ਗਿਆ ।

ਮਗਰੋਂ 1965 ਦੀ ਭਾਰਤ ਪਾਕ ਦੀ ਲੜਾਈ ਵੇਲੇ ਵੀ ਅੰਬਾਲਾ ਛਾਵਣੀ ਵਿਚ ਰਹਿੰਦਿਆ ਸਾਨੂੰ ਇਸ ਲੜਾਈ ਦਾ ਸੇਕ ਮਹਿਸੂਸ ਹੁੰਦਾ ਰਿਹਾ ।ਸ਼ਹਿਰ ਨਾਲ ਏਅਰ ਫ਼ੋਰਸ ਦਾ ਅੱਡਾ ਹੋਣ ਕਾਰਨ ਇਥੇ ਪਾਕਿਸਤਾਨ ਦੇ ਹਵਾਈ ਹਮਲਿਆਂ ਦਾ ਡਰ ਬਣਿਆ

ਹੋਇਆ ਸੀ । ਦਿਨ ਵਿਚ ਕਈ ਵਾਰੀ ਹਵਾਈ ਹਮਲੇ ਦੇ ਸਾਇਰਨ ਵਜਦੇ ਸਨ ਤੇ ਲੋਕ ਘਰਾਂ ਸਾਹਮਣੇ ਬਣਾਏ ਬੰਕਰਾਂ ਵਿਚ ਛੁੱਪ ਜਾਂਦੇ ਸਨ ।ਆਸਮਾਨ ਵਿਚ ਹਰ ਸਮੇ ਜਹਾਜ਼ ਉਡਦੇ ਰਹਿੰਦੇ । ਰਾਤੀ ਸ਼ਹਿਰ ਦੀਆਂ ਲਾਈਟਾਂ ਬੰਦ ਰਹਿੰਦੀਆਂ ਸਨ ਤੇ ਘਰਾਂ ਦੁਆਲੇ ਵੀ ਖਿੜਕੀਆਂ ਤੇ ਕਾਲੇ ਕਾਗ਼ਜ਼ ਚਿਪਕਾ ਲੇ ਹਨੇਰਾ ਰੱਖਿਆ ਜਾਂਦਾ ਸੀ । ਉਸ ਵੇਲੇ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤ੍ਰੀ ਦੇ ਰੇਡੀਓ ਤੇ ਬਿਆਨ ਆਉਂਦੇ ਰਹਿੰਦੇ ਸਨ । ਉਨ੍ਹਾਂ ਦੁਆਰਾ "ਜੈ ਜਵਾਨ, ਜੈ ਕਿਸਾਨ" ਦਾ ਨਾਹਰਾ ਬੁਲੰਦ ਕੀਤਾ ਗਿਆ । ਇਕ ਰਾਤ ਪਾਕਿਸਤਾਨੀ ਹਮਲਾ ਹੋ ਗਿਆ । ਰਾਤੀਂ ਵੱਡੇ ਧਮਾਕੇ ਸੁਣਾਈ ਦਿੱਤੇ । ਸਵੇਰੇ ਪਤਾ ਲਗਾ ਕਿ ਹਵਾਈ ਅੱਡੇ ਤੇ ਹਮਲਾ ਕਰਨ ਦੀ ਬਜਾਏ ਪਾਕਿਸਤਾਨੀ ਜਹਾਜ਼ਾਂ ਦੇ ਬੰਬ ਸਰਹੰਦ ਕਲੱਬ ਤੇ ਨਾਲ ਰਲਦੇ ਮਿਲਟਰੀ ਹਸਪਤਾਲ ਤੇ ਡਿੱਗੇ ਸਨ । ਸਰਹੰਦ ਕਲੱਬ ਤੇ ਉਸਦੇ ਨੇੜੇ ਇਕ ਡੂੰਘਾ ਟੋਆ ਹੋ ਗਿਆ ਸੀ ।ਇਕ ਬੰਬ ਹਵਾਈ ਅੱਡੇ ਵਿਚ ਬਣੇ ਗਿਰਜੇ ਪਾਸ ਡਿਗਿਆ ਪਰ ਉਸ ਫੱਟਿਆ ਨਹੀਂ ਸੀ ।ਹਵਾਈ ਅੱਡੇ ਦੇ ਅਗਲੀ ਸੜਕ ਤੋਂ ਵੱਡੇ ਡਰੰਮ ਵਰਗਾ ਪਿਆ ਬੰਬ ਮਗਰੋਂ ਕਈ ਦਿਨ ਅਸੀਂ ਵੇਖਦੇ ਰਹੇ । ਬਾਅਦ ਵਿਚ ਉਸਨੂੰ ਨਕਾਰਾ ਕੀਤਾ ਗਿਆ ਸੀ ।ਇਸਤਰ੍ਹਾਂ ਪਾਕਿਸਤਨੀਆਂ ਦੇ ਗਲਤ ਨਿਸ਼ਾਨਿਆ ਦੀਆਂ ਖ਼ਬਰਾਂ ਆਮ ਆਂਉਂਦੀਆਂ ਸਨ ।ਭਾਤਰੀ ਹਵਾਈ ਸੈਨਾ ਦੇ ਪਾਕਿਸਤਾਨ ਦੇ ਦੂਰ ਦਰਾਜ਼ ਟਿਕਾਣਿਆਂ ਤੇ ਬੰਬਾਰਟਮੈਂਟ ਦੀਆਂ ਖ਼ਬਰਾਂ ਦੀ ਆ ਰਹੀਆਂ ਸਨ । ਭਾਰਤੀ ਹਵਾਈ ਸੈਨਾ ਮੁਖੀ ਮਾਰਸ਼ਲ ਅਰਜਨ ਸਿੰਘ ਦੀ ਬਹਾਦਰੀ ਦੇ ਕਾਰਨਾਮਿਆਂ ਦੀ ਵੀ ਚਰਚਾ ਹੁੰਦੀ ਰਹਿੰਦੀ ਸੀ ।

ਮਗਰੋਂ ਰੂਸ ਦੀ ਸਰਕਾਰ ਨੇ ਭਾਰਤ ਤੇ ਪਾਕਿਸਤਾਨੀ ਪ੍ਰਧਾਨ ਮੰਤਰੀਆਂ ਨੂੰ ਤਾਸ਼ਕੰਦ ਬੁਲਾਕੇ ਸਮਝੋਤਾ ਕਰਵਾਇਆ ਤੇ ਜੰਗਬੰਦੀ ਹੋਈ । ਪਰੰਤੂ ਨਾਲ ਹੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਅਚਾਨਕ ਚਲਾਣਾ ਕਰ ਜਾਣ ਤੇ ਸਭ ਪਾਸੇ ਸੋਗ ਦੀ ਲਹਿਰ ਦੌੜ ਗਈ ਸੀ । ਜੰਗ ਦੋਰ੍ਹਾਨ ਉਨ੍ਹਾ ਦੀ ਸਾਦੀ, ਸੱਚੀ ਸੁੱਚੀ ਤੇ ਦਲੇਰ ਸ਼ਖ਼ਸੀਅਤ ਦੀ ਛਾਪ ਭਾਰਤੀ ਜਨ ਮਾਨਸ ਦੇ ਹਿਰਦੇ ਤੇ ਉਕਰੀ ਗਈ ਸੀ ।ਮਗਰੋਂ ਕਈ ਦਿਨਾ ਤਕ ਜੰਗ ਦੇ ਨਤੀਜਿਆਂ ਤੇ ਭਾਰਤ-ਪਾਕ ਸੰਬੰਧਾਂ ਤੇ ਉਤਾਰ ਚੜ੍ਹਾ ਦੀਆਂ ਖ਼ਬਰਾਂ ਆਮ ਚਰਚਾ ਦਾ ਵਿਸ਼ਾ ਬਣ ਗਈਆਂ ਸਨ ।

* * * * * *  * *

## ਨੌਕਰੀ ਵਿਚ ਪੜ੍ਹਾਈ ਲਈ ਉਪਰਾਲੇ

ਅੰਬਾਲੇ ਰਹਿੰਦਿਆਂ ਮੇਰੇ ਮਿੱਤਰ ਸ੍ਰ: ਕ੍ਰਿਸ਼ਨ ਸਿੰਘ ਦੁਆਰਾ ਉਥੋਂ ਦੇ ਵਿਦਵਾਨ ਪ੍ਰੈਸ ਦੇ ਸੰਚਾਲਕ ਗਿਆਨੀ ਹਰੀ ਸਿੰਘ ਜਾਚਕ ਜੀ ਨਾਲ ਮੇਰਾ ਸੰਪਰਕ ਹੋਇਆ । ਗਿਆਨੀ ਜੀ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾਕਟਰ ਭਗਤ ਸਿੰਘ ਤੇ ਡਾ ਸੁਤਿੰਦਰ ਸਿੰਘ ਨੂਰ ਦੇ ਪਿਤਾ ਸਨ । ਉਨ੍ਹਾ ਦੁਆਰਾ ਚਲਾਈਆਂ ਗਿਆਨੀ ਕਲਾਸਾਂ ਵਿਚ ਮੈਂ ਆਪਣੇ ਮਿੱਤਰ  ਕ੍ਰਿਸ਼ਨ ਸਿੰਘ ਨਾਲ ਵੀ ਪੜ੍ਹਦਾ ਰਿਹਾ ਤੇ ਮਗਰੋਂ ਇਮਤਿਹਾਨ ਦੇਕੇ ਗਿਆਨੀ ਦੀ ਡਿਗਰੀ ਪੰਜਾਬ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ।ਇਸ ਤੋਂ ਬਾਂਅਦ ਮੈ ਇਕ ਸਥਾਨਕ ਪ੍ਰਾਈਵੇਟ ਕਲਾਸਾਂ ਚਲਾਉਂਦੇ ਪ੍ਰੋਫ਼ੈਸਰ ਪਾਸੋਂ ਪੜ੍ਹਕੇ ਬੀ:ਏ: ਅੰਗਰੇਜ਼ੀ ਦੀ ਪ੍ਰੀਖਿਆ ਦਿੱਤੀ ਪਰ ਇਸ ਵਿਚ ਸਫ਼ਲ ਨਾਹ ਹੋ ਸਕਿਆਂ ਤੇ ਮਗਰੋਂ ਦੂਜੀ ਵਾਰ ਇਮਤਿਹਾਨ ਦੇਕੇ ਬੀ;ਏ: ਦੀ ਡਿਗਰੀ ਪ੍ਰਾਪਤ ਕੀਤੀ ।

ਪ੍ਰੀਤ ਲੜੀ ਮਾਸਿਕ ਪੱਤਰ ਦੇ ਸੰਪਾਦਕ ਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸ੍ਰ: ਗੁਰਬਖ਼ਸ਼ ਸਿਘ ਪ੍ਰੀਤਲੜੀ ਦੀ ਸ਼ਖ਼ਸੀਅਤ ਤੇ ਲੇਖਣੀ ਤੋਂ ਮੈਂ ਬੜਾ ਪ੍ਰਭਾਵਤ ਹੋਇਆ ਸਾਂ ।ਉਨ੍ਹਾ ਦੁਆਰਾ ਸੰਪਾਦਿਤ ਤੇ ਪ੍ਰਕਾਸ਼ਿਤ ਮਾਸਕ ਪੱਤਰ ਪ੍ਰੀਤਲੜੀ ਮੈ ਲਗਾਤਾਰ ਮੰਗਵਾ ਕੇ ਪੜ੍ਹਦਾ ਸਾਂ ।ਉਨ੍ਹਾ ਦੀਆਂ ਕਈ ਪੁਸਤਕਾਂ ਵੀ ਮੈਂ ਪੜ੍ਹੀਆਂ । ਸ੍ਰ: ਗੁਰਬਖ਼ਸ਼ ਸਿੰਘ ਦੀ ਜਾਦੂਮਈ ਸ਼ਬਦਾਵਲੀ ਤੇ ਬਾਕਮਾਲ ਲੇਖਣੀ ਦਾ ਮੇਰੇ ਮਨ ਤੇ ਬੜਾ ਪ੍ਰਭਾਵ ਪਿਆ ।ਇਕ ਵਾਰ ਆਪਣੇ ਮਿੱਤਰ ਸ੍ਰ: ਕ੍ਰਿਸ਼ਨ ਸਿੰਘ ਨਾਲ ਮੈ ਉਨ੍ਹਾ ਵੱਲੋਂ ਆਯੋਜਿਤ ਪ੍ਰੀਤ ਮਿਲਣੀ ਤੇ ਅੰਮ੍ਰਿਤਸਰ ਲਾਗੇ ਸਥਿਤ ਉਨ੍ਹਾ ਵੱਲੋਂ ਵਸਾਏ ਪ੍ਰੀਤਨਗਰ ਵੀ ਗਿਆ। ਉਥੇ ਪ੍ਰੀਤਲੜੀ ਲਹਿਰ ਨਾਲ ਸੰਬੰਧਤ ਕਈ ਵਿਦਵਾਨਾ ਤੇ ਕਲਾਕਾਰਾਂ ਦੇ ਦਰਸ਼ਨ ਕੀਤੇ ਤੇ ਵਿਚਾਰ ਸੁਣੇ । ਸ੍ਰ: ਗੁਰਬਖ਼ਸ਼ ਸਿੰਘ ਦਾ ਭਾਸ਼ਣ ਵੀ ਸੁਣਿਆ ।ਮਗਰੋਂ ਪਟਿਆਲੇ ਗੁਰਮਤਿ ਕਾਲਜ ਵਿਚ ਪੜ੍ਹਦਿਆਂ ਇਕ ਸਾਹਿਤਕ ਸੰਮੇਲਨ ਵਿਚ ਪਟਿਆਲੇ ਵੀ ਉਹ ਆਏ ਆਏ ਸਨ।ਉਨ੍ਹਾ ਦੇ ਸਵਰਗਵਾਸ ਹੋਣ ਮਗਰੋਂ ਛੇਤੀ ਹੀ ਪ੍ਰੀਤਲੜੀ ਪ੍ਰਵਾਰ ਨੂੰ ਲਈ ਹਾਦਸਿਆਂ ਦਾ ਸ਼ਿਕਾਰ ਹੋਣਾ ਪਿਆ । ਉਨ੍ਹਾ ਦਾ ਸਾਹਿਤਕਾਰ ਸਪੁੱਤਰ ਨਵਤੇਜ ਸਿੰਘ ਕੈਂਸਰ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ । ਉਨ੍ਹਾ ਦਾ ਇਕ ਪੋਤਰਾ ਮਗਰੋਂ ਖਾੜਕੂ ਲਹਿਰ ਵਿਚ ਮਾਰਿਆ ਗਿਆ ਤੇ ਇਸਤਰ੍ਹਾਂ ਇਹ ਪ੍ਰੀਤ ਲਹਿਰ ਸਮਾਪਤ ਹੋ ਗਈ । ਉਨ੍ਹਾ ਦੇ ਕੌਮਨਿਸਟਾਂ ਵੱਲ ਝੁਕਾਅ ਅਤੇ ਸਮਰਥਨ ਕਾਰਨ ਕਈ ਵਿਰੋਧੀ ਸੁਰਾਂ ਪਹਿਲਾਂ ਵੀ ਉਠਦੀਆਂ ਰਹਿੰਦੀਆਂ ਸਨ ਪ੍ਰੰਤੂ ਉਨ੍ਹਾ ਦੀ ਸ਼ਖ਼ਸੀਅਤ ਸਾਹਵੇਂ ਇਨ੍ਹਾ ਦਾ ਕੋਈ ਬਹੁਤਾ ਅਸਰ ਨਹੀਂ ਸੀ ਦਿਸਦਾ ।

ਕਈ ਵਾਰ ਮੈ ਅੰਬਾਲੇ ਤੋਂ ਘਰ ਛਛਰੌਲੀ ਵੀ ਗੇੜੇ ਮਾਰਦਾ ਰਹਿੰਦਾ । ਵਿਚ ਵਿਚ ਕਦੇ ਸਾਈਕਲ ਤੇ ਹੀ ਪੰਜਾਹ ਸੱਠ ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਜਾਂਦਾ ਸਾਂ ।ਮੇਰੀ  ਭੈਣ ਪ੍ਰਕਾਸ਼ ਕੌਰ ਮੇਰੇ ਪਾਸ ਅੰਬਾਲੇ ਆਕੇ ਰਹਿਣ ਲਗ ਪਈ ਸੀ ਤੇ ਉਸਨੇ ਵੀ ਕਿਸੇ ਪ੍ਰਾਈਵੇਟ ਕਾਲਜ ਤੋਂ ਇੰਟਰ ਅੰਗ੍ਰੇਜ਼ੀ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ । ਨਾਲ ਹੀ ਉਹ ਟਿਊਸ਼ਨਾ ਵੀ ਪੜ੍ਹਾਉਂਦੀ ਸੀ ।

ਇਸ ਸਮੇ ਪੰਜਾਬ ਵਿਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਲਈ ਅਕਾਲੀ ਆਦੋਲਨ ਚਲਿਆ । ਅਕਾਲੀਆਂ ਦੇ ਜੱਥੇ ਗ੍ਰਿਫ਼ਤਾਰੀਆਂ ਦੇ ਰਹੇ ਸਨ । ਸਿੱਖ ਨੇਤਾ ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਿਹ ਸਿੰਘ ਦਾ ਸਿੱਖਾਂ ਵਿਚ ਬੜਾ ਬੋਲ ਬਾਲਾ ਸੀ । ਦੂਜੇ ਪਾਸੇ ਹਿੰਦੂ

ਸੱਜਣ ਪੰਜਾਬੀ ਨੂੰ ਆਪਣੀ ਮਾਤਭਾਸ਼ਾ ਮੰਨਣ ਤੋਂ ਇਨਕਾਰੀ ਹੋ ਰਹੇ ਸਨ । ਇਸ ਸਮੇ ਹੋਈ ਮਰਦਮ ਸ਼ੁਮਾਰੀ ਵਿਚ ਉਹ ਪੰਜਾਬੀ ਹਿੰਦੂਆਂ ਨੂੰ ਪ੍ਰੇਰ ਕੇ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਵਾ ਰਹੇ ਸਨ । ਕਈ ਗਣਨਾ ਕਰਨ ਵਾਲੇ ਅਧਿਕਾਰੀ ਵੀ ਆਪਣੇ ਆਪ ਲੋਕਾਂ ਦੀ ਭਾਸ਼ਾਂ ਹਿੰਦੀ ਲਿਖ ਲੈਂਦੇ ਸਨ । ਇਸ ਫ਼ੁਟ ਦੇ ਨਤੀਜੇ ਵੱਜੋਂ ਪੰਜਾਬ ਦੇ ਤਿੰਨ ਟੁਕੜੇ ਕਰ ਦਿੱਤੇ ਗਏ ਸਨ ।ਪੰਜਾਬ ਇਕ ਲੰਗੜਾ ਜਿਹਾ ਸੂਬਾ ਬਣਾ ਦਿੱਤਾ ਗਿਆ ਤੇ ਇਸਦੀ ਰਾਜਧਾਨੀ ਚੰਡੀਗੜ੍ਹ ਵੀ ਸ਼ਰੀਕਾਂ ਨਾਲ ਸਾਂਝੀ ਕਰ ਦਿੱਤੀ ਗਈ ਜਿਸਦਾ ਵਿਵਾਦ ਹੁਣ ਅੱਧੀ ਸਦੀ ਬਾਅਦ ਵੀ ਨਹੀਂ ਮੁੱਕਿਆ ।

ਇਥੇ ਚਾਰ ਪੰਜ ਸਾਲ ਨੌਕਰੀ ਕਰਦਿਆਂ ਮੈਨੂੰ ਪੇਂਡੂ ਜੀਵਨ ਦਾ ਕੁਝ ਅਨੁਭਵ ਹੋਇਆ ।ਬਹੁਤੇ ਪੇਂਡੂ ਖੇਤੀ ਬਾੜੀ ਜਾਂ ਮਜ਼ਦੂਰੀ ਦਾ ਕੰਮ ਹੀ ਕਰਦੇ ਸਨ । ਇਹ ਗਲਬਾਤ ਤੇ ਕਾਰ ਵਿਹਾਰ ਦੇ ਸੱਚੇ ਸੁੱਚੇ ਲਗਦੇ ਸਨ । ਬਹੁਤੇ ਸਿੱਧੀ ਸਪੱਸ਼ਟ ਗਲਬਾਤ ਕਰਦੇ ਸਨ । ਇਨ੍ਹਾ ਦੇ ਵਿਹਾਰ ਵਿਚ ਵੱਲ ਛੱਲ ਨਹੀਂ ਸੀ । ਇਸ ਇਲਾਕੇ ਦੀ ਬੋਲੀ ਹਿੰਦੀ ਪੰਜਾਬੀ ਰਾਜਸਥਾਨੀ ਰਲੀ ਮਿਲੀ ਸੀ ਜਿਸਨੂੰ ਇਹ ਬੜੇ ਸੁਰਮਈ ਅੰਦਾਜ਼ ਵਿਚ ਬੋਲਦੇ ਸਨ । ਕਈ ਪੌਰਾਣਕ ਤੇ ਸਭਿਆਚਾਰਕ ਕਹਾਵਤਾਂ ਇਨ੍ਹਾ ਦੀ ਗਲਬਾਤ ਦਾ ਸ਼ਿੰਗਾਰ ਸਨ ।ਪੜ੍ਹੇ ਲਿਖੇ ਘਟ ਹੋਣ ਕਾਰਨ ਇਨ੍ਹਾ ਵਿਚ ਪੁਰਾਤਨ ਧਾਰਮਕ ਮਾਨਤਾਵਾਂ ਤੇ ਰੀਤਾਂ ਰਸਮਾ ਦਾ ਪ੍ਰਚਲਨ ਸੀ । ਸੰਬੰਧਤ ਸਰਕਾਰੀ ਅਮਲੇ ਨਾਲ ਬੜਾ ਸਹਿਮ ਕੇ ਗਲਬਾਤ ਕਰਦੇ ਤੇ ਉਨ੍ਹਾਂ ਨੂੰ ਕੁਝ ਦੇ ਦੁਆਕੇ ਆਪਣੇ ਸਰਕਾਰੀ ਕੰਮ ਕਰਵਾਉਂਦੇ ਸਨ । ਇਨ੍ਹਾ ਵਿਚ ਕੁਝ ਚਾਲਾਕ ਰਾਜਨੈਤਿਕ ਲੋਕ ਵੀ ਸਨ ਜੋ ਇਨ੍ਹਾ ਨੂੰ ਅੱਗੇ ਲਾਈ ਫ਼ਿਰਦੇ ਸਨ । ਉਹ ਆਪਣੀ ਚੌਧਰ ਦਾ ਚੰਗਾ ਦਿਖਾਵਾ ਕਰਦੇ ਸਨ ਤੇ ਸਰਕਾਰੀ ਅਮਲੇ ਨਾਲ ਵੀ ਉਨ੍ਹਾ ਦੀ ਸਾਂਝ ਬਣੀ ਹੋਈ ਸੀ । ਕੁਲ ਮਿਲਾਕੇ ਸ਼ਹਿਰੀ ਲੋਕਾਂ ਨਾਲੋਂ ਇਨ੍ਹਾ ਦਾ ਜੀਵਨ ਸਿੱਧਾ ਸਾਦਾ ਤੇ ਗਰੀਬੀ ਦਾਵੇ ਦਾ ਸੀ ।

ਮਗਰੋਂ ਕੁਝ ਸਾਲ ਮੇਰੀ ਬਦਲੀ ਅੰਬਾਲਾ ਸ਼ਹਿਰ ਕੋਆਪਰੇਟਿਵ ਸਟੋਰ ਦੇ ਨਿਗਰਾਨ ਸਟਾਫ਼ ਵਿਚ ਹੋ ਗਈ ।ਇਸ ਦੌਰਾਨ ਕੁਝ ਸਮਾਂ ਮੈ ਅੰਬਾਲਾ ਛਾਵਣੀ ਕਿਰਾਏ ਦੇ ਮਕਾਨਾ ਵਿਚ ਰਿਹਾ ।ਕੋਆਪਰੇਟਿਵ ਸਟੋਰ ਵਿਚ ਅਸੀਂ ਮਹਿਕਮੇ ਦੇ ਤਿੰਨ ਚਾਰ ਕਰਮਚਾਰੀ ਆਡਿਟ ਅਤੇ ਨਿਗਰਾਨੀ ਦਾ ਕੰਮ ਕਰਦੇ ਸਾਂ । ਸਾਡੀ ਆਪਸੀ ਸਾਂਝ ਦੇ ਨਾਲ ਨਾਲ ਸਟੋਰ ਦੇ ਸਟਾਫ਼ ਨਾਲ ਵੀ ਸਾਡੀ ਚੰਗੀ ਬਣਦੀ ਸੀ ।ਸਟੋਰ ਦੇ ਕਰਮਚਾਰੀਆਂ ਵਿਚ ਇਕ ਸੱਜਣ ਦੀਆਂ ਹੇਠਲੀਆਂ ਲੱਤਾਂ ਤੇ ਪੈਰ ਇਕ ਹਾਦਸੇ ਵਿਚ ਕੱਟੇ ਗਏ ਸਨ । ਉਹ ਵ੍ਹੀਲ ਚੇਅਰ ਤੇ ਦਫ਼ਤਰ ਆਂਉਂਦਾ ਸੀ । ਉਸਦੇ ਬਾਰੇ ਯਾਦ ਰੱਖਣ ਵਾਲੀ ਵਿਸ਼ੇਸ਼ ਗਲ ਇਹ ਹੈ ਕਿ ਉਹ ਕਦੇ ਆਪਣੇ ਅਪਾਹਜ ਜੋਣ ਦਾ ਝੋਰਾ ਨਹੀਂ ਸੀ ਕਰਦਾ ਸਗੋਂ ਬੜੇ ਹਸਮੁਖ ਸੁਭਾਅ ਵਾਲਾ ਸੀ । ਸਾਡੇ ਨਾਲ ਹਾਸੀ ਮਜ਼ਾਕ ਦੀਆ ਗਲਾਂ ਕਰਦਾ ਰਹਿੰਦਾ ਸੀ ।ਅਕਸਰ ਸਾਨੂੰ ਕਹਿੰਦਾ ਕਿ ਮੈਂ ਤੁਹਾਡੇ ਨਾਲੋਂ ਕਈ ਗਲਾਂ ਵਿਚ ਵਧੇਰੇ ਸੁਰੱਖਿਅਤ ਹਾਂ । ਮੈਨੂੰ ਸਪ ਲੜਨ, ਜਾਂ ਕੁੱਤੇ ਦੇ ਕੱਟਣ ਦਾ ਕੋਈ ਡਰ ਨਹੀਂ ।

ਇਥੇ ਨੌਕਰੀ ਕਰਦਿਆਂ ਮੈਂ ਪੰਜਾਬ ਯੂਨੀਵਰਸਿਟੀ ਤੋਂ ਪ੍ਰਾਈਵੇਟ ਗਿਆਨੀ ਤੇ ਬੀ: ਏ: ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ।ਮੇਰੀ ਭੂਆ ਜੀ ਦੀ ਲੜਕੀ ਸੁਮਿੱਤਰਾਂ ਭੈਣ ਦੇ ਦੋ ਸਪੁੱਤਰਾਂ ਦੀਆ ਸ਼ਾਦੀਆਂ ਇਸ ਦੌਰਾਨ ਹੋਈਆਂ ।ਵੱਡੇ ਸਪੁੱਤਰ ਮਹਿੰਦਰ ਸਿੰਘ ਦੀ ਸ਼ਾਦੀ ਅੰਬਾਲਾ ਕੈਂਟ ਰਹਿੰਦੇ ਇਕ ਪ੍ਰਵਾਰ ਦੀ ਲੜਕੀ ਨਾਲ ਹੋਈ । ਉਹ ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿੰਘ ਜੀ ਤੀਰ ਦੇ ਰਿਸ਼ਤੇਦਾਰ ਸਨ । ਤੀਰ ਜੀ ਨੇ ਆਨੰਦ ਕਾਰਜ ਵੇਲੇ ਲੜਕੀ ਦੇ ਪ੍ਰਵਾਰ ਵੱਲੋ ਸਿਖਿਆ ਬੜੀ ਮਿੱਠੀ ਸੁਰ ਵਿਚ ਗਾ ਕੇ ਸੁਣਾਈ ਸੀ ।ਮੇਰੀ ਛੋਟੀ ਭੈਣ ਦੀ ਸ਼ਾਦੀ ਵੀ ਇਨ੍ਹਾਂ ਸਾਲਾਂ ਵਿਚ ਹੋਈ ਸੀ ।

* * * * * *  * *

## ਪੰਜਾਬੀ ਯੂਨੀਵਰਸਿਟੀ ਦੀ ਨੌਕਰੀ

ਮਗਰੋਂ ਮੈਨੂੰ ਪੰਜਾਬੀ ਯੂਨੀਵਰਸਿਟੀ ਵਿਚ ਕਲੱਰਕ ਦੀ ਨੌਕਰੀ ਮਿਲ ਗਈ ਤੇ ਮੈਂ ਪਹਿਲੀ ਨੌਕਰੀ ਤੋਂ ਇਸਤੀਫ਼ਾ ਦੇਕੇ ਪਟਿਆਲੇ ਚਲਾ ਗਿਆ । ਉਸ ਸਮੇ ਭਾਪਾ ਜੀ ਦੀ ਪੋਸਟਿੰਗ ਵੀ ਉਥੇ ਸੀ ।ਮੈਂ ਉਨ੍ਹਾ ਪਾਸ ਰਹਿਣ ਲਗ ਪਿਆ । ਮਗਰੋਂ ਘਰ ਦੇ ਸਾਰੇ ਜੀਅ ਵੀ ਉਥੇ ਆ ਗਏ ।ਅਸੀਂ ਪਹਿਲਾਂ ਕੁਝ ਸਮੇ ਸ਼ੇਰਾਂ ਵਾਲੇ ਗੇਟ ਪਾਸ ਇਕ ਕਿਰਾਏ ਦੇ ਮਕਾਨ ਵਿਚ ਰਹੇ ਤੇ ਮਗਰੋਂ ਤ੍ਰਿਪੜੀ ਚਲੇ ਗਏ ਜਿੱਥੇ ਮਗਰੋਂ ਦੋ ਤਿੰਨ ਕਿਰਾਏ ਦੇ ਮਕਾਨ ਬਦਲੇ ।

ਪੰਜਾਬੀ ਯਨੀਵਰਸਿਟੀ ਦਾ ਦਫ਼ਤਰ ਉਸ ਸਮੇ ਬਾਰਾਂਦਰੀ ਵਿਚ ਸੀ ।ਮਗਰੋਂ ਇਹ ਪਟਿਆਲਾ ਰਾਜਪੁਰਾ ਰੋਡ ਤੇ ਬਣੀ ਨਵੀਨ ਇਮਾਰਤ ਵਿਚ ਚਲਾ ਗਿਆ । ਇਥੇ ਬਣੀ ਲਾਇਬ੍ਰੇਰੀ ਦੇ ਹੇਠਾਂ ਪ੍ਰਬੰਧਕ ਬਲਾਕ ਵਿਚ ਸਾਡਾ ਪ੍ਰੀਖਿਆ ਵਿਭਾਗ ਦਾ ਦਫ਼ਤਰ ਸੀ ।ਮੈ ਰੋਜ਼ਾਨਾ ਤ੍ਰਿਪੜੀ ਤੋਂ ਸਾਈਲਲ ਤੇ ਯੂਨੀਵਰਸਿਟੀ ਜਾਂਦਾ ਸਾਂ । ਰਸਤੇ ਵਿਚ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਰੁਕ ਕੇ ਮੱਥਾ ਟੇਕਦਾ ਤੇ ਕੁਝ ਸਮਾਂ ਕੀਰਤਨ ਸੁਣਦਾ । ਓਦੋਂ ਭਾਈ ਬਖ਼ਸ਼ੀਸ਼ ਸਿੰਘ ਜੀ ਦਾ ਜੱਥਾ ਉਥੇ ਕੀਰਤਨ ਕਰਦਾ ਸੀ । ਜਦੋਂ ਉਹ ਸਟੇਜ ਤੇ ਕੀਰਤਨ ਕਰਦੇ ਤਾਂ ਆਸੇ ਪਾਸੇ ਇਕ ਸੰਗੀਤਮਈ ਵਾਤਾਵਰਨ ਬਣ ਜਾਂਦਾ ।ਇਥੇ ਰਹਿੰਦਿਆ ਮੈ ਇਕ ਹੋਰ ਰਾਗੀ ਗਿਆਨੀ ਹਰਨਾਮ ਸਿੰਘ ਜੀ ਪਾਸੋਂ ਕੀਰਤਨ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ ਪਰੰਤੂ ਇਹ ਬਹੁਤੀ ਦੇਰ ਨਾਹ ਚਲ ਸਕੀ। ਇਨ੍ਹਾ ਦੋਹਾਂ ਰਾਗੀ ਜੱਥਿਆ ਨੂੰ ਬਾਅਦ ਵਿਚ ਧਨਬਾਦ ਨੌਕਰੀ ਕਰਦਿਆਂ ਮੇਰੇ ਕਹਿਣ ਤੇ ਗਰਪੁਰਬਾਂ ਤੇ ਸੱਦਿਆ ਗਿਆ ਸੀ ।

ਯੂਨੀਵਰਸਿਟੀ ਵਿਚ ਪਹਿਲਾਂ ਮੈਨੂੰ ਆਉਂਦੀ ਡਾਕ ਦਾ ਰੀਕਾਰਡ ਕਰਨ ਦਾ ਕੰਮ ਮਿਲਿਆ ।ਮਗਰੋਂ ਰਿਜ਼ੱਲਟ ਸ਼ੀਟਾਂ ਤਿਆਰ ਕਰਨ ਆਦਿਕ ਦੇ ਕੰਮ ਵਿਚ ਲਗਾ ਦਿੱਤਾ ਗਿਆ ।ਤੇ ਆਖ਼ਿਰ ਸਿਕਰੇਸੀ ਵਿਭਾਗ ਵਿਚ ਕੰਮ ਕੀਤਾ ਜਿੱਥੇ ਮੁਲਾਂਕਿਤ ਕੀਤੇ ਗਏ ਪ੍ਰੀਖਿਆ ਪੱਤਰ ਦਾ ਸਟਾਕ ਰੱਖਿਆ ਜਾਂਦਾ ਸੀ ਤੇ ਮੁਲਾਂਕਣ ਕਰਨ ਵਾਲੇ ਐਗਜ਼ਾਮੀਨਰ ਪ੍ਰੋਫ਼ੈਸਰਾਂ ਨਾਲ ਪੱਤਰ ਵਿਹਾਰ ਚਲਦਾ ਸੀ।ਇਸ ਵਿਭਾਗ ਦੇ ਇੰਚਾਰਜ ਸ੍ਰ ਗੁਰਪ੍ਰਤਾਪ ਸਿੰਘ ਅਸਿਸਟੈਂਟ ਰਜਿਸਟਰਾਰ ਸਨ ।ਸਾਡੀ ਬ੍ਰਾਂਚ ਦੇ ਪ੍ਰਵੇਸ਼ ਦੁਆਰ ਤੇ ਉਨ੍ਹਾ ਦਾ ਦਫ਼ਤਰ ਸੀ ਤਾਂ ਜੋ ਉਥੋਂ ਕੋਈ ਅਣ-ਅਧਿਕਾਰੀ ਬੰਦਾ ਅੰਦਰ ਨਾਹ ਆ ਸਕੇ ।

ਦਫ਼ਤਰ ਦੇ ਸਾਥੀ ਕਲੱਰਕ ਚੰਗੇ ਮਿਲਾਪੜੇ ਸਨ ਤੇ ਉਂਨ੍ਹਾ ਵਿਚ ਹਾਸੀ ਮਜ਼ਾਕ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਸਨ ।ਇਕ ਜਮਨਾਨਗਰ ਦੇ ਸੱਜਣ ਮਿਸਟਰ ਓਬੇਰਾਏ ਨਾਲ ਮੇਰੀ ਚੰਗੀ ਜਾਣ ਪਛਾਣ ਹੋ ਗਈ । ਉਹ ਵੀ ਸਾਹਿਤ ਪ੍ਰੇਮੀ ਸੱਜਣ ਸੀ ਤੇ ਅਸੀਂ ਅਕਸਰ ਮਿਲਕੇ ਸਾਹਿਤ ਦੀਆ ਗਲਾਂ ਕਰਦੇ ਰਹਿੰਦੇ ਸਾਂ । ਇਥੋਂ ਨੌਕਰੀ ਛੱਡਣ ਮਗਰੋਂ ਵੀ ਮੇਰੀ ਉਸ ਨਾਲ ਸਾਂਝ ਬਣੀ ਰਹੀ ਤੇ ਮਗਰੋਂ ਪਟਿਆਲੇ ਦੀ ਫ਼ੇਰੀ ਤੇ ਮੈ ਉਸਨੂੰ ਯੁਨੀਵਰਸਿਟੀ ਜਾਕੇ ਮਿਲਿਆ ਵੀ ਸਾਂ ।

ਯੂਨੀਵਰਸਿਟੀ ਵਿਚ ਮੈਂ ਡੇਢ ਕੁ ਸਾਲ ਨੌਕਰੀ ਕੀਤੀ । ਇਸ ਦੌਰ੍ਹਾਨ ਉਥੇ ਹੋਏ ਕਈ ਸਮਾਗਮਾਂ ਦੀ ਮੈਂਨੂੰ ਯਾਦ ਹੈ । ਨਵੀਂ ਬਣੀ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਉਦਘਾਟਨ ਕਰਨ ਲਈ ਭਾਰਤ ਦੇ ਪੂਰਵ ਐਜੂਕੇਸ਼ਨ ਮਨਿਸਟਰ ਐਮ: ਸੀ: ਛਾਗਲਾ ਆਏ ਸਨ । ਪੰਜਾਬ ਦੇ ਸਮਕਾਲੀ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਤੇ ਜਸਵੰਤ ਸਿੰਘ ਗਿਲ ਵੀ ਯੁਨੀਰਸਿਟੀ ਆਏ ਤੇ ਲੈਕਚਰ ਕੀਤੇ । ਸੰਨ 1969 ਵਿਚ ਗੁਰੂ ਨਾਨਕਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦਾ ਪੁਰਬ ਵੀ ਬੜੀ ਉਚੀ ਅਕਾਦਮਿਕ ਪੱਧਰ ਤੇ ਮਨਾਇਆ ਗਿਆ । ਉਸ ਸਮੇ ਡਾਕਟਰ ਭਾਈ ਜੋਧ ਸਿੰਘ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ । ਕਈ ਦੇਸਾਂ ਦੇ ਵਿਦਵਾਨਾ ਨੇ ਸਤਿਗੁਰਾਂ ਦੀ ਜੀਵਨ ਯਾਤਰਾਵਾਂ ਅਤੇ ਗੁਰਬਾਣੀ ਰਚਨਾਵਾਂ ਬਾਰੇ ਬਾਰੇ ਖੋਜ ਪੱਤਰ ਪ੍ਰਸਤੁਤ ਕੀਤੇ ਸਨ । ਪ੍ਰੋਫ਼ੈਸਰ ਮੋਹਨ ਸਿੰਘ ਨੇ ਆਂਪਣੀ ਰਚਨਾ ਨਾਨਕਾਇਣ ਵਿਚੋਂ ਕੁਝ ਅੰਸ਼ ਪੜ੍ਹਕੇ ਸ੍ਰੋਤਿਆਂ ਨੂੰ ਸੁਣਾਏ ਸਨ। ਇਕ ਵਾਰੀ ਗੁਰਬਾਣੀ ਸੰਗੀਤ ਦਰਬਾਰ ਵੀ ਹੋਇਆ ਤੇ ਰਾਗ ਵਿਦਿਆ ਦੇ ਮਾਹਰ ਕਈ ਰਾਗੀਆ ਨੇ ਕੀਰਤਨ ਕੀਤਾ ਸੀ । ਇਕ ਵਿਸ਼ੇਸ਼ ਅਵਸਰ ਤੇ ਰਖਿਆ ਮੰਤਰੀ ਸ੍ਰੀ ਜਗਜੀਵਨ ਰਾਮ ਵੀ ਯੂਨੀਵਰਸਿਟੀ ਦੇ ਸਮਾਗਮ ਵਿਚ ਆਏ ਸਨ ।

ਯੂਨੀਵਰਸਿਟੀ ਦਾ ਮਾਹੋਲ ਬੜਾ ਅਕਾਦਕਿਮ ਤੇ ਵਿਦਿਅਕ ਪ੍ਰੇਰਨਾ ਵਾਲਾ ਸੀ ।
ਯੂਨੀਵਰਸਿਟੀ ਦੀ ਨੌਕਰੀ ਭਾਵੇ ਚੰਗੇ ਤੇ ਸਥਿਰ ਰੋਜ਼ਗਾਰ ਵਾਲੀ ਸੀ ਪਰੰਤੂ ਮੇਰੇ ਅੰਦਰਲਾ ਮਨ ਇਸ ਕੰਮ ਵਿਚ ਨਹੀਂ ਸੀ ਲਗਦਾ । ਮੈਂ ਕੋਈ ਅਧਿਆਪਨ ਦਾ ਕਾਰਜ ਕਰਨਾ ਚਾਂਹੁੰਦਾ ਸਾਂ। ਇਸੇ ਦੋਰ੍ਹਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਤੇ ਗੁਰਮਤਿ ਕਾਲਜ ਦੀ ਸਥਪਨਾ ਡੇਰਾ ਬਾਬਾ ਜੱਸਾ ਸਿੰਘ ਦੇ ਸਥਾਨ ਤੇ ਕੀਤੀ ਗਈ ।ਮੈਂ ਇਸਦੇ ਆਰੰਭ ਕਰਨ ਲਈ ਕੀਤੇ ਗਏ ਅਰਦਾਸ ਸਮਾਗਮ ਦੀ ਹਾਜ਼ਰੀ ਵੀ ਭਰੀ ਸੀ । ਉਸ ਮੌਕੇ ਪੰਜਾਬ ਦਾ ਮੁੱਖ ਮੰਤਰੀ ਜਸਵੰਤ ਸਿੰਘ ਗਿਲ ਆਇਆ ਸੀ । ਮਗਰੋਂ ਦਾਖ਼ਲੇ ਲਈ ਵੀ ਮੈਂ ਬਿਨੈ ਪੱਤਰ ਭੇਜਿਆ ਤੇ ਮੈਨੂੰ ਇੰਟਰਵੀਊ ਲਈ ਵੀ ਸੱਦਿਆ ਗਿਆ । ਇਸ ਦੇ ਦਾਖ਼ਲੇ ਲਈ ਐਮ: ਏ: ਦੀ ਡਿਗਰੀ ਦਰਕਾਰ ਸੀ ਤੇ ਮੈ ਅਜੇ ਤਕ ਬੀ: ਏ: ਤਕੇ ਪਹੁੰਚਿਆ ਸਾਂ ਇਸ ਲਈ ਮੈਨੂੰ ਇਥੇ ਦਾਖਲੇ ਦੀ ਬਹੁਤੀ ਆਸ ਨਹੀਂ ਸੀ । ਵਾਹਿਗਰੂ ਦੀ ਬਖ਼ਸ਼ਿਸ਼ ਨਾਲ ਮੇਰੀ ਇੱਛਿਆ ਦੀ ਪੂਰਤੀ ਹੋਈ । ਚੁਣੇ ਗਏ ਦਸ ਉਮੀਦਵਾਰਾਂ ਵਿਚੋਂ ਇਕ ਨਹੀਂ ਸੀ ਆਇਆ ।ਸੋ ਉਸਦੀ ਥਾਵੇਂ ਮੈਂਨੂੰ ਦਾਖ਼ਲਾ ਮਿਲ ਗਿਆ ।

* * * * * *  * *

## ਗੁਰਮਤਿ ਕਾਲਜ ਪਟਿਆਲਾ

ਉਸ ਸਮੇ ਕਾਲਜ ਦੀ ਕੋਈ ਬਾਕਾਇਦਾ ਇਮਾਰਤ ਨਹੀ ਸੀ ਬਣੀ । ਕੇਵਲ ਛੋਟੇ ਛੋਟੇ ਕਮਰਿਆ ਦੀ ਇਕ ਲੰਮੀ ਕਤਾਰ ਉਸਾਰ ਦਿੱਤੀ ਗਈ ਸੀ ।ਜਿਸ ਵਿਚ ਵਿਦਿਆਰਥੀਆਂ ਦੀ ਰਿਹਾਰਿਸ਼. ਪ੍ਰਿੰਸੀਪਲ ਤੇ ਕਾਲਜ ਦਾ ਦਫ਼ਤਰ ਵੀ ਸ਼ਾਮਿਲ ਸਨ । ਨਾਲ ਹੀ ਪਹਿਲਾਂ ਤੋਂ ਉਸਰੀਆਂ ਇਮਾਰਤਾਂ ਵਿਚ ਲੰਗਰ ਦੀ ਰਸੋਈ ਤੇ ਲਾਇਬ੍ਰੇਰੀ ਬਣਾਈ ਗਈ ਸੀ ।ਡੇਰੇ ਦੇ ਗੁਰਦੁਆਰੇ ਵਿਚ ਸਵੇਰੇ ਸ਼ਾਮ ਸਤਿਸੰਗ ਹੁੰਦਾ ਸੀ ।ਕਲਾਸ ਦੇ ਕੁਝ ਵਿਦਿਆਰਥੀ ਮਾਝੇ ਦੇ ਇਲਾਕੇ ਦੇ ਸਨ। ਦੋ ਜੰਮੂ ਕਸ਼ਮੀਰ ਇਕ ਦਿੱਲੀ ਅਤੇ ਮੇਰੇ ਨਾਲ ਦਾ ਇਕ ਹੋਰ ਪਟਿਆਲੇ ਤੋਂ ਸੀ । ਦਿੱਲੀ ਵਾਲਾ ਭੁਪਿੰਦਰ ਸਿੰਘ ਪੀ ਐਚ ਡੀ ਸੀ ਤੇ ਉਹ ਪਹਿਲੇ ਸਾਲ ਹੀ ਰਿਹਾ ।ਕਾਲਜ ਦਾ ਕੋਈ ਰੈਗੂਲਰ ਟੀਚਿੰਗ ਸਟਾਫ਼ ਵੀ ਨਹੀਂ ਸੀ ।ਬਹੁਤੇ ਅਧਿਆਪਕ ਯੂਨਵਿਰਸਿਟੀ ਤੋਂ ਆਕੇ ਸਾਨੂੰ ਪੜ੍ਹਾਂਦੇ ਸਨ ।ਇਨ੍ਹਾ ਵਿਚ ਡਾ: ਤਾਰਨ ਸਿੰਘ, ਪ੍ਰੋਫ਼ੈਸਰ ਅਵਤਾਰ ਸਿੰਘ, ਡਾ ਵਜ਼ੀਰ ਸਿੰਘ ਤੇ ਡਾਂ: ਰਾਓ ਸਾਨੂੰ ਲੈਕਚਰ ਦੇਣ ਆਉਂਦੇ ਰਹੇ।

ਡਾ: ਤਾਰਨ ਸਿੰਘ ਜੀ ਦੀ ਸ਼ਖ਼ਸੀਅਤ ਦਾ ਮੇਰੇ ਤੇ ਚੰਗਾ ਪ੍ਰਭਾਵ ਪਿਆ । ਪੜ੍ਹਾਈ ਦਾ ਯੋਗ ਪ੍ਰਬੰਧ ਨਾ ਹੋਣ ਅਤੇ ਹੋਰ ਕਈ ਸਮੱਸਿਆਵਾਂ ਬਾਰੇ ਅਸੀਂ ਪੜ੍ਹਾਉਣ ਵਾਲੇ ਅਧਿਆਪਕਾਂ ਪਾਸ ਸ਼ਿਕਾਇਤਾਂ ਕਰਦੇ ਰਹਿੰਦੇ ਸਾਂ । ਬਹੁਤੇ ਅਧਿਆਪਕ ਵੀ ਸਾਡੀ ਸੁਰ ਨਾਲ ਸੁਰ ਮਿਲਾ ਦੇਂਦੇ ।ਡਾ: ਤਾਰਨ ਸਿੰਘ ਜੀ ਵੀ ਸਾਡੀਆਂ ਸ਼ਿਕਾਇਤਾਂ ਸੁਣਕੇ ਕੁਝ ਸਮਾ ਚੁੱਪ ਰਹਿਣ ਤੋਂ ਬਾਅਦ ਕੇਵਲ ਇਤਨਾ ਹੀ ਕਹਿੰਦੇ ।ਇਨ੍ਹਾ ਹਾਲਾਤਾ ਵਿਚ ਇੰਵ ਹੀ ਹੁੰਦਾ ਹੈ । ਅਸੀਂ ਕਦੇ ਵੀ ਉਨ੍ਹਾ ਦੀ ਜ਼ਬਾਨ ਤੋਂ ਕਿਸੇ ਬਾਰੇ ਕੋਈ ਨਿੰਦਿਆ ਦੇ ਸ਼ਬਦ ਨਹੀਂ ਸੁਣੇ ।ਉਨ੍ਹਾ ਦੀ ਇਕ ਗਲ ਮੈਨੂੰ ਕਦੇ ਨਹੀਂ ਭੁਲਦੀ । ਅਸੀਂ ਪੁੱਛਣਾ ਕਿ ਇਤਨਾ ਗੁਰਮਤਿ ਦਾ ਪ੍ਰਚਾਰ ਹਰ ਪਾਸੇ ਹੋ ਰਿਹਾ ਹੈ । ਹਜ਼ਾਰਾਂ ਪ੍ਰਚਾਰਕ ਰਾਗੀ ਤੇ ਵਿਦਵਾਨ ਦਿਨ ਰਾਤ ਇਸ ਕਾਰਜ ਤੇ ਲੱਗੇ ਹੋਏ ਹਨ । ਅਨੇਕਾਂ ਰੇਡੀਓ ਟੀਵੀ ਤੇ ਲਿਖਤੀ ਪ੍ਰਚਾਰ ਮਾਧਿਅਮ ਵੀ ਇਸ ਕਾਰਜ ਵਿਚ ਸੰਲਗਨ ਹਨ ।ਪ੍ਰੰਤੂ ਫ਼ਿਰ ਵੀ ਲੋਕਾਂ ਦੇ ਜੀਵਨ ਆਚਾਰ ਵਿਹਾਰ ਵਿਚ ਕੋਈ ਸੁਧਾਰ ਹੁੰਦਾ ਨਹੀ ਦਿਸਦਾ ।ਆਪਣੇ ਸੁਭਾਅ ਅਨੁਸਾਰ ਕੁਝ ਦੇਰ ਚੁਪ ਰਹਿਣ ਮਗਰੋਂ ਉਹ ਕਹਿੰਦੇ । ਦੇਖੋ ਕਿਤਨਾ ਮੀਂਹ ਪੈਂਦਾ ਹੈ ਪ੍ਰੰਤੂ ਬਹੁਤ ਘੱਟ ਪਾਣੀ ਵਰਤੋਂ ਵਿਚ ਆਉਂਦਾ ਹੈ । ਬਹੁਤਾ ਪਾਣੀ ਨਦੀਆਂ ਨਾਲਿਆ ਰਾਹੀਂ ਮੁੜ ਸਮੁੰਦਰ ਵਿਚ ਸਮਾ ਜਾਂਦਾ ਹੈ। ।ਫ਼ਲਦਾਰ ਬਿਰਖਾਂ ਨੂੰ ਕਿਤਨਾ ਬੂਰ ਪੈਦਾ ਹੈ ਪੰਤੂ ਬਹੁਤਾ ਝੜ ਜਾਂਦਾ ਹੈ ਤੇ ਬਹੁਤ ਥੋੜੀ ਮਾਤਰਾ ਵਿਚ ਬਚੇ ਬੂਰ ਦੇ ਫ਼ਲ ਬਣਦੇ ਹਨ । ਕਿਤਨੇ ਫ਼ੁਲ ਫ਼ਲ ਐਵੈ ਹੀ ਨਸ਼ਟ ਹੋ ਜਾਂਦੇ ਹਨ ।ਇਸਤਰ੍ਹਾਂ ਦੀਆਂ ਕਈ ਉਦਾਹਰਣਾ ਦੇਕੇ ਆਖ਼ੀਰ ਵਿਚ ਉਹ ਨਿਰਣਾਇਕ ਸ਼ਬਦ ਬੋਲਦੇ “ ਬਰਬਾਦ ਕਰੀ ਜਾਣਾ ਹੀ ਕੁਦਰਤ ਦਾ ਨਿਯਮ ਹੈ “(destruction is the law of nature).ਉਨ੍ਹਾਂ ਦੁਆਰਾ ਦਰਸਾਏ ਇਸ ਕੁਦਰਤੀ ਸਿਧਾਂਤ ਦੀ ਸਮਝ ਜ਼ਿੰਦਗੀ ਵਿਚ ਅਸਫ਼ਤਾਵਾਂ ਤੇ ਬਰਬਾਦੀਆਂ ਵਿਚ ਵੀ ਧੀਰਜ ਤੇ ਚੜ੍ਹਦੀ ਕਲਾ ਵਿਚ ਰਹਿਣ ਵਿਚ ਸਹਾਈ ਹੋਈ।

ਇਕ ਦੂਜੇ ਸਾਲ ਬੁੱਧ ਧਰਮ ਦਾ ਇਕ ਤਾਮਿਲ ਵਿਦਵਾਲ ਡਾ: ਰਾਓ  ਵੀ ਆਉਂਦਾ ਰਿਹਾ । ਉਹ ਯੂਨੀਵਰਸਿਟੀ ਦੇ ਇੰਟਰ ਰੀਲੀਜੀਅਸ ਵਿਭਾਗ ਵਿਚ ਲੱਗਾ  ਹੋਇਆ ਸੀ । ਉਹ ਹਿੰਦੀ ਤਾਮਿਲ ਦੇ ਲਹਿਜੇ ਵਿਚ ਬੋਲਦਾ ਸੀ । ਭਾਸ਼ਾਵਿਭਾਗ ਤੋਂ ਗਿਆਨੀ ਲਾਲ ਸਿੰਘ ਤੇ ਸ੍ਰ: ਜੋਗਿੰਦਰ ਸਿੰਘ ਵੀ ਕਲਾਸਾਂ ਲੈਣ ਆਉਂਦੇ । ਸ੍ਰ: ਜੋਗਿੰਦਰ ਸਿੰਘ ਜੋ ਭਾਸ਼ਾ ਵਿਭਾਗ ਦੇ ਐਨਸਾਈਕਲੋਪੀਡੀਆ ਸੈਕਸ਼ਨ ਦੇ ਅਸਿਸਟੈਂਟ ਡਾਇਰੈਕਟਰ ਸਨ ਸਾਨੂੰ ਸਾਮੀ ਧਰਮਾਂ ਦੀ ਪੜਾਈ ਕਰਵਾਉਂਦੇ ਰਹੇ । ਉਨ੍ਹਾ ਨੂੰ ਇਸਲਾਮ,ਯਹੂਦੀ ਤੇ ਇਸਾਈ ਧਰਮ ਦਾ ਇਤਨਾ ਗਿਆਨ ਸੀ ਕਿ ਮੂੰਹ ਜ਼ਬਾਨੀ  ਪੈਗੰਬਰਾਂ ਤੇ ਰਾਜਿਆਂ ਦੇ ਬੰਸਾਵਲੀਨਾਮੇ  ਬੋਰਡ ਤੇ ਲਿਖ ਦਿੰਦੇ । ਉਨ੍ਹਾਂ ਨੂੰ ਉਹ ਸਾਰੇ ਨਾਮ ਜ਼ਬਾਨੀ ਯਾਦ ਸਨ ਜੋ ਸਾਡੀ ਜ਼ਬਾਨ ਤੇ ਵੀ ਨਹੀਂ ਸਨ ਚੜ੍ਹਦੇ ਸਨ।ਪਹਿਲਾ ਸਾਲ ਪੂਰਾ ਹੋਣ ਤੇ ਦੂਜੇ ਸਾਲ ਲਈ ਵੀ ਉਨ੍ਹਾਂ ਦੀ ਨਿਯੁੱਕਤੀ ਹੋ ਗਈ ਪਰੰਤੂ ਭਾਣਾ ਐਸਾ ਵਰਤਿਆ ਕਿ ਉਹ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਚੜ੍ਹਾਈ ਕਰ  ਕਰ ਗਏ । ਰਾਤ ਨੂੰ ਸੁੱਤੇ ਤੇ ਸਵੇਰੇ ਉੱਠੇ ਹੀ ਨਹੀਂ ।

ਦੂਜੇ ਸਾਲ ਪ੍ਰਿਸੀਪਲ ਸਾਹਿਬ ਸਿੰਘ ਜੀ ਵੀ ਆਉਣ ਲਗ ਪਏ । ਉਨ੍ਹਾ ਦੇ ਸਪੁੱਤਰ ਡਾਕਟਰ ਦਲਜੀਤ ਸਿੰਘ ਜੀ ਦੀ  ਉਥੇ ਹੀ ਨਿਯੁਕਤੀ ਹੋਈ ਸੀ । ਉਹ ਮਾਡਲ ਟਾਊਨ ਤੋਂ ਰੋਜ਼ ਰਿਕਸ਼ੇ ਤੇ ਆਉਂਦੇ ਜਾਂਦੇ ।ਕੋਈ ਬਾਕਾਇਦਾ ਲੈਕਚਰ ਹਾਲ ਨਾਹ ਹੋਣ ਕਾਰਨ ਅਸੀਂ ਕਦੇ ਕਿਸੇ ਕਮਰੇ ਵਿਚ ਅਤੇ ਕਦੇ ਬਾਹਰ ਹੀ ਮੈਦਾਨ ਵਿਚ ਬੈਠ ਕੇ ਪੜ੍ਹਦੇ ਸਾਂ । ਪ੍ਰਿੰਸੀਪਲ ਸਾਹਿਬ ਸਿੰਘ ਜੀ ਵਿਆਕਰਣ ਅਨੁਸਾਰ ਗੁਰਬਾਣੀ ਦਾ ਅਧਿਐਨ ਕਰਵਾਉਂਦੇ । ਕਦੇ ਪੜਾਂਉਂਦਿਆਂ ਆਪਣੇ ਜੀਵਨ ਦੀਆਂ ਵਾਰਤਾਵਾਂ ਤੇ ਹੱਡਬੀਤੀਆਂ ਵੀ ਸੁਣਾਉਣ ਲਗ ਪੈਂਦੇ । ਗੁਰਬਾਣੀ ਦੇ ਸਿਧਾਂਤਾ ਅਨੁਸਾਰ ਸਿੱਖ ਇਤਿਹਾਸਕ ਵਾਰਤਾਵਾਂ ਤੇ ਘਟਨਾਵਾਂ ਦੀ ਵਿਆਖਿਆ ਕਰਦੇ । ਜੋ ਬੜੀ ਦਿਲਚਸਪ ਤੇ ਪ੍ਰਭਾਵਸ਼ਾਲੀ ਹੁੰਦੀ । ਆਪਣੀ ਬਣਾਏ ਅਕੀਦੇ ਤੇ ਵਿਸ਼ਵਾਸ ਤੋਂ ਰਤਾ ਭਰ ਵੀ ਵਿਚਲਿਤ ਨਾ ਹੁੰਦੇ । ਬਾਬਾ ਮੋਹਨ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਮੰਗਣ ਗਏ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ "ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ " ਸ਼ਬਦ ਗਾਕੇ ਉਸਨੂੰ ਪ੍ਰਭਾਵਤ ਕਰਨ ਦੀ ਵਾਰਤਾ ਦੇ ਉਹ ਸਿਰੇ ਤੋਂ ਇਨਕਾਰੀ ਸਨ । ਅਸੀਂ ਕਹਿਣਾ ਕਿ ਸਤਿਗੁਰਾਂ ਨੇ ਸ਼ਬਦ ਤਾਂ ਵਾਹਿਗੁਰੂ ਦੀ ਵਡਿਆਈ ਤੇ ਉਸ ਅੱਗੇ ਅਰਦਾਸ ਵੱਜੋਂ ਵਿਚ ਹੀ ਗਾਇਆ ਹੋਵੇਗਾ ਕਿ ਉਹ ਬਾਬਾ ਜੀ ਦੇ ਹਿਰਦੇ ਨੂੰ ਦ੍ਰਵਿਤ ਕਰਕੇ ਪੋਥੀਆਂ ਸੌਂਪਣ ਲਈ ਪ੍ਰੇਰਤ ਕਰੇ ।

ਉਨ੍ਹਾ ਅੱਗੋਂ ਥੋੜਾ ਤੈਸ਼ ਵਿਚ ਆਕੇ  ਕਹਿਣਾ ," ਮੈ ਜੋ ਤੁਹਾਨੂ ਦਸ ਦਿੱਤਾ , ਦਸ ਦਿੱਤਾ,  ਮੰਨਣਾ ਤਾਂ ਮੰਨੋ, ਨਹੀਂ ਤਾਂ ਪਓ ਢੱਠੇ ਖੂਹ ਵਿਚ "ਸਾਨੂੰ ਉਨ੍ਹਾ ਦੇ ਇਹ ਸ਼ਬਦ ਕਿਸੇ ਬਜ਼ੁਰਗ ਦੀ ਝਿੜਕੀ ਵਾਂਗ ਬੜੇ ਪਿਆਰੇ ਲਗਦੇ ਤੇ ਇਨ੍ਹਾ ਨੂੰ ਸੁਣਨ ਲਈ ਉਨ੍ਹਾ ਅੱਗੇ ਕਈ ਢੁੱਚਰਾਂ ਡਾਹੁੰਦੇ ਰਹਿੰਦੇ ।ਕਈ ਵਾਰ ਅਸੀਂ ਅਜੀਤ ਨਗਰ ਵਿਚ ਉਨ੍ਹਾ ਦੇ ਨਿਵਾਸ ਤੇ ਵੀ ਚਲੇ ਜਾਂਦੇ ਜਿੱਥੇ ਉਹ ਗੁਰਬਾਣੀ ਦੀਆਂ ਹੀ ਵਿਚਾਰਾ ਸਾਡੇ ਨਾਲ ਕਰਦੇ ।  ਦੋ ਸਾਲ ਦੇ ਸੈਸ਼ਨ ਦੌਰ੍ਹਾਨ ਸਾਡੇ ਤਿੰਨ ਪਿੰਸੀਪਲ ਬਦਲੇ । ਸ਼ੁਰੂ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪਹਿਲੇ ਸਾਲ ਰਹੇ । ਮਗਰੋਂ ਯੁਨੈਸਕੋ ਵਿਚ ਕੰਮ ਕਰ ਚੁਕੇ ਸ੍ਰ: ਸੋਹਨ ਸਿੰਘ ਨੂੰ ਪ੍ਰਿੰਸੀਪਲ ਥਾਪਿਆ ਗਿਆ ਤੇ ਉਨ੍ਹਾਂ ਮਗਰੋਂ ਪ੍ਰਿਸੀਪਲ ਐਸ: ਐਸ: ਅਮੋਲ ਨਿਯੁੱਕਤ ਹੋਏ।

ਪੜ੍ਹਾਈ ਦੌਰ੍ਹਾਨ  ਕਈ ਹੋਰ ਵਿਦਵਾਨ ਵੀ ਸਮੇ ਸਮੇ ਆਉਂਦੇ ਰਹਿੰਦੇ ਸਨ । ਸ਼੍ਰੋਮਣੀ ਕਮੇਟੀ ਵੱਲੇ ਵੀ ਕੁਝ ਵਿਦਵਾਨਾਂ ਨੇ ਆਕੇ ਲੈਕਚਰ ਦਿੱਤੇ ਸੀ ਜਿਨ੍ਹਾਂ ਵਿਚੋਂ ਪ੍ਰਿੰਸੀਪਲ ਹਰਭਜਨ ਸਿੰਘ ਤੇ ਸ੍ਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਦੀ ਫ਼ੇਰੀ ਮੈਨੂੰ ਯਾਦ ਹੈ । ਪ੍ਰਿੰਸੀਪਲ ਹਰਭਜਨ ਸਿੰਘ ਮਗਰੋਂ ਮੇਰੇ ਧਨਬਾਦ ਰਹਿੰਦਿਆਂ ਉਥੇ ਵੀ ਕਿਸੇ ਗੁਰਪੁਰਬ ਤੇ ਸੱਦੇ ਗਏ ਸਨ ।ਸਿੱਖ ਰੀਵੀਊ ਕਲਕੱਤਾ ਦੇ ਸੰਸਥਾਪਕ ਕੈਪਟਨ ਭਾਗ ਸਿੰਘ ਵੀ ਸਾਨੂੰ ਲੈਕਚਰ ਦੇਣ ਆਏ ਸਨ ।ਡਾ: ਗੰਡਾ ਸਿੰਘ ਜੀ ਕੁਝ ਸਮਾਂ  ਸਾਨੂੰ ਸਿੱਖ ਇਤਿਹਾਸ ਪੜ੍ਹਾਉਣ ਆਉਂਦੇ ਰਹੇ ਸਨ। ਇਕ ਵਾਰੀ ਇੰਗਲੈਂਡ ਤੋਂ ਇਕ ਸੱਜਣ ਸ੍ਰ: ਅਰਜਨ ਸਿੰਘ ਨਾਲ ਸਾਡੀ ਬੜੀ ਪ੍ਰੇਰਨਾਦਾਇਕ ਮੀਟਿੰਗ ਹੋਈ ਸੀ । ਕਦੇ ਕਦੇ ਕਿਸੇ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਸੀਂ ਯੂਨੀਵਰਸਿਟੀ ਵੀ ਜਾਂਦੇ ਰਹਿੰਦੇ ਸਾਂ ।

ਇਸੇ ਸਮੇ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਕਰਨ ਲਈ ਲੰਮੇ ਅਰਸੇ ਲਈ ਰਖੇ ਮਰਣ ਵਰਤ ਮਗਰੋਂ ਸ੍ਰ: ਦਰਸ਼ਨ ਸਿੰਘ ਫ਼ੇਰੂਮਾਨ ਸ਼ਹੀਦ ਹੋਏ ਸਨ । ਇਸ ਮੌਕੇ ਤੇ ਯੂਨੀਵਰਸਿਟੀ ਵੱਲੋਂ ਰੱਖੇ ਗਏ ਇਕ ਕਵੀ ਦਰਬਾਰ ਵਿਚ ਮੈਂ ਉਨ੍ਹਾ ਬਾਰੇ ਆਪਣੀ ਕਵਿਤਾ

"ਸ਼ਮਾ ਦੀ ਲੋਅ" ਪੜ੍ਹੀ ਸੀ ਜਿਸ ਤੇ ਮੈਨੂੰ ਤੀਜਾ ਇਨਾਮ ਮਿਲਿਆ ਸੀ । ਇਕ ਵਾਰ ਅਸੀਂ ਰਾੜਾ ਪਿੰਡ ਵਿਚ ਸੰਤ ਈਸ਼ਰ ਸਿਘ ਜੀ ਦੇ ਸਮਾਗਮ ਤੇ ਵੀ ਅਸੀਂ ਗਏ ਸਾਂ । ਉਥੇ ਉਨ੍ਹਾ ਪਾਸੋਂ ਕੀਰਤਨ ਤੇ ਗੁਰਮਤਿ ਪ੍ਰਚਾਰ ਸੁਣਿਆ । ਪਿੰਡ ਬਾਗੜੀਆਂ ਜਾਣ ਦਾ ਅਵਸਰ ਵੀ ਮਿਲਿਆ ਸੀ । ਪਹਿਲਾਂ ਕੀਤੀ ਕੋਆਪਰੇਟਿਵ ਸਬ ਇੰਸਪੈਟਰ ਦੀ ਟ੍ਰੇਨਿੰਗ ਵਿਚ ਇੰਸਟੀਚਯੂਟ ਦੇ ਪ੍ਰਿੰਸੀਪਲ ਤੇ ਮਗਰੋਂ ਅੰਬਾਲੇ ਅਸਿਸਟੈਂਟ ਰਜਿਸਟਰਾਰ ਨਿਯੁੱਕਤ ਹੋਏ ਸ੍ਰਦਾਰ ਅਮਰਜੀਤ ਸਿੰਘ ਆਹਲੂਵਾਲੀਆ ਵੀ ਉਥੇ ਆਏ ਸਨ । ਸਿੱਖ ਪੰਥ ਦੀ ਪ੍ਰਸਿੱਧ ਸ਼ਖ਼ਸੀਅਤ ਭਾਈ ਅਰਦਮਨ ਸਿੰਘ ਬਾਗੜੀਆਂ ਦੇ ਦਰਸ਼ਨ ਕੀਤੇ ਤੇ ਵਿਚਾਰ ਸੁਣੇ ਸਨ ।ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਬਕਾ ਮੈਨੇਜਰ ਸ੍ਰ:ਨਰਾਇਣ ਸਿੰਘ ਜੀ ਸਾਡੀ ਕਾਲਜ ਦੀ ਕਮੇਟੀ ਦੇ ਸਕੱਤਰ ਸਨ । ਉਨ੍ਹਾਂ ਦੇ ਪਿੰਡ ਸੁਨਾਮ ਦੇ ਗੁਰਦੁਆਰੇ ਜਾਕੇ ਕੀਰਤਨ ਸੁਣਨ ਦਾ ਅਵਸਰ ਵੀ ਇਕ ਵਾਰ ਮਿਲਿਆ ।ਕਈ ਵਾਰ ਬਾਹਰ ਗੁਰਪੁਰਬਾਂ ਤੇ ਲੈਕਚਰ ਦੇਣ ਜਾਂ ਕਥਾ ਕਰਨ ਦੇ ਅਵਸਰ ਵੀ ਮਿਲ ਜਾਂਦੇ ਸਨ ।ਮੈ ਰਾਜਪੁਰਾ ਕਾਲੋਨੀ ਪਟਿਆਲਾ ਦੇ ਗੁਰਦੁਆਰਾ ਸਾਹਿਬ ਲਗਾਤਾਰ ਹਫ਼ਤੇਵਾਰ ਕਥਾ ਕਰਨ ਜਾਂਦਾ ਰਿਹਾ ਸਾਂ । ਇਕ ਵਾਰ ਜਾਲੰਧਰ ਮਾਡਲ ਟਾਊਨ ਦੇ ਗੁਰਦੁਆਰਾ ਸਾਹਿਬ ਵਿਚ ਵੀ ਲੈਕਚਰ ਕਰਨ ਦਾ ਮੌਕਾ ਮਿਲਿਆ। ਇਸ ਦੌਰ੍ਹਾਨ ਬੀਬੀ ਜਸਬੀਰ ਕੌਰ ਦੇ ਪ੍ਰਵਾਰ ਨਾਲ ਮੇਰਾ ਸੰਪਰਕ ਹੋਇਆ ਜੋ ਮਗਰੋਂ ਦੂਜੇ ਸਾਲ ਗੁਰਮਤਿ ਕਾਲਜ ਵਿਚ ਦਾਖ਼ਲ ਹੋ ਗਈ ਸੀ ।ਉਹ ਸਵੇਰ ਦੇ ਦੀਵਾਨ ਵਿਚ ਆਪਣੀ ਮਧੁਰ ਆਵਾਜ਼ ਵਿਚ ਬੜਾ ਰੱਸ ਭਿੰਨਾ ਕੀਰਤਨ ਕਰਦੀ ਸੀ । ਉਸ ਨਾਲ ਮਗਰੋਂ ਵੀ ਮੇਰਾ ਲਗਾਤਾਰ ਸੰਬੰਧ ਬਣਿਆ ਰਿਹਾ ।ਉਸਨੂੰ ਮਗਰੋਂ ਧਨਬਾਦ ਵੀ ਬੁਲਾਇਆ ਗਿਆ ਸੀ ਜਿੱਥੇ ਆਸ ਪਾਸ ਕਈ ਗਰਦੁਆਰਿਆਂ ਵਿਚ ਪ੍ਰਚਾਰ ਕਰਨ ਅਸੀਂ ਜਾਂਦੇ ਰਹੇ ।

ਵਿਦਿਆਰਥੀਆਂ ਵਿਚ ਸਾਡੇ ਦੋ ਗਰੁਪ ਬਣ ਗਏ ਸਨ । ਇਕ ਮਾਝੇ ਤੋਂ ਚਾਰ ਆਏ ਵਿਦਿਆਰਥੀਆਂ ਦੀ ਟੋਲੀ ਸੀ ਜੋ ਸਿਰਦਾਰ ਕਪੂਰ ਸਿੰਘ ਜੀ ਦੇ ਸ਼ਰਧਾਲੂ ਸਨ । ਉਨਾਂ ਨਾਲ ਸਾਨੂੰ ਕਈ ਵਾਰ ਸ੍ਰਦਾਰ ਸਾਹਿਬ ਦੇ ਲੈਕਚਰ ਸੁਣਨ ਦਾ ਮੌਕਾ ਮਿਲਿਆ । ਦੂਜੇ ਸਾਡਾ ਜੰਮੂ ਕਸ਼ਮੀਰ ਦਿੱਲੀ ਤੇ ਪਟਿਆਲੇ ਦੇ ਵਿਦਿਆਰਥੀਆਂ ਦੀ ਟੋਲੀ ਸੀ । ਪਹਿਲਾ ਗਰੁੱਪ ਗਰਮ ਦਲੀਆਂ ਦਾ ਸੀ । ਉਹ ਗਲ ਗਲ ਵਿਚ ਅਖੌਤੀ ਸੰਤਾ ਦੇ ਵਿਰੋਧ ਦੀਆਂ ਗੱਲਾਂ ਕਰਦੇ ਰਹਿੰਦੇ ਸਨ । ਸਵੇਰੇ ਸਵੇਰੇ ਕਈ ਵਾਰ ਉਹ ਕਾਲਜ ਦੇ ਬਾਹਰ ਜਲੂਸ ਵਰਗੇ ਰੂਪ ਵਿਚ ਗਾਉਂਦੇ ਫ਼ਿਰਦੇ । "ਕਿਹਦੇ ਕਿਹਦੇ ਪੈਰੀਂ ਹੱਥ ਲਾਵਾਂ, ਸੰਤਾਂ ਦੇ ਵੱਗ ਫ਼ਿਰਦੇ" ।ਸਾਡੇ ਨਾਲ ਕਈ ਵਾਰੀ ਉਨ੍ਹਾ ਦਾ ਵਾਦ ਵਿਵਾਦ ਵੀ ਚਲਦਾ ਰਹਿੰਦਾ ਸੀ ।

ਸਾਡੇ ਦੂਜੀ ਸਾਲ ਵਿਚ ਪਹਿਲੇ ਸਾਲ ਦੇ ਵਿਦਿਆਰਥੀਆਂ ਦਾ ਨਵਾਂ ਦਾਖ਼ਲਾ ਹੋਇਆ । ਸਭ ਨੂੰ ਪਹਿਲਾਂ ਤੋਂ ਉਸਾਰੇ ਗਏ ਹੋਸਟਲ ਦੇ ਕਮਰਿਆਂ ਵਿਚ ਹੀ ਸਭ ਨੂੰ ਰਹਿਣਾ ਪਿਆ । ਇਨ੍ਹਾ ਵਿਚ ਬੀਬੀ ਜਸਬੀਰ ਕੌਰ ਤੋਂ ਇਲਾਵਾ ਕੁਝ ਹੋਰ ਬੀਬੀਅ ਤੇ ਸ੍ਰ: ਪਿਸ਼ੌਰਾ ਸਿੰਘ ਵੀ ਸਨ ਜਿਨ੍ਹਾ ਨੇ ਮਗਰੋ ਕੈਨੇਡਾ ਆਕੇ ਟੋਰਾਂਟੋ ਯੁਨਵਰਸਿਟੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸੰਬੰਧੀ ਖੋਜ ਕਾਰਜ ਕਰਕੇ ਪੀ ਐਚ ਡੀ ਦੀ ਡਿਗਰੀ ਹਾਸਲ ਕੀਤੀ । ਉਨ੍ਹਾ ਦੀ ਇਸ ਖੋਜ ਨੇ ਸਿੱਖ ਜਗਤ ਵਿਚ ਵਾਦ ਵਿਵਾਦ ਵੀ ਛੇੜ ਦਿੱਤਾ ਤੇ ਮਗਰੋਂ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਹਾਜ਼ਰ ਹੋਕੇ ਲਾਈ ਤਨਖਾਹ ਭੁਗਤਣੀ ਪਈ ।ਉਨ੍ਹਾ ਆਪਣਾ ਖੋਜ ਕਾਰਜ ਸ਼ੁਰੂ ਰੱਖਿਆ ਤੇ ਉਤਰੀ ਅਮਰੀਕਾ ਦੇ ਸਿਖ ਜਗਤ ਵਿਚ ਵਿਚ ਚੰਗਾ ਨਾਮਣਾ ਖੱਟਿਆ । ਉਹ ਮੇਰੇ ਕੈਲਗਰੀ ਰਹਿੰਦਿਆਂ ਦੋ ਵਾਰੀ ਕੈਲਗਰੀ ਸਿੱਖ ਸੋਸਾਇਟੀ ਦੇ ਗੁਰਦੁਆਰਾ ਸਾਹਿਬ ਆਏ ਤੇ ਮੈਂ ਵੀ ਉਨ੍ਹਾਂ ਨੂੰ ਮਿਲਿਆ ਸਾਂ ।ਇਕ ਹੋਰ ਵਿਦਿਆਰਥੀ ਸ਼੍ਰ:ਗੁਰਚਰਨ ਸਿੰਘ ਸਨ ਜਿਹੜੇ ਸਰੀਰਕ ਕਸਰਤ ਤੇ ਸਿਹਤ ਦੀ ਸੰਭਾਲ ਪ੍ਰਤੀ ਬੜੇ ਸਚੇਤ ਸਨ । ਉਹ ਖਾਣ ਪੀਣ ਦਾ ਵੀ ਬੜਾ ਪਰਹੇਜ਼ ਕਰਦੇ ਸਨ । ਅਸੀਂ ਉਨ੍ਹਾ ਨੂੰ ਸੰਤ ਜੀ ਕਹਿੰਦੇ ਸਾਂ ।ਉਹ ਮਗਰੋਂ ਧਨਬਾਦ ਕਿਸੇ ਗੁਰਪੁਰਬ ਤੇ ਲੈਕਚਰ ਦੇਣ ਵੀ ਆਏ ਸਨ ।

ਗੁਰਮਤਿ ਕਾਲਜ ਦੇ ਕਈ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਮੇਰਾ ਮਗਰੋਂ ਵੀ ਸੰਬੰਧ ਬਣਿਆ ਰਿਹਾ ।ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੇ ਨਾਲ ਤਾਂ ਉਨ੍ਹਾ ਦੇ ਅਕਾਲ ਚਲਾਣੇ ਤਕ ਸਾਂਝ ਬਣੀ ਰਹੀ ।ਮਗਰੋਂ ਉਹ ਜਮਨਾਨਗਰ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਿੰਸੀਪਲ ਨਿਯੁੱਕਤ ਹੋਏ ਸਨ ਤੇ ਉਹਨਾਂ ਆਪਣਾ ਘਰ ਵੀ ਉਥੇ ਬਣਾ ਲਿਆ ਸੀ ।ਪ੍ਰਿਸੀਪਲ ਅਮੋਲ ਹੁਰਾਂ ਨਾਲ ਵੀ ਕੁਝ ਸਮਾਂ ਮੇਰਾ ਸੰਪਰਕ ਬਣਿਆ ਰਿਹਾ ।ਪਟਿਆਲੇ ਗੁਰਮਤਿ ਕਾਲਜ ਦੀ ਸੇਵਾ ਕਰਦਿਆ ਉਨ੍ਹਾ ਦਾ ਪ੍ਰਵਾਰ ਦੋ ਬੇਟੀਆਂ ਤੇ ਇਕ ਸਪੁੱਤਰ ਵੀ ਉਨ੍ਹਾ ਨਾਲ ਰਹਿੰਦੇ । ਸਪੁੱਤਰ ਡਾ:ਆਤਮਜੀਤ ਸਿੰਘ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਤੇ ਨਾਟਕਕਾਰ ਹਨ ।

ਪ੍ਰਿਸੀਪਲ ਸਤਿਬੀਰ ਸਿੰਘ ਹੁਰਾਂ ਨੂੰ ਧਨਬਾਦ ਪ੍ਰਕਾਸ਼ ਉਤਸਵ ਦੇ ਮੌਕੇ ਤੇ ਹੁੰਦੇ ਸਾਲਾਨਾ ਸਮਾਗਮ ਸਦਭਾਵਨਾ ਦਿਵਸ ਤੇ ਵੀ ਬੁਲਾਇਆ ਗਿਆ ਸੀ ।ਸਾਡੇ ਸਹਿਪਾਠੀ ਸ: ਸਵਰਨਜੀਤ ਸਿੰਘ ਮਗਰੋਂ ਗੁਰਮਤਿ ਕਾਲਜ ਦੇ ਪ੍ਰਿੰਸੀਪਲ ਨਿਯੁੱਕਤ ਹੋਏ । ਪਟਿਆਲੇ ਜਾਂਦਿਆਂ ਮੈ ਓਨ੍ਹਾਂ ਨੂੰ ਮਿਲਣ ਜਾਂਦਾ ਰਿਹਾ ।ਇਕ ਵਾਰ ਧਨਬਾਦ ਗੁਰਪੁਰਬ ਦੇ ਅਵਸਰ ਤੇ ਵੀ ਉਨ੍ਹਾ ਨੂੰ ਸੱਦਿਆ ਗਿਆ ਸੀ ।ਮੇਰੇ ਰਿਹਾਇਸ਼ੀ ਕਮਰੇ ਦੇ ਨਾਲ ਹੀ ਇਕ ਕਮਰੇ ਵਿਚ ਉਨ੍ਹਾ ਨੂੰ ਟਿਕਾਣਾ ਦਿੱਤਾ ਗਿਆ ਸੀ । ਗੁਰਪੁਰਬ ਵਾਲੇ ਦਿਨ ਉਨ੍ਹਾ ਨੂੰ ਲੈਕਚਰ ਦਾ ਸਮਾਂ ਦਸਕੇ ਮੈ ਕਮਰੇ ਤੋਂ ਬਾਹਰ ਨਿਕਲਦਿਆ ਅਚੇਤੇ ਹੀ ਉਨ੍ਹਾ ਦੇ ਕਮਰੇ ਦੇ ਦਰਵਾਜ਼ੇ ਦਾ ਕੁੰਡਾ ਬੰਦ ਕਰਕੇ ਆ ਗਿਆ । ਮਗਰੋਂ ਉਨ੍ਹਾ ਦਾ ਸਮਾ ਹੋਣ ਤੇ ਉਨ੍ਹਾ ਨੂੰ ਸਟੇਜ ਤੇ ਬੁਲਾਈ ਗਿਆ ਤੇ ਨਾਂਹ ਆਉਣ ਤੇ ਜਾਕੇ ਆਪਣੀ ਗਲਤੀ ਪਤਾ ਲਗਾ ।

ਗੁਰਮਤਿ ਕਾਲਜ ਵਿਚ ਧਾਰਮਕ ਅਧਿਐਨ ਦੇ ਦੂਸਰੇ ਸਾਲ ਅਸੀਂ ਇਕ ਪ੍ਰੋਜੈਕਟ ਵੀ ਕਰਨਾ ਸੀ ।ਮੈਂ ਰਾਜਿੰਦਰ ਦੇਵਾ ਯਤੀਮਖਾਨਾ ਨੂੰ ਆਪਣੇ ਪ੍ਰੋਜੈਕਟ ਲਈ ਚੁਣਿਆ ਜੋ ਰੇਲਵੇ ਸਟੇਸ਼ਨ ਦੇ ਪਾਸ ਸੜਕ ਦੇ ਕਿਨਾਰੇ ਸਥਿਤ ਸੀ । ਇਸਦੇ ਇੰਚਾਰਜ ਸ੍ਰ ਜਸਵੰਤ ਸਿੰਘ ਪਸ਼ੌਰੀ ਸਨ ਜਿਨ੍ਹਾ ਮੇਰੇ ਪੌਜੈਕਟ ਲਈ ਮੈਨੂੰ ਆਪਣਾ ਪੂਰਾ ਸਹਿਯੋਗ ਤੇ ਸਮਰਥਨ ਦਿੱਤਾ ਸੀ ।ਯਤੀਮਖਾਨੇ ਵਿਚ ਲਗਭਗ ਤੀਹ ਦੇ ਕਰੀਬ ਮੁੰਡੇ ਕੁੜੀਆਂ ਸਨ ਜਿਨ੍ਹਾ ਦੀ ਉਮਰ ਛੇ ਸੱਤ ਤੋਂ ਲੈਕੇ ਚੌਦਾਂ ਪੰਦਰਾਂ ਸਾਲਾ ਦੀ ਹੋਵੇਗੀ । ਸ਼ਾਮੀ ਮੈ ਯਤੀਮਖਾਨੇ ਜਾਕੇ ਦੋ ਕੁ ਘੰਟੇ ਉਨ੍ਹਾ ਨਾਲ ਬਿਤਾਉਂਦਾ । ਮੈ ਉਨਾਂ ਨੂੰ ਸਿਖ ਧਰਮ ਤੇ ਮੁਢਲੇ ਨਿਯਮ ਰਹਿਤ ਮਰਿਯਾਦਾ ਨਿਤਨੇਮ ਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਤੇ ਸਿਖਿਆਵਾਂ ਬਾਰੇ ਦਸਦਾ ਸਾਂ । ਕਈ ਬੱਚਿਆਂ ਦੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਲਈ ਵੀ ਵਿਤ ਮੁਜਬ ਸਹਾਇਤਾ ਦੇਣ ਦੀ ਕੋਸ਼ਿਸ਼ ਕਰਦਾ ਸਾਂ । ਇਕ ਨੌ ਦਸ ਸਾਲ ਦਾ ਮੁੰਡਾ ਬੜਾ ਸਹਿਮਿਆ ਸਹਿਮਿਆ ਰਹਿੰਦਾ ਸੀ । ਪਿਸ਼ੌਰੀ ਜੀ ਤੋਂ ਪਤਾ ਲਗਾ ਕਿ ਉਸਦੇ ਸਾਹਮਣੇ ਉਸਦੇ ਮਾਪਿਆਂ ਦਾ ਕਤਲ ਹੋਇਆ ਸੀ । ਉਸਨੂੰ ਮੈ ਮਾਨਸਿਕ ਰੋਗੀਆਂ ਦੇ ਡਾਕਟਰ ਪਾਸ ਲਿਜਾਂਦਾ ਰਿਹਾ । ਇਸੇ ਤਰ੍ਹਾ ਕਈ ਹੋਰ ਬੱਚਿਆਂ ਦੀ ਵੀ ਜੋ ਹੋ ਸਕੀ ਸਾਹਾਇਤਾ ਕੀਤੀ ।

ਕਈ ਵਾਰੀ ਸਿਆਣੇ ਵਿਦਵਾਨ ਸੱਜਣਾ ਨੂੰ ਬੁਲਾਕੇ ਬੱਚਿਆਂ ਨਾਲ ਮਿਲਾਉਣ ਤੇ ਉਨ੍ਹਾ ਦੀਆਂ ਸਿਖਿਆਵਾਂ ਸੁਣਾਉਣ ਦਾ ਵੀ ਉਪਰਾਲਾ ਕੀਤਾ ।ਇਕ ਵਾਰ ਯੂਨੀਵਰਸਿਟੀ ਤੋਂ ਡਾ: ਤਾਰਨ ਸਿੰਘ ਜੀ ਨੂੰ ਆਉਣ ਦੀ ਬੇਨਤੀ ਕੀਤੀ । ਡਾਕਟਰ ਸਾਹਿਬ ਨੇ ਹਾਲੈਂਡ ਦੇਸ਼ ਦੀਆਂ ਲੋਕ ਕਥਾਵਾਂ ਵਿਚੋਂ ਇਕ ਬਹਾਦਰ ਲੜਕੇ ਦੀ ਕਹਾਣੀ ਸਣਾਈ ਸੀ ।ਉਨ੍ਹਾ ਦੱਸਿਆ ਕਿ ਇਸ ਦੇਸ ਦੀ ਧਰਤੀ ਸਮੁੰਦਰ ਤੋਂ ਨੀਵੀਂ ਹੈ ।ਸਮੁੰਦਰ ਦੇ ਕਿਨਾਰੇ ਉਚੇ ਬੰਨ੍ਹ ਲਾਕੇ ਪਾਣੀ ਨੂੰ ਰੋਕਿਆ ਗਿਆ ਹੈ । ਇਸ ਬੰਨ੍ਹ ਨੂੰ ਡਾਈਕ ਕਹਿੰਦੇ ਹਨ । ਇਕ ਵਾਰੀ ਸ਼ਾਮੀ ਸਕੂਲੋਂ ਮੁੜਦੇ ਇਕ ਬੱਚੇ ਹਾਂਸ ਬ੍ਰਿਕਰ ਨੂੰ ਡਾਈਕ ਵਿਚੋਂ ਪਾਣੀ ਰਿਸਦਾ ਦਿਸਿਆ । ਉਸਨੇ ਸੋਚਿਆ ਜੇਕਰ ਪਾਣੀ ਲਗਾਤਾਰ ਰਿਸਦਾ ਰਿਹਾ ਤਾਂ ਉਸਦਾ ਸ਼ਹਿਰ ਸਮੁੰਦਰ ਦੇ ਪਾਣੀ ਵਿਚ ਡੁੱਬ ਜਾਵੇਗਾ । ਉਹ ਆਪਣੀ ਉਂਗਲੀ ਰਿਸਦੇ ਪਾਣੀ ਦੀ ਮੋਰੀ ਵਿਚ ਦੇਕੇ ਉਥੇ ਹੀ ਬੈਠ ਗਿਆ । ਉਸਨੂੰ ਕਿਸੇ ਨਾਹ ਵੇਖਿਆ ਤੇ ਉਪਰੋਂ ਹਨੇਰਾ ਹੋਣ ਲੱਗਾ ।ਘਰ ਉਸਦੇ ਮਾਪੇ ਚਿੰਤਾ ਗ੍ਰਸਤ ਹੋਕੇ ਉਸਨੂੰ ਲਭਦੇ ਹੋਏ ਆਏ ਤਾਂ ਉਨ੍ਹਾ ਨੂੰ ਆਪਣੇ ਮੁੰਡੇ ਨੂੰ ਡਾਈਕ ਪਾਸ ਬੈਠਾ ਡਿੱਠਾ । ਉਹ ਉਸਨੂੰ ਚੱਲਣ ਲਈ ਆਖਣ ਲੱਗੇ ਤਾਂ ਉਸਨੇ ਕਿਹਾ ਪਹਿਲਾਂ ਡਾਈਕ ਦੀ ਮੋਰੀ ਬੰਦ ਹੋਵੇਗੀ ਤਾਹੀਂ ਮੈਂ ਜਾਵਾਂਗਾ । ਅਖੀਰ ਸੰਬੰਧਿਤ ਅਧਿਕਾਰੀਆਂ ਨੂੰ ਬੁਲਾਕੇ ਮੋਰੀ ਬੰਦ ਕਰਵਾਈ ਗਈ ਤਾਂ ਹਾਂਸ ਆਪਣੇ ਮਾਪਿਆਂ ਨਾਲ ਘਰ ਮੁੜਿਆ । ਇਸ ਕਹਾਣੀ ਚੋਂ ਬੱਚਿਆਂ ਨੂੰ ਦੇਸ਼ ਭਗਤੀ ਤੇ ਸੁਰਖਿਆ ਦੀ ਸਿਖਿਆ ਮਿਲਦੀ ਹੈ ।ਮੇਰੇ ਸਹਿਪਾਠੀ ਵੀ ਕਦੇ ਮੇਰੇ ਪ੍ਰੋਜੈਕਟ ਵਿਚ ਸਹਾਇਕ ਹੁੰਦੇ ਤੇ ਮੈ ਵੀ ਉਨ੍ਹਾ ਨਾਲ ਉਨ੍ਹਾ ਦੇ ਪ੍ਰੋਜੈਕਟ ਤੇ ਚਲਾ ਜਾਂਦਾ ।

ਗੁਰਮਤਿ ਕਾਲਜ ਵਿਚ ਪੜ੍ਹਦਿਆਂ ਸ਼ਹਿਰ ਵਿਚ ਸਾਰੇ ਦੇਸ਼ ਤੋਂ ਸ਼ਾਮਿਲ ਹੋਏ ਸਾਹਿਤਕਾਰਾਂ ਦੇ ਸਮਾਗਮ ਵਿਚ ਸ਼ਾਮਿਲ ਹੋਣ ਦੀ ਵੀ ਮੈਨੂੰ ਯਾਦ ਹੈ । ਇਸ ਵਿਚ ਪੰਜਾਬੀ ਦੇ ਕਈ ਉੱਘੇ ਸਾਹਿਤਕਾਰ ਦੇ ਕੌਮੀ ਵਿਦਵਾਨਾ ਦੇ ਦਰਸ਼ਨ ਕਰਨ ਤੇ ਵਿਚਾਰ ਸੁਣਨ ਦਾ ਅਵਸਰ ਮਿਲਿਆ । ਇਹ ਸਮਾਗਮ ਕਿਲਾ ਮੁਬਾਰਕ ਵਿਚ ਹੋਇਆ ਸੀ ਜਿਸ ਵਿਚ ਪੰਜਾਬੀ ਦੇ ਹਰਮਨ ਪਿਆਰੇ ਲੇਖਕ ਸ੍ਰ: ਗਰਬਖ਼ਸ਼ ਸਿੰਘ ਪ੍ਰੀਤਲੜੀ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਮਿਲਿਆ ਸੀ ।

ਦੂਜੇ ਸਾਲ ਦੀ ਪੜ੍ਹਾਈ ਪੂਰੀ ਕਰਨ ਦੇ ਨੇੜੇ ਪੁੱਜ ਜੇ ਅਗੋਂ ਅਸਾਨੂੰ ਆਪਣੇ ਰੋਜ਼ਗਾਰ ਦੀ ਚਿੰਤਾ ਸਤਾਉਣ ਲਗੀ । ਉਸ ਵੇਲੇ ਤਕ ਦਿੱਲੀ ਦੀ ਗੁਰੂ ਨਾਨਕ ਫ਼ਾਉਂਡੇਸ਼ਨ ਨੇ ਕਾਲਜ ਦਾ ਚਾਰਜ ਲੈ ਲਿਆ ਸੀ । ਇਕ ਵਾਰ ਅਸੀਂ ਦਿਲੀ ਫ਼ਾਊਂਡੇਸ਼ਨ ਦੇ ਦਫ਼ਤਰ ਵੀ

ਗਏ ਤੇ ਪ੍ਰਬੰਧਕਾਂ ਨੂੰ ਮਿਲਕੇ ਕਿਸੇ ਸਕੂਲ ਕਾਲਜ ਵਿਚ ਨਿਯੁੱਕਤੀ ਦਿਵਾਉਣ ਲਈ ਕਿਹਾ । ਪੰਤੂ ਉਨ੍ਹਾ ਪਾਸ ਵੀ ਸਾਡੀਆਂ ਸੇਵਾਵਾਂ ਲੈਣ ਦਾ ਕੋਈ ਪ੍ਰੋਗਰਾਮ ਨਹੀਂ ਸੀ ।ਯੂਨੀਵਰਸਿਟੀਆਂ ਵਿਚ ਰੀਸਰਚ ਸਕਾਲਰ ਲਈ ਮੈ ਦੋ ਇੰਟਰਵਿਊ ਦਿੱਤੇ ।ਪੰਜਾਬੀ ਯੂਨੀਵਰਸਿਟੀ ਦਾ ਇੰਟਰਵੀਓ ਡਾ: ਭਾਈ ਜੋਧ ਸਿੰਘ ਜੀ ਨੇ ਲਿਆ ਤੇ ਪੰਜਾਬ ਯੂਨੀਵਰਸਿਟੀ ਵਿਚ ਡਾ: ਗੁਰਬਚਨ ਸਿੰਘ ਤਾਲਬ ਜੀ ਨੇ । ਇਨ੍ਹਾ ਵਿਚ ਭਾਵੇਂ ਮੈ ਸਫ਼ਲ ਨਹੀਂ ਹੋਇਆ ਪ੍ਰੰਤੂ ਦੋ ਪ੍ਰਸਿਧ ਸਿੱਖ ਵਿਦਵਾਨਾ ਨਾਲ ਗਲ ਕਰਨ ਦਾ ਦੁਰਲੱਭ ਅਵਸਰ ਮਿਲਿਆ ।ਪ੍ਰਿੰਸੀਪਲ ਸਤਿਬੀਰ ਸਿੰਘ ਨੇ ਜੋ ਉਸ ਸਮੇ ਜਮਨਾਨਾਗਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਸਨ ਆਪਣੇ ਕਾਲਜ ਵਿਚ ਮੈਨੂੰ ਆਰਜ਼ੀ ਪੰਜਾਬੀ ਲੈਕਚਰਾਰ ਦੀ ਨਿਯੁੱਕਤੀ ਦਿਵਾ ਦਿੱਤੀ । ਮੈ ਉਥੇ ਕਿਰਾਏ ਤੇ ਇਕ ਕਮਰਾ ਲੈਕੇ ਰਹਿਣ ਲਗਾ ਤੇ ਚਲਦੇ ਸੈਸ਼ਨ ਦੇ ਅੰਤ ਤਕ ਛੇ ਕੁ ਮਹੀਨੇ ਪੰਜਾਬੀ ਪੜ੍ਹਾਉਣ ਦੀ ਨੌਕਰੀ ਕੀਤੀ ।

* * * * * *   * *

## ਧਨਬਾਦ ਨਿਵਾਸ

ਗੁਰਮਤਿ ਕਾਲਜ ਪਟਿਆਲਾ ਦੇ ਪ੍ਰਚਾਰ ਲਈ ਕਾਲਜ ਦੀ ਇਕ ਟੀਮ ਪੂਰਬੀ ਭਾਰਤ ਦੇ ਗੁਰਦੁਆਰਿਆ ਵਿਚ ਗਈ ਸੀ । ਉਥੇ ਧਨਬਾਦ ਵੱਡਾ ਗੁਰਦੁਆਰਾ ਦੀ ਪਰਬੰਧਕ ਕਮੇਟੀ ਨੇ ਗੁਰਮਤਿ ਕਾਲਜ ਦੇ ਪੜ੍ਹੇ ਵਿਦਿਆਰਥੀ ਨੂੰ ਆਪਣੇ ਕਾਲਜ ਵਿਚ ਨਿਯੁੱਕਤ ਕਰਨ ਦੀ ਇੱਛਿਆ ਪ੍ਰਗਟ ਕੀਤੀ ਸੀ । ਕਾਲਜ ਦੇ ਪ੍ਰਬੰਧਕਾਂ ਤੇ ਵਿਸ਼ੇਸ਼ ਕਰਕੇ ਪ੍ਰਿੰਸੀਪਲ ਸਤਿਬੀਰ ਸਿਘ ਹੁਰਾਂ ਮੈਨੂੰ ਧਨਬਾਦ ਗੁਰੂ ਨਾਨਕ ਕਾਲਜ ਵਿਚ ਇਹ ਸੇਵਾ ਲਈ ਇੰਟਰਵੀਓ ਦੇਣ ਜਾਣ ਦੀ ਪ੍ਰੇਰਨਾ ਕੀਤੀ । ਘਰੋਂ ਇਤਨੀ ਦੂਰ ਜਾਣ ਤੇ ਮੇਰਾ ਮਨ ਤਾਂ ਨਹੀ ਸੀ ਕਰਦਾ ਪ੍ਰੰਤੂ ਲੋੜ ਵਸ ਮੈ ਉਥੇ ਜਾਣ ਦਾ ਫ਼ੈਸਲਾ ਕਰ ਲਿਆ। ਇਤਨਾ ਲੰਮਾ ਰੇਲ ਦਾ ਸਫ਼ਰ ਵੀ ਮੈ ਬਿਨਾ ਰਿਜ਼ਰਵੇਸ਼ਨ ਪਹਿਲੀ ਵਾਰ ਕੀਤਾ । ਧਨਬਾਦ ਪਹੁੰਚ ਕੇ ਮੈ ਗੁਰਦੁਆਰਾ ਸਹਿਬ ਵਿਚ ਟਿਕਾਣਾ ਕੀਤਾ ਜਿੱਥੇ ਬਣੇ ਗੋਬਿੰਦ ਲੌਜ ਵਿਚ ਮੈਨੂੰ ਰਹਿਣ ਦੀ ਥਾਂ ਦਿੱਤੀ ਗਈ ।

ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਪਿਛਲੇ ਪਾਸੇ ਖਾਲਸਾ ਸਕੂਲ ਦੀ ਇਮਾਰਤ ਸੀ ਜਿਸ ਵਿਚ ਕਾਲਜ ਵੀ ਚਲਦਾ ਸੀ ।ਗੁਰਦੁਆਰਾ ਕਮੇਟੀ ਦੇ ਮੈਬਰਾਂ ਨੇ ਮੇਰਾ ਇੰਟਰਵੀਊ ਲਿਆ । ਗੁਰਦੁਆਰਾ ਸਾਹਿਬ ਦੇ ਦੀਵਾਨ ਵਿਚ ਮੈਂ ਲੈਕਚਰ ਕਰਨ ਦਾ ਅਵਸਰ ਵੀ ਦਿੱਤਾ ਗਿਆ ।ਵਾਪਸੀ ਤੋਂ ਕੁਝ ਚਿਰ ਮਗਰੋਂ ਹੀ ਮੈਨੂੰ ਧਨਬਾਦ ਗੁਰੂ ਨਾਨਕ ਕਾਲਜ ਦੀ ਨਿਯੁੱਕਤੀ ਦੀ ਚਿੱਠੀ ਆ ਗਈ । ਇਸ ਅਨੁਸਾਰ ਮੈ ਕਾਲਜ ਤੇ ਸਕੂਲ ਵਿਚ ਧਰਮ ਤੇ ਸਦਾਚਾਰ ਦੀ ਸਿੱਖਿਆ ਦੇਣੀ ਸੀ ।ਜਿਸ ਵਿਸ਼ੇ ਦਾ ਨਾਮ ਮੌਰਲ

ਸਾਈਂਸ ਰੱਖਿਆ ਗਿਆ ਸੀ । ਉਸ ਸਮੇ ਦੇ ਲੈਕਚਰ ਗ੍ਰੇਡ ਅਨੁਸਾਰ 450 ਰੁਪਏ ਰੁਪਏ ਪ੍ਰਤਿ ਮਾਹ ਮੇਰੀ ਤਨਖਾਹ ਮਿਲਣੀ ਸੀ ।

ਆਪਣੀ ਤਿਆਰੀ ਕਰਕੇ ਮੈਂ ਦੋਬਾਰਾ ਧਨਬਾਦ ਜਾਣ ਲਈ ਅੰਬਾਲੇ ਤੋਂ ਕਾਲਕਾ-ਹਾਵੜਾ ਮੇਲ ਤੇ ਸਫ਼ਰ ਕੀਤਾ । ਦਿਲੀ ਤੋਂ ਗੁਰੂ ਨਾਨਕ ਫ਼ਾਊਨਡੇਸ਼ਨ ਵੱਲੋਂ ਮੈਨੂੰ ਸ਼ਬਦਾ ਦੇ ਲੋਂਗ ਪਲੇਅ ਰੀਕਾਰਡਾਂ ਦੇ ਦੋ ਚੰਗੇ ਭਾਰੇ ਬੰਡਲ ਵੀ ਦਿੱਤੇ ਗਏ ਜੋ ਧਨਬਾਦ ਦੀ ਕਮੇਟੀ ਨੇ ਮੰਗਵਾਏ ਸਨ । ਰਸਤੇ ਵਿਚ ਗੱਡੀ ਦਾ ਇੰਜਣ ਖ਼ਰਾਬ ਹੋ ਗਿਆ ਤਾਂ ਇਸ ਗੱਡੀ ਦੇ ਮੁਸਾਫ਼ਰਾਂ ਨੂੰ ਆਸਨਸੋਲ ਵੱਲੋਂ ਕਲਕੱਤੇ ਜਾਂਦੀ ਦੂਜੀ ਗੱਡੀ ਤੇ ਸਵਾਰ ਹੋਣਾ ਪਿਆ । ਇਕ ਸਹਿ-ਯਾਤਰੀ ਨੇ ਮੇਰਾ ਭਾਰਾ ਸਾਮਾਨ ਦੂਜੀ ਗੱਡੀ ਵਿਚ ਚੜ੍ਹਾਉਣ ਵਿਚ ਮੇਰੀ ਸਹਾਇਤਾ ਕੀਤੀ ਸੀ । ਆਸਨਸੋਲ ਤੋਂ ਟੈਕਸੀ ਬੁੱਕ ਕਰਕੇ ਮੈ ਧਨਬਾਦ ਦੇਰ ਸ਼ਾਮ ਨੂੰ ਪੁੱਜਾ ।ਕੁਝ ਦਿਨ ਮੈਨੂੰ ਗੋਬਿੰਦ ਲਾਜ ਵਿਚ ਰਹਿਣ ਦੀ ਸਹੂਲਤ ਦਿੱਤੀ ਗਈ ਜੋ ਉਥੇ ਆਉਣ ਵਾਲੇ ਕੋਲੇ ਦੇ ਵਪਾਰੀਆਂ ਨੂੰ ਕਿਰਾਦੇ ਦਾ ਟਿਕਾਣਾ ਦੇਣ ਲਈ ਬਣਾਇਆ ਗਿਆ ਸੀ ।ਪ੍ਰੰਤੂ ਗੁਰਦੁਆਰਾ ਮੈਨੇਜਰ ਵੱਲੋ ਮਗਰੋਂ ਮੈਨੂੰ ਛੇਤੀ ਖਾਲੀ ਕਰਨ ਲਈ ਕਿਹਾ ਗਿਆ ।ਮੈ ਪੁੱਛ ਪੁਛਾਕੇ ਕੋਈ ਕਿਰਾਏ ਦਾ ਕਮਰਾ ਲੈਣ ਦੀ ਕੋਸ਼ਿਸ਼ ਕੀਤੀ ਤੇ ਗੁਰੂ ਨਾਨਕ ਪੁਰਾ ਗੁਰਦੁਆਰਾ ਸਾਹਿਬ ਦੇ ਨਾਲ ਇਕ ਪ੍ਰਵਾਰ ਨੇ ਮੈਂਨੂੰ ਗਲੀ ਨਾਲ ਬਣਿਆ ਇਕ ਕਮਰਾ ਕਿਰਾਏ ਤੇ ਦੇ ਦਿੱਤਾ । ਇਸ ਕਮਰੇ ਦੇ ਬਾਹਰ ਸੜਕ ਪਾਰ ਇਕ ਰੂੜੀ ਦਾ ਢੇਰ ਲੱਗਾ ਹੋਇਆ ਸੀ ਤੇ ਰੋਜ਼ ਸਵੇਰੇ ਨਹਾਉਣ ਲਈ ਮੈਨੂੰ ਪ੍ਰਵਾਰ ਦਾ ਬੂਹਾ ਖੁਲ੍ਹਵਾ ਕੇ ਉਨ੍ਹਾ ਦੇ ਵਿਹੜੇ ਅੰਦਰ ਬਣੇ ਗੁਸਲਖ਼ਾਨੇ ਜਾਣਾ ਪੈਂਦਾ ਸੀ ।ਰੋਜ਼ ਉਥੋਂ ਤਕਰੀਬਨ ਇਕ ਕਿਲੋਮੀਟਰ ਦੂਰ ਗੁਰੂ ਨਾਨਕ ਕਾਲਜ ਪੜ੍ਹਾਉਣ ਜਾਣਾ ਪੈਂਦਾ ਸੀ ।ਮਗਰੋਂ ਬੇਨਤੀ ਕਰਨ ਤੇ ਮੈਂਨੂੰ ਗੁਰਦੁਆਰਾ ਸਹਿਬ ਵਿਚ ਹੀ ਇਕ ਸਟੋਰ ਵਰਗੇ ਕਮਰੇ ਵਿਚ ਚਾਲੀ ਰੁਪਏ ਮਾਸਿਕ ਕਿਰਾਏ ਤੇ ਇਕ ਕਮਰਾ ਮਿਲ ਗਿਆ । ਸ਼ਹਿਰ ਵਿਚ ਬੇਪਛਾਣ ਤੇ ਇਕੱਲਾ ਹੋਣ ਦਾ ਅਹਿਸਾਸ ਕਾਫ਼ੀ ਸਮਾ ਹੰਡਾਉਣਾ ਪਿਆ । ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਆਉਣ ਵਾਲੀ ਸੰਗਤ ਵੀ ਘਟ ਸੀ ਤੇ ਐਤਵਾਰ ਨੂੰ ਉਥੇ ਬੋਲਣ ਦਾ ਸਮਾ ਮਿਲਦਾ ਸੀ ।ਮੇਰੇ ਪਹਿਲਾ ਮੇਲਗੇਲ ਗੋਬਿੰਦ ਲੌਜ ਵਿਚ ਆਏ ਵਪਾਰੀ ਸੱਜਣਾ ਨਾਲ ਹੀ ਰਿਹਾ ਜੋ ਉਥੇ ਆਪਣਾ ਧੰਧਾ ਕਰਨ ਆਉਂਦੇ ਸਨ । ਬਹੁਤੇ ਤਾਂ ਕੋਲੇ ਦੇ ਵਪਾਰੀ ਹੀ ਸਨ । ਧਨਬਾਦ ਕਾਲਜ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ ਕੀਤੀ ਗਈ ਸੀ ।ਇਸ ਦੇ ਵਿਦਿਆਰਥੀ ਅਜੇ ਪਹਿਲੇ ਦੂਜੇ ਡਿਗਰੀ ਕੋਰਸ ਦੇ ਹੀ ਸਨ । ਕਾਲਜ ਵਿਚ ਆਰਟ ਤੇ ਕੋਮਰਸ ਦੇ ਵਿਸ਼ੇ ਲਾਗੂ ਸਨ । ਪਹਿਲਾਂ ਮੈਨੂੰ ਹਫ਼ਤੇ ਤੇ ਕੁਝ ਪੀਰੀਅਡ ਹੀ ਪੜ੍ਹਾਉਣ ਨੂੰ ਦਿੱਤੇ ਗਏ । ਪਹਿਲਾਂ ਪਹਿਲ ਵਿਦਿਆਰਥੀ ਦਿਲਚਸਪੀ ਨਾਲ ਮੇਰੇ ਲੈਕਚਰਾਂ ਵਿਚ ਹਾਜ਼ਰ ਹੁੰਦੇ ਸਨ ਪਰੰਤੂ ਹੌਲੀ ਹੌਲੀ ਇਨ੍ਹਾ ਦੀ ਗਿਣਤੀ ਘਟਦੀ ਗਈ । ਧਰਮ ਦਰਸ਼ਨ ਤੇ ਨੀਤੀ ਸ਼ਾਸਤਰ ਦੇ ਰੁੱਖੇ ਵਿਸ਼ੇ ਪੜ੍ਹਨ ਨੂੰ ਉਹਨਾਂ ਦਾ ਮਨ ਨਹੀ ਸੀ ਕਰਦਾ ।ਮਗਰੋਂ ਖਾਲਸਾ ਸਕੂਲ ਦੀਆਂ ਮਿਡਲ ਤੇ ਹਾਈ ਕਲਾਸਾਂ ਵਿਚ ਵੀ ਮੋਰਲ ਸਾਈਂਸ ਦੀ ਪੜ੍ਹਾਈ ਸ਼ੁਰੂ ਹੋਣ ਨਾਲ ਮੇਰਾ ਰੁਝੇਵਾਂ ਵੱਧ ਗਿਆ ।

ਇਨ੍ਹਾ ਕਲਾਸਾਂ ਲਈ ਮੈਂ ਹਰੇਕ ਕਲਾਸ ਲਈ ਸਿਲੇਬਸ ਤਿਆਰ ਕਰਕੇ ਪੜ੍ਹਾਉਣ ਲੱਗਾ ।ਪੜ੍ਹਾਈ ਦੇ ਵਿਸ਼ੇ ਸਿੱਖ ਧਰਮ ਤੋਂ ਇਲਾਵਾ ਹਿੰਦੂ, ਇਸਲਾਮ ਬੁੱਧ ਤੇ ਇਸਾਈ ਧਰਮਾਂ ਵਿਚੋਂ ਵੀ ਚੁਣ ਕੇ ਰੱਖੇ । ਸਕੂਲਾਂ ਵਿਚ ਵਿਦਿਅਆਰਥੀ ਚੰਗੀ ਦਿਲਚਸਪੀ ਦਿਖਾਓਣੁ ਲੱਗੇ ਤੇ ਮੇਰੇ ਸਕੂਲ ਦੀ ਸੇਵਾ ਦੇ ਸਾਰੇ ਸਮੇ ਇਹ ਕਾਰਜ ਚੰਗੀ ਤਰ੍ਹਾ ਚਲਦਾ ਹਿਹਾ । ਇਸ ਵਿਸ਼ੇ ਲਈ ਹੋਰਨਾ ਪੜ੍ਹਾਈ ਦੇ ਵਿਸ਼ਿਆਂ ਵਾਂਗ ਬਾਕਾਇਦਾ ਪੁਸਤਕਾਂ ਵੀ ਲਾਗੂ ਕੀਤੀਆਂ ਗਈਆਂ ਅਤੇ ਪ੍ਰੀਖਿਆ ਵੀ ਲਈ ਜਾਂਦੀ ਰਹੀ ।ਕਦੇ ਕਦੇ ਵਿਸ਼ੇਸ਼ ਪੁਰਬਾਂ ਤੇ ਵਿਦਿਆਰਥੀਆਂ ਦੀ ਤਿਆਰੀ ਕਰਵਾ ਕੇ ਸਭਿਆਚਾਰਕ ਪ੍ਰੋਗਰਾਮ ਵੀ ਰੱਖੇ ਜਾਣ ਲਗ ਪਏ ।ਇਸਦੇ ਨਾਲ ਹੀ ਮੈਂ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਸਿੱਖ ਵਿਦਿਆਰਥੀਆਂ ਨੂੰ

ਗੁਰਸਿੱਖੀ ਦੀ ਸਿਖਿਆ ਦੇਣ ਲਈ ਗੁਰਮਤਿ ਵਿਦਿਆਲਾ ਵੀ ਆਰੰਭ ਕੀਤਾ । ਇਸ ਦੀਆਂ ਕਲਾਸਾਂ ਹਫ਼ਤੇਵਾਰ ਛੁੱਟੀ ਦੇ ਦਿਨ ਲਗਾਈਆਂ ਜਾਂਦੀਆਂ ਸਨ । ਬੱਚਿਆਂ ਨੂੰ ਸ਼ੁਧ ਗੁਰਬਾਣੀ ਨਿਤਨੇਮ ਦਾ ਪਾਠ ਕਰਨ ਤੇ ਸਿੱਖ ਇਤਿਹਾਸ ਤੇ ਰਹਿਤ ਮਰਿਆਦਾ ਦੀ ਸਿੱਖਿਆ ਦੇਣ ਲੱਗਾ ।ਇਸ ਗੁਰਮਤਿ ਕਲਾਸ ਦੇ ਵਿਦਿਆਰਥੀਆਂ ਦੀ ਇਕ ਸਾਲ ਸ਼੍ਰੋਮਣੀ ਗਰਦੁਆਰਾ ਕਮੇਟੀ ਵੱਲੋਂ ਧਾਰਮਕ ਪ੍ਰੀਖਿਆ ਵੀ ਲਈ ਗਈ ਜਿਸ ਲਈ ਯੂਪੀ ਸਿੱਖ ਮਿਸ਼ਨ ਦੇ ਪ੍ਰਚਾਰਕ ਗਿਆਨੀ ਫ਼ੌਜਾ ਸਿੰਘ ਜੀ ਆਏ ਸਨ । ਕੁਝ ਵਿਦਿਆਰਥਣਾ ਨੇ ਇਸ ਧਾਰਮਿਕ ਪ੍ਰੀਖਿਆ ਵਿਚ ਇਨਾਮ ਵੀ ਜਿੱਤੇ ਸਨ । ਮਗਰੋਂ ਰਾਗੀ ਜੱਥਿਆ ਦੇ ਸਹਿਯੋਗ ਨਾਲ ਕੀਰਤਨ ਕਲਾਸਾਂ ਵੀ

ਸ਼ੁਰੂ ਕੀਤੀਆਂ ਗਈਆਂ । ਕੁਝ ਸ਼ਰਧਾਲੂ ਪ੍ਰਵਾਰਾਂ ਦੇ ਬੱਚੇ ਵਿਸ਼ੇਸ਼ ਕਰਕੇ ਬੀਬੀਆਂ ਇਨ੍ਹਾ ਕਲਾਸਾਂ ਵਿਚ ਲਗਾਤਾਰ ਆਉਣ ਲਗ ਪਏ । ਸਮਾਂ ਪਾਕੇ ਗੁਰਮਤਿ ਵਿਦਿਆਲੇ ਦੇ ਵਿਦਿਆਰਥੀਆਂ ਦਾ ਇਕ ਰਾਗੀ ਜੱਥਾ ਬਣ ਗਿਆ । ਹੋਲੀ ਹੋਲੀ ਸੰਗਤਾ ਵਿਚ ਵਿਚਰਣ ਨਾਲ ਮੇਰੀ ਸਥਾਨਕ ਗੁਰਸਿੱਖ ਪ੍ਰਵਾਰਾਂ ਨਾਲ ਜਾਣਕਾਰੀ ਵੱਧਦੀ ਗਈ । ਗੁਰਦੁਆਰਾ ਸਾਹਿਬ ਦੀ ਸੰਗਤ ਵਿਚ ਲਗਾਤਾਰ ਹਾਜ਼ਰੀ ਭਰਨ ਵਾਲੇ ਪੰਜ ਛੇ ਸੱਜਣਾ ਨਾਲ ਮੇਰੀ ਚੰਗੀ ਮਿੱਤਰਤਾ ਦੀ ਸਾਂਝ ਬਣ ਗਈ । ਉਹ ਮੇਰੇ ਪ੍ਰਚਾਰ ਕਾਰਜ ਵਿਚ ਵੀ ਸਹਾਇਤਾ ਕਰਨ ਲਗੇ । ਅਸੀ ਕਦੇ ਕਦੇ ਆਪਣੀ ਵਖਰੀ ਬੈਠਕ ਵੀ ਕਰ ਲੈਂਦੇ । ਗੁਰਮਤਿ ਵਿਦਿਆਲੇ ਦੇ ਵਿਦਿਆਰਥੀ ਗੁਰਪੁਰਬਾਂ ਦੇ ਮੌਕੇ ਤੇ ਤਿਆਰੀ ਕਰਕੇ ਆਪਣਾ ਵੱਖਰਾ ਕਾਰਜ ਕਰਮ ਸੰਗਤਾਂ ਵਿਚ ਦੇਣ ਲਗ ਪਏ ।ਕਦੇ ਕਦੇ ਵਿਦਿਆਲੇ ਦੇ ਬੱਚਿਆ ਦਾ ਜੱਥਾ ਲੈਕੇ ਅਸੀਂ ਆਲੇ ਦੁਆਲੇ ਦੇ ਗੁਰਦੁਆਰਿਆ ਵਿਚ ਵੀ ਜਾਣ ਲਗ ਪਏ । ਗੁਰਮਤਿ ਵਿਦਿਆਲੇ ਦੇ ਕੀਰਤਨੀ ਜੱਥੇ ਦੁਆਰਾ ਤਖ਼ਤ ਸ੍ਰੀ ਪਟਨਾ ਸਾਹਿਬ ਤੇ ਰੇਲਵੇ ਵਰਕਸ਼ਾਪ ਦੇ ਸ਼ਹਿਰ ਚਿਤਰੰਜਨ ਜਾ ਕੇ ਕੀਰਤਨ ਕਰਨ ਦੀ ਮੈਨੂੰ ਯਾਦ ਹੈ । ਮੈਨੂੰ ਵੀ ਵਿਸ਼ੇਸ਼ ਉਤਸਵਾਂ ਦੇ ਮੌਕੇ ਬਾਹਰ ਗੁਰਦੁਆਰਿਆਂ ਵਿਚ ਲੈਕਚਰ ਦੇਣ ਲਈ ਬੁਲਾਇਆ ਜਾਂਦਾ ਸੀ ।ਇਸਤਰਾਂ ਮੇਰੀ ਜਾਣਕਾਰੀ ਤੇ ਰੁਝੇਵਾਂ ਸਾਰਥਕ ਹੋਣ ਲੱਗਾ

।ਧਨਬਾਦ ਦਾ ਇਲਾਕਾ ਕੋਇਲੇ ਦੀਆਂ ਖਾਨਾ ਕਰਕੇ ਮਸ਼ਹੂਰ ਹੈ । ਧਨਬਾਦ ਦੇ ਆਸੇ ਪਾਸੇ ਇਨ੍ਹਾ ਖਾਨਾ ਦੁਆਲੇ ਬਸਤੀਆਂ ਬਣੀਆਂ ਹੋਈਆਂ ਹਨ । ਇਥੇ ਪੰਜਾਬ ਤੋਂ ਆਕੇ ਕਈ ਸਿੱਖ ਪਿਛਲੇ ਕਾਫ਼ੀ ਸਮੇ ਤੋਂ ਕੋਲੇ ਦੀਆਂ ਖਾਨਾ ਵਿਚ ਏਜੈਂਟ, ਮੈਨੇਜਰ ਤੋਂ ਲੈਕੇ ਮਜ਼ਦੂਰੀ ਤਕ ਦੇ ਕੰਮ ਕਰਦੇ ਸਨ । ਹਰੇਕ ਸਿਖ ਵੱਸੋਂ ਵਾਲੀ ਬਸਤੀ ਵਿਚ ਗੁਰਦੁਆਰੇ ਵੀ ਬਣੇ ਹੋਏ ਸਨ ਜਿਨ੍ਹਾਂ ਵਿਚ ਗੁਰਪਰੁਬ ਮਨਾਏ ਜਾਂਦੇ ਸਨ ।ਇੱਥੇ ਮਾਈਨਿੰਗ ਇੰਜੀਨੀਅਰਿੰਗ ਦੀ ਸਿਖਿਆ ਲਈ ਇੰਡੀਅਨ ਸਕੂਲ ਆਫ਼ ਮਾਈਨਜ਼ ਦੀ ਪ੍ਰਸਿੱਧ ਯੂਨੀਵਰਸਿਟੀ ਵਰਗੀ ਵਿਦਿਅਕ ਸੰਸਥਾ ਵੀ ਸਥਾਪਤ ਹੈ ਜਿਥੇ ਦੇਸ਼ ਵਿਦੇਸ਼ ਦੇ ਵਿਦਿਆਰਥੀ ਖਾਨਾ ਦੇ ਵਿਸ਼ੇ ਤੇ ਡਿਗਰੀਆ ਪ੍ਰਾਪਤ ਕਰਕੇ ਨੌਕਰੀ ਲੈਂਦੇ ਹਨ ।ਮਾਈਨਿੰਗ ਨਾਲ ਸੰਬਧਿਤ ਕਈ ਅਫ਼ਸਰਾਂ ਨਾਲ ਮੇਰੀ ਜਾਣਕਾਰੀ ਹੋਣ ਲੱਗੀ । ਇੰਡੀਅਨ ਸਕੂਲ ਦੇ ਡਾਇਰੈਕਰਟ ਸ: ਗੁਰਚਰਨ ਸਿੰਘ ਮਰਵਾਹਾ ਤੇ ਮਾਈਨਜ਼ ਸੇਫ਼ਟੀ ਦੇ ਡਾਇਰੈਕਟਰ ਮਿਸਟਰ ਅਹੂਜਾ ਨਾਲ ਵੀ ਮੇਰੀ ਵਾਕਫ਼ੀਅਤ ਹੋ ਗਈ । ਹੋਰ ਲਈ ਖਾਨਾ ਦੇ ਮੈਨੇਜਰਾਂ ਅਤੇ ਵਰਕਰਾਂ ਨਾਲ ਵੀ ਮਿੱਤਰਤਾ ਵੱਧਣ ਲੱਗੀ ।ਧਾਰਮਿਕ ਵਿਦਿਅਕ ਤੇ ਸਭਿਆਚਾਰਕ ਕਾਰਜਕ੍ਰਮ ਤਿਆਰ ਕਰਕੇ ਪੇਸ਼ ਕਰਨ ਵਲ ਮੇਰੀ ਵਿਸ਼ੇਸ਼ ਰੁਚੀ ਸੀ ਤੇ ਹੈ । ਇਸ ਨਾਲ ਅਮਲੀ ਤੌਰ ਤੇ ਪੇਸ਼ ਕਰਨ ਵਾਲਿਆਂ ਤੇ ਦਰਸ਼ਕਾਂ ਤੇ ਉਸਾਰੂ ਪ੍ਰਭਾਵ ਪੈਂਦਾ ਹੈ । ਸਕੂਲ ਦੇ ਕਈ ਉਤਸਵਾਂ ਤੇ ਅਸੀਂ ਕੁਝ ਅਧਿਅਪਕਾਂ ਦੇ ਸਹਿਯੋਗ ਨਾਲ ਸਟੇਜੀ ਪ੍ਰੋਗਰਾਮ ਪੇਸ਼ ਕੀਤੇ ਜਿਨ੍ਹਾ ਵਿਚ ਸਿੱਖ ਧਰਮ ਤੇ ਪੰਜਾਬੀ ਸਭਿਆਚਾਰ ਨੂੰ ਲੈਕਚਰਾਂ, ਕਵਿਤਾਵਾਂ ਤੇ ਗੀਤਾਂ ਦੁਆਰਾ ਪ੍ਰਸਤੁਤ ਕੀਤਾ ਜਾਂਦਾ ਸੀ । ਸਕੂਲਾਂ ਅਤੇ ਗੁਰਮਤਿ ਵਿਦਿਆਲੇ ਦੇ ਵਿਦਿਆਰਥੀਆਂ ਨੂੰ ਤਿਆਰੀ ਕਰਵਾ ਕੇ ਕੁਝ ਇਤਿਹਾਸਕ ਨਾਟਕ ਵੀ ਪ੍ਰਸਤੁਤ ਕੀਤੇ ਗਏ ਜਿਨ੍ਹਾ ਦੀ ਆਮ ਸੰਗਤਾਂ ਵੱਲੋਂ ਪ੍ਰਸੰਸਾ ਹੋਈ । ਪ੍ਰੰਤੂ ਕੁਝ ਸਿੱਖ ਬਜ਼ੁਰਗਾਂ ਨੇ ਵਿਰੋਧ ਵੀ ਕੀਤਾ ਕਿ ਮੈਂ ਧਰਮ ਦੀ ਇਹ ਕਿਹੋ ਜਿਹੀ ਸਿੱਖਿਆ ਦੇਣ ਲਗ ਪਿਆ ਹਾਂ ।

ਸੰਨ 1972 ਦੀ ਭਾਰਤੀ ਸੁਤੰਤਰਤਾ ਦੀ 25ਵੀਂ ਵਰ੍ਹੇਗੰਡ ਦੇ ਮੌਕੇ ਗੁਰੂ ਨਾਨਕ ਕਾਲਜ ਵੱਲੋਂ ਇਕ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ ਇਲਾਕੇ ਦੇ ਕਈ ਹਿੰਦੂ ਤੇ ਮੁਸਲਮਾਨ ਕਵੀਆਂ ਨੂੰ ਵੀ ਸੱਦਿਆ ਗਿਆ ਸੀ ।ਜ਼ੈਦੀ ਨਾਮ ਦਾ ਇਕ ਮੁਸਲਮਾਨ ਨੌਜਵਾਨ ਚੰਗਾ ਸ਼ਾਇਰ ਸੀ । ਉਸ ਨੂੰ ਇਸ ਕਵੀ ਦਰਬਾਰ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਨ ਮੈਂ ਆਪਣੇ ਇਕ ਸਾਥੀ ਪ੍ਰੋਫ਼ੈਸਰ ਨਾਲ ਉਸਦੇ ਘਰ ਲੋਦਨਾ ਨਾਮੀ ਖਾਣ ਬਸਤੀ ਵਿਚ ਗਿਆ । ਉਸਦੇ ਪ੍ਰਵਾਰ ਤੇ ਪਿਤਾ ਨੇ ਸਾਡੀ ਚੰਗੀ ਆਓ ਭਗਤ ਕੀਤੀ ।ਉਨ੍ਹਾ ਦੀ ਬੈਠਕ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਇਕ ਤੁਕ “ ਹਮ ਨਹੀਂ ਚੰਗੇ ਬੁਰਾ ਨਹੀਂ ਕੋਇ “ ਉਰਦੂ ਵਿਚ ਲਿਖੀ ਦੀ ਸੁੰਦਰ ਪੇਟਿੰਗ ਦੀਵਾਰ ਤੇ ਲਗੀ ਹੋਈ ਸੀ । ਉਸਦੇ ਪਿਤਾ ਜੋ ਮਾਈਨਿੰਗ ਦੀ ਕਿਸੇ ਵੱਡੀ ਪਦਵੀ ਤੋਂ ਰੀਟਾਇਰ ਹੋਏ ਸਨ ਨੇ ਦੱਸਿਆ ਕਿ ਉਸਨੂੰ ਗੁਰੂ ਜੀ ਦਾ ਇਹ ਉਪਦੇਸ਼ ਬਹੁਤ ਚੰਗਾ ਲੱਗਾ ਹੈ ।

ਕਈ ਬਜ਼ੁਰਗ ਤੇ ਪ੍ਰਬੰਧਕ ਸਾਹਿਬਾਨ ਮੇਰੇ ਇਨ੍ਹਾ ਕਾਰਜਾਂ ਤੇ ਖ਼ੁਸ਼ ਨਹੀਂ ਸਨ ਤੇ ਮੇਰੀਆਂ ਵਾਂਗਾਂ ਕਸਣੀਆਂ ਚਾਹੁੰਦੇ ਸਨ ਪਰ ਗੁਰੂ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ਤੇ ਸੰਗਤਾਂ ਦੇ ਸਹਿਯੋਗ ਸਦਕਾ ਇਸਦਾ ਬਹੁਤਾ ਅਸਰ ਮੇਰੇ ਕਾਰਜਾਂ ਤੇ ਨਹੀਂ ਪਿਆ ।ਇਕ

ਗੁਰਸਿੱਖ ਪ੍ਰਵਾਰ ਦੇ ਬਜ਼ੁਰਗ ਮਾਤਾ ਦਲੀਪ ਕੌਰ ਜੀ ਗੁਰਦੁਆਰਾ ਸਾਹਿਬ ਵਿਚ ਮੇਰੀ ਕਥਾ ਤੇ ਲੈਕਚਰ ਤੋਂ ਚੰਗੇ ਪ੍ਰਭਾਵਤ ਹੋ ਗਏ । ਉਨ੍ਹਾਂ ਇਕ ਦਿਨ ਮੈਨੂੰ ਆਪਣੇ ਘਰ ਸੱਦਿਆਂ ਜਿਸ ਲਈ ਉਨ੍ਹਾ ਦਾ ਇਕ ਛੋਟਾ ਬੇਟਾ ਜੋ ਖਾਲਸਾ ਸਕੂਲ ਵਿਚ ਪ੍ਰਾਈਮਰੀ ਕਲਾਸ ਵਿਚ ਪੜ੍ਹਦਾ ਸੀ ਮੈਨੂੰ ਬੁਲਾਕੇ ਘਰ ਲੈ ਗਿਆ । ਉਥੇ ਉਨ੍ਹਾ ਦੇ ਪਤੀ ਨਾਲ ਵੀ ਮੇਰੀ ਮੁਲਾਕਾਤ ਹੋਈ ।ਇਹ ਪੰਜ ਧੀਆਂ ਤੇ ਪੰਜ ਸਪੁਤਰਾਂ ਵਾਲਾ ਇਕ ਵੱਡਾ ਪ੍ਰਵਾਰ ਸੀ ਜਿਨ੍ਹਾਂ ਦਾ ਸ਼ਾਸਤ੍ਰੀ ਨਗਰ ਦੀ ਬਸਤੀ ਵਿਚ ਇਕ ਦੋ-ਮੰਜ਼ਲਾ ਘਰ ਸੀ । ਮਗਰੋਂ ਇਸ ਪ੍ਰਵਾਰ ਨਾਲ ਮੇਰੀ ਡੂੰਘੀ ਸਾਂਝ ਬਣ ਗਈ । ਮਾਤਾ ਜੀ ਮੈਨੂੰ ਆਪਣੇ ਪੁੱਤਰਾਂ ਵਰਗਾਂ ਹੀ ਪਿਆਰ ਦੇਣ ਲਗ ਪਏ। ਇਸ ਪ੍ਰਵਾਰ ਦੇ ਪੰਜ ਬੱਚੇ ਗੁਰਮਤਿ ਵਿਦਿਆਲੇ ਦੇ ਕੀਰਤਨੀ ਜੱਥੇ ਵਿਚ ਸ਼ਾਮਿਲ ਹੋਏ ਜਿਨ੍ਹਾਂ ਨੂੰ ਵੇਖ ਕੇ ਕੁਝ ਹੋਰ ਪ੍ਰਵਾਰਾਂ ਦੇ ਬੱਚੇ ਵੀ ਕੀਰਤਨ ਸਿੱਖਣ ਲਗ ਪਏ । ਮਗਰੋਂ ਮੇਰੀ ਸ਼ਾਂਦੀ ਤੇ ਵੀ ਮਾਤਾ ਜੀ ਸਾਡੇ ਘਰ ਛਛਰੌਲੀ ਆਏ । ਸ਼ਾਦੀ ਤੋਂ ਬਾਅਦ ਉਨ੍ਹਾ ਅਸਾਨੂੰ ਰਹਿਣ ਲਈ ਆਪਣੇ ਘਰ ਦਾ ਹੀ ਇਕ ਕਮਰਾ ਦੇ ਦਿੱਤਾ ।ਸਾਡੀ ਗੁਰਸਿੱਖੀ ਦੀ ਸਾਂਝ ਇਤਨੀ ਪ੍ਰਫੁੱਲਤ ਹੋਈ ਕਿ ਇਹ ਹੁਣ ਤਕ ਨਿੱਭ ਰਹੀ ਹੈ । 1998 ਤੋਂ ਧਨਬਾਦ ਛੱਡਣ ਤੇ ਕੈਨੇਡਾ ਆਕੇ ਵੱਸਣ ਦੇ ਸਮੇ ਦੌਰ੍ਹਾਨ ਵੀ ਮੈ ਆਪਣੀ ਹਰੇਕ ਭਾਰਤੀ ਫ਼ੇਰੀ ਤੇ ਮੈਂ ਉਨ੍ਹਾਂ ਨੂੰ ਮਿਲਣ ਧਨਬਾਦ ਜਾਣ ਤੋਂ ਨਹੀਂ ਰਹਿ ਸਕਿਆ ।ਮੇਰੇ ਇਥੇ ਕੈਨੇਡਾ ਰਹਿੰਦੇ ਹੀ 7 ਅਕਤੂਬਰ 2016 ਵਿਚ ਮਾਤਾ ਜੀ ਦੇ ਚੜ੍ਹਾਈ ਕਰ ਜਾਣ ਦਾ ਸਮਾਚਾਰ ਮਿਲਿਆ । ਸਰੀਰਕ ਵਿਛੋੜੇ ਮਗਰੋ ਵੀ ਸਾਡੀ ਯਾਦਾਂ ਦੀ ਸਾਂਝ ਬਰਕਰਾਰ ਹੈ ।ਉਨ੍ਹਾ ਦੇ ਬੱਚਿਆਂ ਨਾਲ ਮੇਰਾ ਸੰਬੰਧ ਬਣਿਆ ਹੋਇਆ ਹੈ ।

* * * * * *  * *

## ਖਾਲਸਾ ਦੀਵਾਨ ਮਲੇਸ਼ੀਆ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਪੈਰਵੀ ਨਾਲ ਸੰਨ 1975 ਵਿਚ ਮੈਨੂੰ ਖਾਲਸਾ ਦੀਵਾਨ ਮਲੇਸ਼ੀਆ ਵੱਲੋਂ ਪ੍ਰਚਾਰਕ ਦੀ ਸੇਵਾ ਕਰਨ ਦਾ ਸੱਦਾ ਮਿਲਿਆ । ਜੁਲਾਈ 1975 ਵਿਚ ਮਲੇਸ਼ੀਆ ਜਾਣ ਤੋਂ ਪਹਿਲਾਂ ਧਨਬਾਦ ਦੀ ਸੰਗਤ ਨੇ ਮੈਨੂੰ ਭਾਵ ਭਿੰਨੀ ਵਿਦਾਇਗੀ ਦਿੱਤੀ ਸੀ । ਦਿੱਲੀ ਤੋਂ ਮੈ ਏਅਰੋਫ਼ਲੋਟ ਰੂਸੀ ਹਵਾਈ ਜਹਾਜ਼ ਰਾਹੀਂ ਕੁਆਲਾ ਲੁੰਪੁਰ ਪੁੱਜਾ ।ਇਹ ਮੇਰੀ ਪਹਿਲੀ ਹਵਾਈ ਯਾਤਰਾ ਸੀ । ਕੁਆਲਾ ਲੁੰਪੁਰ ਵਿਖੇ ਖਾਲਸਾ ਦੀਵਾਨ ਵੱਲੋਂ ਮੈਨੂੰ ਉਨ੍ਹਾਂ ਦੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਰੀਸੀਵ ਕੀਤਾ । ਇਨ੍ਹਾਂ ਵਿੱਚ ਸ੍ਰਦਾਰ ਹਰਚਰਨ ਸਿੰਘ ਤੇ ਗਿਆਨੀ ਇੰਦਰ ਸਿੰਘ ਗਿੱਲ ਸ਼ਾਮਿਲ ਸਨ ਜੋ ਕੁਆਲਾ ਲੁੰਪੁਰ ਦੀ ਸੈਂਟ੍ਰਲ ਗੁਰਦੁਆਰਾ ਕਮੇਟੀ ਦੇ ਮੈਂਬਰ ਵੀ ਸਨ ।ਗਿਆਨੀ ਇੰਦਰ ਸਿੰਘ ਜੀ ਮਲੇਸ਼ੀਆ ਦੇ ਨਾਮੀ ਗੁਰਮਤਿ ਪ੍ਰਚਾਰਕ ਸਨ।ਉਹ ਮੈਨੂੰ ਸੈਂਟ੍ਰਲ ਗੁਰਦੁਆਰਾ ਸਾਹਿਬ ਲੈ ਗਏ ਤੇ ਉੱਥੇ ਕੁਝ ਦਿਨ ਸੰਗਤਾਂ ਵਿਚ ਕਥਾ ਕਰਨ ਲਈ ਰੱਖ ਲਿਆ । ਇਹ ਮੇਰੇ ਲਈ ਇਕ ਨਵਾਂ ਮਾਹੌਲ ਤੇ ਸੰਪਰਕ ਸੀ । ਲਗਭਗ ਦੋ ਹਫ਼ਤੇ ਮੈਂ ਗੁਰਦੁਆਰਾ ਸਾਹਿਬ ਸੈਂਟ੍ਰਲ ਵਿਖੇ ਹਰ ਰੋਜ਼ ਸ਼ਾਮ ਦੇ ਦੀਵਾਨ ਵਿਚ ਗੁਰਮਤਿ ਵਿਆਖਿਆਨ ਕਰਦਾ ਰਿਹਾ । ਮੈਥੋਂ ਪਹਿਲਾਂ ਏਥੇ ਮੇਰੇ ਗੁਰਮਤਿ ਕਾਲਜ ਦੇ ਅਧਿਆਪਕ ਡਾ: ਤਾਰਨ ਸਿੰਘ ਜੀ ਵੀ ਹੋ ਕੇ ਗਏ ਸਨ ਅਤੇ ਗਿਆਨੀ ਸੰਤ ਸਿੰਘ ਜੀ ਮਸਕੀਨ ਵੀ ਆਏ ਹੋਏ ਸਨ । ਉਹ ਕਆਲਾ ਲੁੰਪੁਰ ਤੇ ਮਲੇਸ਼ੀਆ ਦੇ ਵਿਭਿੰਨ ਗੁਰਦੁਆਰਿਆਂ ਵਿਚ ਕਥਾ ਵਾਰਤਾ ਕਰ ਚੁੱਕੇ ਸਨ । ਗੁਰੂ ਮਹਾਰਾਜ ਨੇ ਮੇਰੀ ਵੀ ਲਾਜ ਰੱਖੀ ਤੇ ਮੇਰੀ ਕਥਾ ਵੀ ਸੰਗਤਾਂ ਨੂੰ ਪਸੰਦ ਆਈ । ਇਸ ਦੌਰਾਨ ਮਲੇਸ਼ੀਆ ਦੇ ਦੋ ਸਾਲਾ ਨਿਵਾਸ ਦੌਰਾਨ ਮੈਂ ਕਈ ਵਾਰ ਗੁਰਦੁਆਰਾ ਸੈਂੱਟ੍ਰਲ ਆਉਂਦਾ ਰਿਹਾ ।

ਕੁਆਲਾ ਲੁੰਪੁਰ ਵਿਖੇ ਕਈ ਗੁਰਸਿੱਖ ਹਸਤੀਆਂ ਨਾਲ ਵੀ ਮੇਲ ਹੋਇਆ ਜਿਸ ਵਿਚ ਰੇਡੀਓ ਤੇ ਟੀਵੀ ਮਲੇਸ਼ੀਆ ਦੇ ਡਾਇਰੈਕਟਰ ਸ੍ਰ: ਕ੍ਰਿਪਾਲ ਸਿੰਘ ਵੀ ਸਨ ਜੋ ਅਕਸਰ ਗੁਰਦੁਆਰਾ ਸੰਗਤ ਵਿਚ ਆਉਂਦੇ ਰਹਿੰਦੇ ਸਨ ।ਗਿਆਨੀ ਇੰਦਰ ਸਿੰਘ ਗਿੱਲ ਵੀ ਮਲੇਸ਼ੀਆ ਵਿੱਚ ਚੋਟੀ ਦੇ ਸਿੱਖ ਵਿਦਵਾਨ ਤੇ ਪ੍ਰਚਾਰਕ ਸਨ । ਇੱਕ ਹੋਰ ਸੱਜਣ ਸ੍ਰ: ਸਾਧੂ ਸਿੰਘ ਜਿਨ੍ਹਾ ਦਾ ਜੱਦੀ ਪਿੰਡ ਚੰਡੀਗੜ੍ਹ ਦੇ ਲਾਗੇ ਦਾ ਹੈ, ਵੀ ਮੇਰੇ ਬੜੇ ਮਿਹਰਬਾਨ ਸੱਜਣ ਬਣ ਗਏ । ਉਹ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਆਪਣੇ ਘਰ ਵੀ ਮੈਨੂੰ ਲੈ ਕੇ ਗਏ ਅਤੇ ਆਪਣੇ ਪ੍ਰਵਾਰਕ ਜੀਆਂ ( ਸੁਪਤਨੀ, ਤਿੰਨ ਸਪੁੱਤਰ ਤੇ ਦੋ ਧੀਆਂ ) ਨਾਲ ਮੇਲ ਕਰਾਇਆ । ਕੁਆਲਾ ਲੁੰਪਰ ਰਹਿੰਦਿਆਂ ਹੀ ਉਨ੍ਹਾਂ ਮੈਨੂੰ ਬੰਦਰਗਾਹ ਤੋਂ ਲੈ ਕੇ ਨੇੜੇ ਦੇ ਪਹਾੜੀ ਸੈਲਾਨੀ ਸਥਾਨ ਜੈਂਟਿੰਗ ਹਾਈਲੈਂਡ ਦੀ ਸੈਰ ਕਰਵਾ ਦਿੱਤੀ

।ਕੁਆਲਾ ਲੁੰਪਰ ਸ਼ਹਿਰ ਹਰੀਆਂ ਭਰੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ । ਇੱਥੇ ਸ਼ਹਿਰ ਦੀਆਂ ਕਈ ਬਸਤੀਆਂ ਇਨ੍ਹਾਂ ਪਹਾੜੀਆਂ ਵਿਚ ਵੀ ਵੱਸੀਆਂ ਹੋਈਆਂ ਹਨ । ਸ਼ਹਿਰ ਦਾ ਨਾਮ ਵੀ ਦੋ ਨਦੀਆਂ (ਕੁਆਲਾ) ਅਤੇ (ਲੁੰਪੁਰ) ਦੇ ਮੇਲ ਤੋਂ ਬਣਿਆ ਹੈ ।

ਦੋ ਹਫ਼ਤੇ ਸੈਂਟ੍ਰਲ ਗੁਰਦੁਆਰਾ ਸਾਹਿਬ ਠਹਿਰਾ ਕੇ ਮੈਨੂੰ ਰੇਲ ਦੁਆਰਾ ਈਪੋ ਭੇਜਿਆ ਗਿਆ ਜਿੱਥੇ ਖਾਲਸਾ ਦੀਵਾਨ ਮਲੇਸ਼ੀਆ ਦਾ ਕੇਂਦਰੀ ਦਫ਼ਤਰ ਹੈ । ਇਥੇ ਮੀਟਰ ਗੇਜ ਵਾਲੀ ਛੋਟੀ ਲਾਈਨ ਦੀ ਗੱਡੀ ਚਲਦੀ ਹੈ ।ਕੁਆਲਾਲੰਪੁਰ ਤੋਂ ਈਪੋਹ ਦੋ ਸੌ ਕਿਲੋਮੀਟਰ ਤੋਂ ਕੁਝ ਵੱਧ ਦੀ ਦੂਰੀ ਤੇ ਸਥਿਤ ਹੈ । ਗੱਡੀ ਵਿਚ ਸਫ਼ਰ ਕਰਦਿਆਂ ਆਸੇ ਪਾਸੇ ਬੜੇ ਹਰੇ ਭਰੇ ਰਬੜ ਦੇ ਦਰਖਤਾਂ ਦੇ ਜੰਗਲ ਸਨ । ਉਦੋਂ ਮਲੇਸ਼ੀਆ ਰਬੜ ਤੇ ਟਿਨ ਮਾਈਨਿੰਗ ਕਰਕੇ ਪ੍ਰਸਿੱਧ ਸੀ ।ਪੰਜ ਕੁ ਘੰਟੇ ਦੇ ਸਫ਼ਰ ਮਗਰੋਂ ਮੈਂ ਈਪੋ ਰੇਲਵੇ ਸਟੇਸ਼ਨ ਤੇ ਉਤਰਿਆ । ਇੱਥੇ ਦੀਵਾਨ ਦੇ ਦਫ਼ਤਰੀ ਸ੍ਰ: ਕਰਮ ਸਿੰਘ ਮੈਨੂੰ ਲੈਣ ਆਏ ।ਪਹਿਲਾਂ ਉਹ ਆਪਣੇ ਘਰ ਲੈ ਗਏ ਜਿੱਥੇ ਮੈਨੂੰ ਲੰਗਰ ਛਕਾਇਆ ।ਮਲੇਸ਼ੀਆ ਖਾਲਸਾ ਦੀਵਾਨ ਦਾ ਦਫ਼ਤਰ ਦੀਵਾਨ ਦੁਆਰਾ ਚਲਾਏ ਜਾ ਰਹੇ ਸਕੂਲ ਦੇ ਅਹਾਤੇ ਵਿੱਚ ਸੀ ।ਇੱਥੇ ਹੀ ਇੱਕ ਕਲਾਸ ਦੇ ਕਮਰੇ ਵਿੱਚ ਮੈਨੂੰ ਰਿਹਾਇਸ਼ ਦਿੱਤੀ ਗਈ । ਕਮਰੇ ਦੇ ਦੋ ਹਿੱਸੇ ਕਰਕੇ ਸੌਣ ਤੇ ਬੈਠਕ ਦੇ ਵੱਖ ਵੱਖ ਕਮਰੇ ਬਣਾਏ ਗਏ ਸਨ। ਦਰਵਾਜ਼ੇ ਦੇ ਨਾਲ ਇਕ ਛੋਟੀ ਰਸੋਈ ਬਣੀ ਹੋਈ ਸੀ । ਕਮਰਿਆਂ ਦੀਆਂ ਦੀਵਾਰਾਂ ਲਕੜੀ ਦੀਆਂ ਤੇ ਉੱਪਰ ਖਪਰੈਲਾਂ ਦੀ ਤਿਕੋਨੀ ਛੱਤ ਪਾਈ ਹੋਈ ਸੀ । ਮਲੇਸ਼ੀਆ ਵਿਚ ਸਾਲ ਵਿਚ ਨੌਂ ਦਸ ਮਹੀਨੇ ਵਰਖਾ ਹੁੰਦੀ ਰਹਿੰਦੀ ਹੈ। ਕੋਈ ਦਿਨ ਹੀ ਵਰਖਾ ਬਿਨਾ ਬੀਤਦਾ ਹੈ । ਇਸੇ ਕਰਕੇ ਇਹੋ ਜਹੀਆਂ ਛੱਤਾਂ ਦੀ ਲੋੜ ਹੈ । ਆਲੇ ਦੁਆਲੇ ਖੇਡ ਦਾ ਮੈਦਾਨ ਸੀ ਜਿਸਦੇ ਦੁਆਲੇ ਲੋਹੇ ਦੇ ਜੰਗਲੇ ਦੀ ਉਚੀ ਵਾੜ ਬਣੀ ਹੋਈ ਸੀ ।ਉਸਤੋਂ ਬਾਹਰ ਹੀ ਰਿਹਾਇਸ਼ੀ ਬਸਤੀ ਸੀ ।

ਖਾਲਸਾ ਦੀਵਾਨ ਮਲੇਸ਼ੀਆ, ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਨਾਲ ਹੀ ਸਥਾਪਤ ਕੀਤੀ ਗਈ ਸਿੱਖ ਸੰਸਥਾ ਹੈ ।ਉਸ ਸਮੇਂ ਇਸਦੀ ਪ੍ਰਬੰਧਕ ਕਮੇਟੀ ਦੇ ਮੁਖੀ ਮੈਬਰਾਂ ਵਿਚ ਪ੍ਰਧਾਨ ਸ੍ਰ: ਗੁਰਦਿੱਤ ਸਿੰਘ, ਸ੍ਰ: ਸੌਦਾਗਰ ਸਿੰਘ ਤੇ ਸ੍ਰ: ਰਤਨ ਸਿੰਘ ਸਨ ਜਿਨ੍ਹਾਂ ਨਾਲ ਮੇਰਾ ਰੋਜ਼ਾਨਾ ਸੰਪਰਕ ਹੁੰਦਾ ਸੀ ।ਸ੍ਰ: ਗੁਰਦਿੱਤ ਸਿੰਘ ਚੰਗੇ ਸਨਮਾਨਿਤ ਬਜ਼ੁਰਗ ਸਨ ਜਿਨ੍ਹਾਂ ਨੂੰ ਮਲੇਸ਼ੀਆ ਦੀ ਸਰਕਾਰ ਵੱਲੋਂ ਪੀ.ਜੇ (Justice of Peace) ਦਾ ਸਨਮਾਨ ਮਿਲਿਆ ਹੋਇਆ ਸੀ ।ਉਨ੍ਹਾਂ ਮਿਲਦੇ ਸਾਰ ਹੀ ਮੈਨੂੰ ਪੁੱਛਿਆ ਤੁਸੀਂ ਪੰਜਾਬ ਦੇ ਕਿਹੜੇ ਇਲਾਕੇ ਦੇ ਹੋ । ਮੈਂ ਦੱਸਿਆ ਕਿ ਮੇਰਾ ਪਿਛੋਕੜ ਪਾਕਿਸਤਾਨ ਦੇ ਉਤਰ-ਪੱਛਮੀ ਸਰਹੱਦੀ ਇਲਾਕੇ ਦਾ ਹੈ । ਇਹ ਸੁਣ ਕੇ ਉਨ੍ਹਾਂ ਕਿਹਾ ਕਿ ਇਹ ਬਹੁਤ ਚੰਗੀ ਗੱਲ ਹੈ ਕਿ ਤੁਸੀਂ ਪੂਰਬੀ ਪੰਜਾਬ ਦੇ ਮਾਝੇ ਮਾਲਵੇ ਤੇ ਦੁਆਬੇ ਦੇ ਨਹੀਂ । ਕਿਉਂਕਿ ਇਨ੍ਹਾਂ ਇਲਾਕਿਆਂ ਦੇ ਪਿਛੋਕੜ ਵਾਲੇ ਸਿੱਖ ਆਪਣੇ ਇਲਾਕੇ ਦੇ ਪ੍ਰਚਾਰਕਾਂ ਦੀ ਪੈਰਵੀ ਦੇ ਦੂਜੇ ਇਲਾਕਿਆਂ ਨਾਲ ਸੰਬੰਧ ਦਾ ਵਿਰੋਧ ਕਰਦੇ ਹਨ ।ਮਗਰੋਂ ਮਲੇਸ਼ੀਆ ਵਿਚ ਵਿਚਰਦਿਆਂ ਮੈਨੂੰ ਇਹ ਸੱਚ ਹੋਰ ਉਜਾਗਰ ਹੋਇਆ ਜਦੋਂ ਇਨ੍ਹਾਂ ਇਲਾਕਿਆਂ ਦੇ ਨਾਵਾਂ ਨਾਲ
ਜੁੜੇ ਗੁਰਦੁਆਰਿਆਂ ਵਿਚ ਜਾਣ ਦਾ ਅਵਸਰ ਮਿਲਿਆ ਅਵਸਰ ਮਿਲਿਆ ।

(ਖਾਲਸਾ ਦੀਵਾਨ ਈਪੋਹ ਦੇ ਅਹਾਤੇ ਵਿਚ ਲਗਾ ਗੁਰਮਤਿ ਟ੍ਰੇਨਿੰਗ ਕੈਂਪ)

ਸ੍ਰ: ਰਤਨ ਸਿੰਘ ਜੀ ਉਸ ਸਮੇ ਦੀਵਾਨ ਦੇ ਸਕੱਤਰ ਸਨ । ਉਨ੍ਹਾਂ ਦਾ ਘਰ ਨੇੜੇ ਹੀ ਸੀ । ਉਨ੍ਹਾਂ ਨੇ ਨਾਲ ਜਾ ਕੇ ਕਈ ਗੁਰਦੁਆਰਿਆ ਨਾਲ ਮੇਰਾ ਸੰਪਰਕ ਕਰਵਾਇਆ । ਉਨ੍ਹਾਂ ਨਾਲ ਮੈਂ ਪੀਨਾਂਗ ਦੇ ਇਤਿਹਾਸਕ ਗੁਰਦੁਆਰੇ ਬ੍ਰਿਕਲਿੰਗ ਰੋਡ ਗਿਆ ਜਿੱਥੇ ਪੁਰਾਣੇ ਸਮੇਂ ਭਾਰਤ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਆਉਦਿਆਂ ਹੀ ਰਹਿਣ ਦਾ ਟਿਕਾਣਾ ਮਿਲਦਾ ਸੀ ।ਹੋਰ ਸ਼ਹਿਰਾਂ ਦੇ ਗੁਰਦੁਆਰਿਆਂ ਵਿੱਚ ਵੀ ਮੇਰਾ ਆਉਣ ਜਾਣ ਸ਼ੁਰੂ ਹੋ ਗਿਆ । ਇੱਥੇ ਸਿੱਖ ਸੰਗਤਾਂ ਗੁਰਮਤਿ ਕਥਾ ਵਿਚਾਰ ਵਧੇਰੇ




ਸੁਣਦੀਆਂ ਸਨ ।ਈਪੋਹ ਸ਼ਹਿਰ ਵਿਚ ਚਾਰ ਪੰਜ ਗੁਰਦੁਆਰੇ ਸਨ ।ਇਨ੍ਹਾ ਨਾਲ ਨੇੜੇ ਦੇ ਹੋਰ ਸ਼ਹਿਰਾਂ ਤੰਜੋਂਗ ਰੰਬੂਤਨ, ਬਾਤੂ ਗਾਜਾਹ, ਕੁਆਲਾ ਕੰਗਸਰ ਅਤੇ ਤੈਪਿੰਗ ਵਿਚ ਮੈਂ ਵਿਦਿਆਰਥੀਆਂ ਦੀਆਂ ਹਫ਼ਤਾਵਾਰੀ ਗੁਰਮਤਿ ਕਲਾਸਾਂ ਪੜ੍ਹਾਉਣੀਆਂ ਆਰੰਭ ਕਰ ਦਿੱਤੀਆਂ ।ਕਲਾਸਾਂ ਦੇ ਨਾਲ ਗੁਰਦੁਆਰਾ ਦੀਵਾਨਾਂ ਵਿੱਚ ਵੀ ਗੁਰਮਤਿ ਕਥਾ ਵਿਖਿਆਨਾਂ ਦਾ ਸਿਲਸਿਲਾ ਆਰੰਭ ਹੋ ਗਿਆ । ਦੀਵਾਨ ਦੇ ਦਫ਼ਤਰ ਦੇ ਨੇੜੇ ਵੱਡਾ ਗੁਰਦੁਆਰਾ ਸੀ ਜਿੱਥੇ ਮੈ ਲਗਭਗ ਰੋਜ਼ਾਨਾ ਹੀ ਜਾਣ ਲਗ ਪਿਆ ।ਇੱਥੇ ਆਏ ਪ੍ਰਸਿੱਧ ਸਿੱਖ ਪ੍ਰਚਾਰਕਾਂ ਗਿਆਨੀ ਮਾਨ ਸਿੰਘ ਝੌਰ ਅਤੇ ਮਸਕੀਨ ਜੀ ਦੇ ਵਿਖਿਆਨ ਅਤੇ ਗੁਰਮਤਿ ਵਿਚਾਰ ਸੁਣਨ ਦਾ ਵੀ ਅਵਸਰ ਮਿਲਿਆ । ਝੌਰ ਜੀ ਦੀ ਤਰਜ਼ੇ ਬਿਆਨੀ ਬੜੀ ਰੋਚਕ ਹੁੰਦੀ ਸੀ ।ਉਨ੍ਹਾਂ ਆਪਣੇ ਇਕ ਵਿਆਖਿਆਨ ਵਿਚ ਦੱਸਿਆ ਕਿ ਉਹ ਛਿਆਸੀ ਸਾਲਾਂ ਦੇ ਹਨ । ਉਨ੍ਹਾ ਬੜੇ ਵਿਸ਼ਵਾਸ ਨਾਲ ਕਿਹਾ ਕਿ ਰੱਬ ਹੋਰ ਚੌਦਾਂ ਪੰਦਰਾਂ ਸਾਲ ਤੱਕ ਉਨ੍ਹਾ ਨੂੰ ਸੈਂਚਰੀ ਬਣਾਉਣ ਦਾ ਅਵਸਰ ਤਾਂ ਦੇਵੇਗਾ ਹੀ । ਵਾਕਈ ਉਹਨਾਂ ਦੀ ਇਤਨੀ ਉਮਰ ਵਿਚ ਵੀ ਉਹ ਬੜੇ ਸੁਚੇਤ ਤੇ ਸਿਹਤਵੰਦ ਸਨ । ਮਸਕੀਨ ਜੀ ਕਈ ਵਾਰ ਮੇਰੇ ਨਾਲ ਚੱਲ ਕੇ ਦੀਵਾਨ ਦੇ ਦਫ਼ਤਰ ਆ ਕੇ ਵੀ ਮੇਰੇ ਪਾਸ ਬੈਠੇ ਰਹਿੰਦੇ ਸਨ ।

ਦੀਵਾਨ ਦੁਆਰਾ ਚਲਾਏ ਜਾ ਰਹੇ ਸਕੂਲ ਵਿਚ ਬਹੁਤੇ ਮਲਾਈ ਤੇ ਚੀਨੀ ਵਿਦਿਆਰਥੀ ਪੜ੍ਹਦੇ ਸਨ । ਵੱਸੋਂ ਦੇ ਅਨੁਪਾਤ ਅਨੁਸਾਰ ਕੁਝ ਸਿੱਖ ਵਿਦਿਆਰਥੀ ਵੀ ਸਨ । ਇਥੇ ਸਰਕਾਰੀ ਨੌਕਰੀ ਲੈਣ ਲੱਗਿਆਂ ਮਲਾਈ ਭਾਸ਼ਾ, ਜਿਸਨੂੰ ਭਾਸ਼ਾ ਮਲੇਸ਼ੀਆ

ਕਹਿੰਦੇ ਸਨ, ਦਾ ਗਿਆਨ ਹੋਣਾ ਜ਼ਰੂਰੀ ਸ਼ਰਤ ਸੀ । ਸਕੂਲ ਦੇ ਹੈਡਮਾਸਟਰ ਸ੍ਰ: ਸਰਦੂਲ ਸਿੰਘ ਸਨ । ਮੈਂ ਇਹ ਵੈਖ ਕੇ ਹੈਰਾਨ ਹੋਇਆ ਕਿ ਸਕੂਲ ਦੀ ਘੰਟੀ ਉਹ ਆਪ ਵਜਾਉਂਦੇ ਸਨ ਜਦ ਕਿ ਅਜਿਹੇ ਕਾਰਜ ਕਰਨ ਲਈ ਸਾਡੇ ਭਾਰਤੀ ਸਕੂਲਾਂ ਵਿਚ ਚਪੜਾਸੀ ਰੱਖਿਆ ਹੁੰਦਾ ਹੈ ।ਇਥੇ ਰਹਿੰਦਿਆਂ ਕਈ ਸਿਆਣੇ ਤੇ ਸਨਮਾਨਿਤ ਸੱਜਣਾਂ ਨਾਲ ਮੇਰਾ ਮੇਲ ਗੇਲ ਹੋਇਆ ਜਿਨ੍ਹਾਂ ਪਾਸੋਂ ਮੈਨੂੰ ਬੜਾ ਸਹਿਯੋਗ ਸਤਿਕਾਰ ਤੇ ਪਿਆਰ ਮਿਲਿਆ । ਇਹ ਸਭ ਗੁਰੂ ਮਹਾਰਾਜ ਦੀ ਕਿਰਪਾ ਦ੍ਰਿਸ਼ਟੀ ਸੀ ।ਮਾਸਟਰ ਵਰਿਆਮ ਸਿੰਘ ਮਲ੍ਹੀ ਰੀਟਾਇਰਡ ਟੀਚਰ ਸਨ ਤੇ ਅਰਬੀ ਫ਼ਾਰਸੀ ਦਾ ਵੀ ਚੰਗਾ ਗਿਆਨ ਰੱਖਦੇ ਸਨ। ਉਹ ਕੁਆਲਾ ਲੁੰਪੁਰ ਦੇ ਗਿਆਨੀ ਇੰਦਰ ਸਿੰਘ ਜੀ ਦੇ ਰਿਸ਼ਤੇਦਾਰ ਸਨ ।

ਨਸ਼ਿਆਂ ਦੀ ਰੋਕਥਾਮ ਲਈ ਬਣੇ ਇਕ ਸੈਂਟਰ ਵਿਚ ਜਾ ਕੇ ਉਥੇ ਨਸ਼ੇ ਦਾ ਸ਼ਿਕਾਰ ਹੋਏ ਰੋਗੀ ਨੌਜਵਾਨਾਂ ਨਾਲ ਗਲਬਾਤ ਕਰਨ ਲਈ ਪ੍ਰਬੰਧਕਾਂ ਨੇ ਮੈਨੂੰ ਡਾਕਟਰ ਮਹਿੰਦਰ ਸਿੰਘ ਜੀ ਨਾਲ ਮਿਲਾਇਆ । ਇਹ ਡਾਕਟਰ ਸਾਹਿਬ ਬੱਚਿਆਂ ਦੇ ਨਾਮੀ ਡਾਕਟਰ ਸਨ ਤੇ ਸਥਾਨਕ ਸਰਕਾਰੀ ਹਸਪਤਾਲ ਵਿਚ ਸੇਵਾ ਕਰਦੇ ਸਨ ।ਇਨ੍ਹਾਂ ਨਾਲ ਮੇਰਾ ਐਸਾ ਸੰਬੰਧ ਜੁੜਿਆ ਕਿ ਸਤਿਸੰਗਤ ਵਿਚ ਬਦਲ ਗਿਆ ।ਇਨ੍ਹਾਂ ਦੀ ਸੁਪਤਨੀ ਵੀ ਮੈਡੀਕਲ ਅਫ਼ਸਰ ਸੀ। ਦੋਵੇਂ ਗੁਰੂ ਪ੍ਰੇਮੀ ਸੱਜਣ ਸਨ । ਇਨ੍ਹਾ ਦੀ ਪ੍ਰੇਰਨਾ ਨਾਲ ਸਾਡਾ ਇੱਕ ਸਤਿਸੰਗਤੀ ਗਰੁੱਪ ਬਣ ਗਿਆ ਜਿਸ ਵਿਚ ਸੱਤ ਅੱਠ ਗੁਰਸਿੱਖ ਪ੍ਰਵਾਰ ਸ਼ਾਮਿਲ ਹੋ ਗਏ । ਇਨ੍ਹਾਂ ਵਿਚ ਇੱਕ ਵਕੀਲ, ਇੱਕ ਡਾਕਟਰ, ਇੱਕ ਅਧਿਆਪਕ ਅਤੇ ਇਸੇ ਤਰਾਂ ਕੁਝ ਹੋਰ ਸੱਜਣ ਜੋ ਚੰਗੇ ਅਹੁਦਿਆਂ ਤੇ ਕੰਮਾਂ ਤੇ ਲੱਗੇ ਹੋਏ ਸੱਜਣਾਂ ਦੇ ਪ੍ਰਵਾਰ ਸਨ । ਸਭਨਾਂ ਨੇ ਆਪਸੀ ਸਹਿਮਤੀ ਨਾਲ ਵਾਰੀ ਵਾਰੀ ਕੁਝ ਸਮੇਂ ਦੀ ਵਿੱਥ ਪਾ ਕੇ ਆਪਣੇ ਆਪਣੇ ਘਰਾਂ ਵਿਚ ਸਤਿਸੰਗ ਸ਼ੁਰੂ ਕਰ ਦਿੱਤਾ । ਇਸ ਵਿਚ ਡਾਕਟਰ ਮਹਿੰਦਰ ਸਿੰਘ ਜੀ ਦੀ ਪਤਨੀ ਨਾਲ ਉਨ੍ਹਾਂ ਦੇ ਬੱਚੇ ਰਲ ਕੇ ਕੀਰਤਨ ਕਰਦੇ ਅਤੇ ਮਗਰੋਂ ਮੈ ਇੱਕ ਸ਼ਬਦ ਦੀ ਵਿਆਖਿਆ ਕਰਦਾ । ਇਹ ਸਤਿਸੰਗ ਮੇਰੇ ਦੋ ਸਾਲ ਦੇ ਮਲੇਸ਼ੀਆ ਰਿਹਾਇਸ਼ ਦੇ ਸਮੇਂ ਲਗਾਤਾਰ ਚਲਦਾ ਰਿਹਾ । ਵਾਪਸ ਦੇਸ ਪਰਤਣ ਤੇ ਮੈਂ ਇਨ੍ਹਾਂ ਪਾਸੋਂ ਵਿਛੜਦਿਆਂ ਆਪਣੇ ਅੱਥਰੂ ਨਾ ਰੋਕ ਸਕਿਆ । ਇਸ ਸੰਗਤ ਦੇ ਕਈ ਸੱਜਣਾਂ ਨਾਲ ਮੇਰਾ ਪਿਛੋਂ ਵੀ ਸੰਬੰਧ ਜੁੜਿਆ ਰਿਹਾ ।ਮਗਰੋਂ ਮਲੇਸ਼ੀਆ ਦੀਆਂ ਪ੍ਰਚਾਰ ਫ਼ੇਰੀਆਂ ਵਿੱਚ ਇਨ੍ਹਾਂ ਵਿੱਚੋਂ ਕੁਝ ਸੱਜਣ ਉਸੇ ਪਿਆਰ ਸਤਿਕਾਰ ਤੇ ਸਨੇਹ ਨਾਲ ਮਿਲਦੇ ਰਹੇ ।

ਦੇਸੋਂ ਆ ਕੇ ਸੈਂਟ੍ਰਲ ਗੁਰਦੁਆਰਾ ਕੁਆਲਾ ਲੁੰਪੁਰ ਵਿਖੇ ਠਹਿਰਨ ਦੌਰਾਨ ਮੇਰਾ ਸਿੱਖ ਨੌਜਵਾਨ ਸਭਾ ਨਾਲ ਸੰਪਰਕ ਹੋਇਆ ਸੀ । ਇਸ ਸੰਸਥਾ ਦੇ ਨੌਜਵਾਨ ਪਿਛਲੇ ਕਈ ਦਹਾਕਿਆਂ ਤੋਂ ਸਿੱਖੀ ਪ੍ਰਚਾਰ ਕਰ ਰਹੇ ਸਨ । ਵਿਸ਼ੇਸ਼ ਕਰਕੇ ਇਨ੍ਹਾਂ ਦਾ ਸਿੱਖ ਵਿਦਿਆਰਥੀਆਂ ਤੇ ਨੌਜਵਾਨਾਂ ਨਾਲ ਵਿਸ਼ੇਸ਼ ਸੰਪਰਕ ਸੀ । ਸਭਾ ਦੇ ਪ੍ਰਧਾਨ ਸ੍ਰ: ਚਤਰ ਸਿੰਘ ਮੇਰੇ ਚੰਗੇ ਮਿੱਤਰ ਬਣ ਗਏ ।ਸਿੱਖ ਨੌਜਵਾਨ ਸਭਾ ਸਕੂਲਾਂ ਦੀਆਂ ਛੁੱਟੀਆਂ ਵਿਚ ਸਿੱਖ ਵਿਦਿਆਰਥੀਆਂ ਦੇ ਗੁਰਮਤਿ ਟ੍ਰੇਨਿੰਗ ਕੈਂਪ ਲਗਾਉਂਦੀ ਸੀ । ਉਨ੍ਹਾਂ ਦੇ ਕਈ ਕੈਂਪਾਂ ਵਿੱਚ ਮੈਨੂੰ ਵੀ ਸ਼ਾਮਿਲ ਹੋਣ ਦਾ ਅਵਸਰ ਮਿਲਿਆ । ਮੈਂ ਵਿਸ਼ੇਸ਼ ਕਰਕੇ ਇਨ੍ਹਾਂ ਕੈਂਪਾਂ ਵਿਚੋਂ ਬਹੁਤ ਕੁਝ ਸਿੱਖਿਆ ।ਮਗਰੋਂ ਖਾਲਸਾ ਦੀਵਾਨ ਵੱਲੋਂ ਵੀ ਅਸੀਂ ਵਿਦਿਆਰਥੀਆਂ ਦੇ ਗੁਰਮਤਿ ਟ੍ਰੇਨਿੰਗ ਕੈਂਪ ਲਾਉਣੇ ਸ਼ੁਰੂ ਕਰ ਦਿੱਤੇ । ਮਲੇਸ਼ੀਆ ਦੇ ਕਈ ਗਰੁਦੁਆਰਿਆਂ ਵਿਚ ਕੈਂਪ ਲਗਾਏ ।ਈਪੋਹ ਤੋਂ ਇਲਾਵਾ, ਬਾਤੂ ਗਾਜਾਹ, ਬੀਡੋਰ, ਤਾਪਾ, ਤੰਜੋਂਗ ਰੰਬੂਤਨ ਕੁਆਲਾ ਕੰਗਸਰ, ਤੈਪਿੰਗ, ਪੀਨਾਂਗ, ਬਟਰਵਰਥ, ਸੁੰਡੇ ਪਟਾਨੀ ਅਦਿਕ ਸ਼ਹਿਰਾਂ ਵਿਚ ਕੈਪਾਂ ਦਾ ਆਯੋਜਨ ਕੀਤਾ ।ਕੁਆਲਾ ਲੁੰਪੁਰ ਦੇ ਕਈ ਗੁਰਦੁਆਰਿਆਂ ਅਤੇ ਨੇੜਲੇ ਸ਼ਹਿਰ ਸਰੰਬਨ ਵਿੱਚ ਕੈਂਪ ਲਗਾਏ ਗਏ ।ਮਲੇਸ਼ੀਆ ਦੇ ਕਈ ਦੱਖਣੀ ਸ਼ਹਿਰਾਂ ਮੁਆਰ, ਮਲਾਕਾ,ਜੌਹਰ ਬਾਰੂ ਵਿੱਚ ਪ੍ਰਚਾਰ ਅਤੇ ਕੈਂਪਾਂ ਦਾ ਆਯੋਜਨ ਵੀ ਕੀਤਾ ਗਿਆ ।



(ਗੁਰਦੁਆਰਾ ਬੱਟਰਵਰਥ ਵਿਖੇ ਲਾਏ ਗਏ ਕੈਂਪ ਦਾ ਦ੍ਰਿਸ਼)

ਮਲਾਕਾ ਪੱਛਮੀ ਮਲੇਸ਼ੀਆ ਦੇ ਦੱਖਣ ਪੱਛਮ ਤੇ ਪੁਰਾਣੀ ਬੰਦਰਗਾਹ ਵਾਲਾ ਸ਼ਹਿਰ ਹੈ । ਇੱਥੇ ਭਾਰਤ, ਮੱਧ ਪੂਰਬੀ ਦੇਸ਼ਾਂ ਅਤੇ ਯੂਰਪ ਤੋਂ ਵਪਾਰ ਕਰਨ ਲਈ ਆਉਂਦੀਆਂ ਟੋਲੀਆਂ ਦਾ ਅੱਡਾ ਰਿਹਾ ਹੈ । ਇੱਥੇ ਗੁਰਦੁਆਰਾ ਸਾਹਿਬ ਵਿਚ ਪੰਜਾਬ ਤੋਂ ਆਏ ਇੱਕ ਗੁਰਮੁਖ ਸੱਜਣ ਭਾਈ ਸੋਹਨ ਸਿੰਘ ਗ੍ਰੰਥੀ ਦੀ ਸੇਵਾ ਤੇ ਲੱਗੇ ਸਨ। ਉਹ ਵਿਰੱਕਤ ਸਨ । ਬੜੇ ਸਾਦੇ, ਸੰਜਮੀ ਤੇ ਬੇਗ਼ਰਜ਼ ਸੁਭਾਅ ਦੇ ਬੇਪਰਵਾਹ ਸੱਜਣ ਸਨ ਅਤੇ ਹੌਲੀ ਹੌਲੀ ਸੰਗਤਾਂ ਵਿਚ ਸੰਤ ਸੋਹਨ ਸਿੰਘ ਮਲਾਕਾ ਦੇ ਨਾਮ ਨਾਲ ਪ੍ਰਸਿੱਧ ਹੋ ਗਏ । ਉਨ੍ਹਾਂ ਦੇ ਚਲਾਣੇ ਮਗਰੋਂ ਸੰਗਤਾਂ ਨੇ ਗੁਰਦੁਆਰਾ ਮਲਾਕਾ ਪਾਸੋਂ ਲੀਜ਼ ਤੇ ਜ਼ਮੀਨ ਲੈ ਕੇ ਉੱਥੇ ਇੱਕ ਸੰਤ ਸੋਹਨ ਸਿੰਘ ਮਲਾਕਾ ਯਾਦਗਰ ਸੋਸਾਇਟੀ ਦੀ ਸਥਾਪਨਾ ਕੀਤੀ । ਇੱਥੇ ਵੀ ਮੈਨੂੰ ਗੁਰਮਤਿ ਕੈਂਪ ਲਾਉਣ ਤੇ

ਗੁਰਮਤਿ ਪ੍ਰਚਾਰ ਕਰਨ ਦਾ ਅਵਸਰ ਮਿਲਦਾ ਰਿਹਾ । ਮਗਰੋਂ ਇਸ ਸੁਸਾਇਟੀ ਦੇ ਸੱਦੇ ਤੇ ਸੰਨ 1984 ਵਿਚ ਦੋ ਮਹੀਨੇ ਦੀ ਫ਼ੇਰੀ ਤੇ ਦੁਬਾਰਾ ਮਲੇਸ਼ੀਆ ਗਿਆ ਸਾਂ । ਯਾਦਗਾਰ ਸੁਸਾਇਟੀ ਵੱਲੋਂ ਗ੍ਰੰਥੀਆਂ ਦੀ ਟ੍ਰੇਨਿੰਗ ਦਾ ਸਕੂਲ ਵੀ ਆਰੰਭ ਕੀਤਾ ਗਿਆ ਸੀ । ਪ੍ਰੰਤੂ ਸਿੱਖ ਨੌਜਵਾਨਾਂ ਦੀ ਇਸ ਸੇਵਾ ਵੱਲੋਂ ਅਰੁਚੀ ਹੋਣ ਕਾਰਨ ਇਹ ਵਿਦਿਆਲਾ ਚੱਲ ਨਹੀਂ ਸਕਿਆ ।

ਮਲੇਸ਼ੀਆ ਦੇ ਕਈ ਸ਼ਹਿਰਾਂ ਵਿਚ ਗੁਰਮਤਿ ਪ੍ਰਚਾਰ, ਗੁਰਮਤਿ ਕਲਾਸਾਂ ਅਤੇ ਕੈਂਪ ਲਗਾਉਣ ਲਈ ਮੈਂ ਅਕਸਰ ਜਾਂਦਾ ਰਹਿੰਦਾ ਸਾਂ । ਇਨ੍ਹਾਂ ਸ਼ਹਿਰਾਂ ਤੇ ਕਈ ਗੁਰਸਿੱਖਾਂ ਨਾਲ ਮੇਰੀ ਚੰਗੀ ਜਾਣ ਪਛਾਣ ਹੋ ਗਈ । ਈਪੋਹ ਦੇ ਨੇੜੇ ਤੰਜੋਂਗ ਰੰਬੂਤਨ ਵਿਚ ਮੈਂ ਹਫ਼ਤਾਵਾਰ ਜਾਣ ਲੱਗ ਪਿਆ। ਉੱਥੇ ਵਿਦਿਆਰਥੀਆਂ ਦੀਆਂ ਗੁਰਮਤਿ ਕਲਾਸਾਂ ਦੇ ਨਾਲ ਨਾਲ ਸੰਗਤਾਂ ਵਿਚ ਗੁਰਮਤਿ ਵਿਖਿਆਨ ਵੀ ਹੋਣ ਲੱਗੇ । ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਭਾਈ ਟਹਿਲ ਸਿੰਘ ਜੀ ਮੇਰੇ ਬੜੇ ਮਿਹਰਬਾਨ ਤੇ ਪਿਆਰੇ ਸੱਜਣ ਬਣ ਗਏ । ਉਹਨਾਂ ਦੇ ਬੱਚਿਆਂ ਅਤੇ ਪ੍ਰਵਾਰ ਨਾਲ ਵੀ ਮੇਰੀ ਚੰਗੀ ਜਾਣ ਪਛਾਣ ਹੋ ਗਈ । ਉਨ੍ਹਾਂ ਦਾ ਛੋਟਾ ਲੜਕਾ ਬਲਦੇਵ ਸਿੰਘ ਗੁਰਮਤਿ ਕਲਾਸਾਂ ਦਾ ਚੰਗਾ ਵਿਦਿਆਰਥੀ ਸੀ । ਉਹ ਮਗਰੋਂ ਕੀਰਤਨ ਵੀ ਕਰਨ ਲੱਗ ਪਿਆ । ਉਨ੍ਹਾਂ ਦਾ ਵੱਡਾ ਸਪੁੱਤਰ ਧੀਰ

ਸਿੰਘ ਉਦੋਂ ਭਾਰਤ ਵਿਚ ਪੜ੍ਹਦਾ ਸੀ। ਮਲੇਸ਼ੀਆ ਪਰਤ ਕੇ ਉਸਨੇ ਇੱਕ ਬਰਤਨ ਬਣਾਉਣ ਦਾ ਕਰਖ਼ਾਨਾ ਖੋਲ੍ਹ ਲਿਆ ।ਮਗਰੋਂ ਜਦ ਕੈਨੇਡਾ ਤੋਂ ਖਾਲਸਾ ਦੀਵਾਨ ਮਲੇਸ਼ੀਆ ਦੇ ਸੱਦੇ ਤੇ ਸੰਨ 2003 ਤੇ 2004 ਵਿਚ ਮੈਂ ਦੁਬਾਰਾ ਮਲੇਸ਼ਿਆ ਗਿਆ ਤਾਂ ਉਸਦੇ ਘਰ ਹੀ ਰਿਹਾ। ਪ੍ਰਵਾਰ ਨੇ ਮੇਰੀ ਚੰਗੀ ਸੇਵਾ ਤੇ ਆਦਰ ਸਤਿਕਾਰ ਕੀਤਾ ।

ਤੈਪਿੰਗ ਸ਼ਹਿਰ ਈਪੋਹ ਤੋਂ ਉੱਤਰ ਵੱਲ ਪੀਨਾਂਗ ਜਾਂਦੀ ਰੇਲ ਦੀ ਸੜਕ ਤੇ ਸਥਿਤ ਹੈ । ਇਹ ਪੁਰਾਣੇ ਟਿਨ ਮਾਈਨਿੰਗ ਕੇਂਦਰ ਕਰਕੇ ਪ੍ਰਸਿੱਧ ਸੀ । ਸ਼ਹਿਰ ਦੇ ਆਲੇ ਦੁਆਲੇ ਟਿਨ ਮਾਈਨਿੰਗ ਦੀਆਂ ਕਈ ਖਾਣਾਂ ਸਨ । ਇਥੇ ਵੀ ਵਿਦਿਅਰਥੀਆਂ ਦੀਆਂ ਗੁਰਮਤਿ ਕਲਾਸਾਂ ਅਤੇ ਸੰਗਤ ਵਿਚ ਕਥਾ ਕਰਨ ਮੈਂ ਹਰ ਹਫ਼ਤੇ ਜਾਂਦਾ ਸਾਂ । ਮੇਰੀ ਪਹਿਲੀ ਫ਼ੇਰੀ ਤੇ ਹੀ ਉਥੋਂ ਦੇ ਵਸਨੀਕ ਇਕ ਬਜ਼ੁਰਗ ਸੱਜਣ ਸਰਦਾਰ ਚੰਚਲ ਸਿੰਘ ਨਾਲ ਮੇਰੀ ਚੰਗੀ ਜਾਣ ਪਛਾਣ ਹੋ ਗਈ ।ਤੈਪਿੰਗ ਦੇ ਨਾਲ ਇਕ ਪਹਾੜੀ ਹੈ ਜਿਸਦੇ ਹੇਠਾਂ ਬਹੁਤ ਸੁੰਦਰ ਪਾਰਕ ਬਣਿਆ ਹੋਇਆ ਹੈ । ਸ੍ਰ: ਚੰਚਲ ਸਿੰਘ ਨੇ ਇਥੇ ਮੇਰੀਆਂ ਕਈ ਫ਼ੋਟੂਆਂ ਖਿੱਚੀਆਂ ਜੋ ਮੈਂ ਆਪਣੇ ਪ੍ਰਵਾਰ ਨੂੰ ਦੇਸ ਭੇਜੀਆਂ ਸਨ ।ਇਕ ਹੋਰ ਗੁਰਮੁਖ ਸੱਜਣ ਸ੍ਰ: ਫ਼ੌਜਾ ਸਿੰਘ ਵੀ ਮੇਰੇ ਮਿੱਤਰ ਬਣ ਗਏ ਜਿਨ੍ਹਾਂ ਨਾਲ ਮਗਰੋਂ ਵੀ ਮੇਰਾ ਸੰਬੰਧ ਬਣਿਆ ਰਿਹਾ। ਉਹ ਆਪਣੇ ਸਪੁੱਤਰ ਦੀ ਸ਼ਾਦੀ ਸਮੇਂ ਮੈਨੂੰ ਬਰਾਤ ਨਾਲ ਕੁਆਲਾ ਲੁੰਪੁਰ ਲੈ ਕੇ ਗਏ ਸਨ ।ਕੁਝ ਹੋਰ ਸੱਜਣਾਂ ਨਾਲ ਅਸੀਂ ਗੁਰਦੁਆਰਾ ਸਾਹਿਬ ਵਿਚ ਗੁਰਬਾਣੀ ਸੰਥਿਆ ਵੀ ਕਰਦੇ ਰਹੇ ਸਾਂ ।ਸ੍ਰ: ਫ਼ੌਜਾ ਸਿੰਘ ਮੇਰੇ ਦੇਸ ਪਰਤਣ ਮਗਰੋਂ ਇਕ ਵਾਰ ਅੰਮ੍ਰਿਤਸਰ ਵੀ ਮੈਂ ਆਏ ਸਨ ਜਿੱਥੇ ਮੈਂ ਉਨ੍ਹਾਂ ਨੂੰ ਮਿਲਣ ਗਿਆ ਸਾਂ ਮਿਲਣ ਗਿਆ ਸਾਂ ।

ਈਪੋ ਤੋਂ ਤੈਪਿੰਗ ਜਾਂਦੇ ਰਸਤੇ ਵਿੱਚ ਕੁਆਲਾ ਕੰਗਸਰ ਸ਼ਹਿਰ ਪੈਂਦਾ ਹੈ । ਇਥੇ ਵੀ ਮੈਂ ਗੁਰਦੁਆਰਾ ਸਾਹਿਬ ਵਿਚ ਬੱਚਿਆਂ ਦੀਆਂ ਹਫ਼ਤਾਵਰ ਕਲਾਸਾਂ ਕਰਨ ਜਾਂਦਾ ਸਾਂ ।ਉਥੇ ਭਾਈ ਜਸਵੰਤ ਸਿੰਘ ਗ੍ਰੰਥੀ ਸਨ ਜਿਨ੍ਹਾਂ ਨੇ ਇਕ ਚੀਨਣ ਬੀਬੀ ਨਾਲ ਵਿਆਹ ਕੀਤਾ ਹੋਇਆ ਸੀ । ਉਨ੍ਹਾਂ ਦੇ ਦੋ ਲੜਕੇ ਇਹਨਾਂ ਕਲਾਸਾਂ ਵਿਚ ਪੜ੍ਹਦੇ ਸਨ । ਦੋਹਾਂ ਦੇ ਬੜੇ ਲੰਮੇ ਕੇਸ ਤੇ ਸਿਰਾਂ ਤੇ ਮੋਟੇ ਜੂੜੇ ਸਨ। ਦੋ ਸਾਲਾਂ ਦੀ ਫ਼ੇਰੀ ਦੇ ਦੇਸ ਵਾਪਸੀ ਤੋਂ ਪਹਿਲਾਂ ਜਦ ਮੈਂ ਆਖ਼ਰੀ ਵਾਰ ਕੁਆਲਾ ਕੰਗਸਰ ਦੇ ਗੁਰਦੁਆਰਾ ਸਾਹਿਬ ਗਿਆ ਤਾਂ ਭਾਈ ਜਸਵੰਤ ਸਿੰਘ ਇਕੱਲੇ ਉਦਾਸ ਬੈਠੇ ਹੋਏ ਸਨ । ਪੁੱਛਣ ਤੇ ਉਨ੍ਹਾਂ ਦੱਸਿਆ ਕਿ ਪਤਨੀ ਨੇ ਦੋਵੇਂ ਮੁੰਡਿਆ ਦੇ ਕੇਸ ਕਟਵਾ ਦਿੱਤੇ ਸਨ ਤੇ ਉਹ ਉਨ੍ਹਾਂ ਨੂੰ ਲੈ ਕੇ ਸਿੰਘਾਪੁਰ ਚਲੀ ਗਈ ਸੀ ।ਉਨ੍ਹਾਂ ਦੇ ਦਰਦ ਦੀ ਕਸਕ ਹੁਣ ਤਕ ਮੇਰੇ ਹਿਰਦੇ ਵਿੱਚ ਪੈਂਦੀ ਹੈ ।

ਡਾ:ਮਹਿੰਦਰ ਸਿੰਘ ਤੇ ਉਨ੍ਹਾਂ ਦੇ ਸਤਿਸੰਗੀਆ ਨਾਲ ਰਲ ਕੇ ਅਸੀਂ ਵਿਦਿਆਰਥੀਆਂ ਦੇ ਸਮਾਗਮ ਵੀ ਕਰਦੇ ਰਹਿੰਦੇ ਸਾਂ । ਇਕ ਵਾਰ ਵੈਸਾਖੀ ਦੇ ਅਵਸਰ ਤੇ ਅਸੀਂ ਇਕ ਸਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਜਿਸ ਵਿਚ ਸਿੱਖੀ ਨਾਲ ਸਬੰਧਿਤ ਇਕ ਇਕਾਂਗੀ ਨਾਟਕ ਤੇ ਭੰਗੜਾ ਕਰਵਾਇਆ ਗਿਆ ਸੀ । ਸੰਗਤਾਂ ਤੇ ਵਿਦਿਆਰਥੀਆਂ ਨੇ ਇਸ ਵਿਚ ਚੰਗਾ ਉਤਸ਼ਾਹ ਵਿਖਾਇਆ।ਇਸ ਲਈ ਕੁਆਲਾ ਲੁੰਪੁਰ ਤੋਂ ਇਕ ਭੰਗੜੇ ਦੀ ਟੀਮ ਸੱਦੀ ਗਈ ਸੀ ਜਿਸ ਵਿਚ ਸ੍ਰ: ਮਹਿੰਦਰ ਸਿੰਘ ਸਰੂਰ ਵੀ ਸ਼ਾਮਿਲ ਸਨ । ਇਹ ਸੱਜਣ ਕੁਆਲਾ ਲੁੰਪੁਰ ਵਿਚ ਇਕ ਪ੍ਰਿੰਟਿੰਗ ਪ੍ਰੈਸ ਚਲਾਂਦੇ ਸਨ । ਪਹਿਲੀ ਵਾਰ ਮਲੇਸ਼ੀਆ ਦੀ ਫ਼ੇਰੀ ਤੇ ਕੁਆਲਾ ਲੁੰਪੁਰ ਠਹਿਰਨ ਦੌਰਾਨ ਵੀ ਇਹ ਮੈਨੂੰ ਮਿਲਦੇ ਰਹੇ ਸਨ । ਇਨ੍ਹਾਂ ਨੇ ਮਲੇਸ਼ੀਆ ਦੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਕੁਝ ਪਾਠ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ ਸਨ।ਸਾਡੇ ਪ੍ਰੋਗਰਾਮ ਵਿਚ ਇਨ੍ਹਾਂ ਭੰਗੜੇ ਦੇ ਨਾਲ ਮਲ੍ਹਟੀਆਂ ਦਾ ਖੇਲ ਵੀ ਵਿਖਾਇਆ ਸੀ ।

ਸੰਨ 2003 ਵਿਚ ਆਪਣੀ ਮਲੇਸ਼ੀਆ ਦੀ ਫ਼ੇਰੀ ਸਮੇਂ ਮੈਨੂੰ ਪਤਾ ਲੱਗਾ ਕਿ ਸਰੂਰ ਜੀ ਨੂੰ ਅਧਰੰਗ ਹੋ ਗਿਆ ਹੈ । ਮੈਂ ਸ੍ਰ: ਕਰਮਜੀਤ ਸਿੰਘ ਨਾਲ ਕੁਆਲਾ ਲੁੰਪੁਰ ਇਨ੍ਹਾਂ ਦੇ ਘਰ ਮਿਲਣ ਗਿਆ । ਇੱਕ ਹਾਦਸੇ ਦਾ ਸ਼ਿਕਾਰ ਹੋ ਕੇ ਸਰੂਰ ਜੀ ਨੂੰ ਅਰਧੰਗ ਹੋ ਗਿਆ ਸੀ ਤੇ ਉਹ ਗੁੱਛਾ ਮੁੱਛਾ ਹੋ ਕੇ ਮੰਜੇ ਤੇ ਪਏ ਸਨ । ਮੇਰੇ ਬੁਲਾਉਣ ਅਤੇ ਪਿਛਲੀ ਸਾਂਝ ਦੱਸਣ ਤੇ ਵੀ ਉਨ੍ਹਾਂ ਮੈਨੂੰ ਨਹੀਂ ਪਛਾਣਿਆ ਤੇ ਬਿਟਰ ਬਿਟਰ ਮੇਰੇ ਵੱਲ ਵੇਖਦੇ ਰਹੇ ।ਮੇਰਾ ਹਿਰਦਾ ਉਨ੍ਹਾਂ ਦੀ ਇਹ ਤਰਸਯੋਗ ਹਾਲਤ ਵੇਖ ਕੇ ਵਲੂੰਧਰਿਆ ਗਿਆ । ਪਤਾ ਨਹੀਂ ਮਨੁੱਖ ਦੇ ਕਰਮਾਂ ਵਿਚ ਕੀ ਕੀ ਲਿਖਿਆ ਹੁੰਦਾ ਹੈ ਜਿਸਦਾ ਚਿਤ ਚੇਤਾ ਵੀ ਉਸਨੂੰ ਨਹੀਂ ਹੁੰਦਾ।ਖਾਲਸਾ ਦੀਵਾਨ ਵੱਲੋਂ ਮੈ ਥਿਆਸੋਫ਼ੀਕਲ ਸੁਸਾਇਟੀ ਦੀ ਸੌ ਸਾਲਾ ਕਨਵੈਨਸ਼ਨ ਦੀ ਵੀ ਹਾਜ਼ਰੀ ਭਰੀ ਜੋ ਕੁਆਲਾ ਲੁੰਪੁਰ

ਦੇ ਇਕ ਹੋਟਲ ਦੇ ਹਾਲ ਵਿਚ ਤਿੰਨ ਚਾਰ ਦਿਨ ਚੱਲੀ ਸੀ । ਇਥੇ ਮੇਰੇ ਤੋਂ ਸਿਵਾ ਕੇਵਲ ਇੱਕ ਸਿੱਖ ਪ੍ਰਤਿਨਿਧੀ ਹੋਰ ਸ਼ਾਮਿਲ ਹੋਇਆ ਸੀ ।ਇਸ ਕਨਵੈਨਸ਼ਨ ਵਿਚ ਸਾਰੇ ਪ੍ਰਮੁੱਖ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਏ ਸਨ ਜਿਸ ਵਿਚ ਭਾਰਤ, ਚੀਨ, ਜਾਪਾਨ ਅਤੇ ਹੋਰ ਕੁਝ ਮੁਲਕਾਂ ਦੇ ਪ੍ਰਤਿਨਿਧੀ ਵੀ ਸਨ ॥

ਉਥੇ ਸ੍ਰ: ਸਤਵੰਤ ਸਿੰਘ ਅਜੀਤ ਜੀ ਮੈਨੂੰ ਦੱਖਣੀ ਮਲੇਸ਼ੀਆ ਦੇ ਆਖ਼ਰੀ ਸ਼ਹਿਰ ਜੌਹਰ ਬਾਰੂ ਦੇ ਰੇਲਵੇ ਸਟੇਸ਼ਨ ਤੋਂ ਲੈਣ ਆਏ ਸਨ । ਇਹ ਸੱਜਣ ਚੰਗੇ ਸਾਹਿਤ ਪ੍ਰੇਮੀ ਤੇ ਕਵੀ ਸਨ ।ਮੈਂ ਇਨ੍ਹਾ ਤੇ ਘਰ ਠਹਿਰਿਆ ਜੋ ਨੇਵਲ ਬੇਸ ਦੇ ਨਾਲ ਦੀ ਬਸਤੀ ਵਿੱਚ ਸੀ । ਇਨ੍ਹਾਂ ਦਾ ਘਰ ਬੜੀ ਕਾਵਿਕ ਸੁਰ ਦੇ ਨਾਮ ਵਾਲੀ ਗਲੀ ਜਾਲਨ ਮਾਲੂ ਮਾਲੂ ਵਿੱਚ ਸੀ ।ਉਹ ਮੈਨੂੰ ਰੋਜ਼ ਆਪਣੀ ਗੱਡੀ ਤੇ ਸਿੰਘਾਪੁਰ ਪੰਜਾਬੀ ਐਸੋਸੀਏਸ਼ਨ ਦੇ ਦਫ਼ਤਰ ਲੈ ਕੇ ਜਾਂਦੇ ਜਿੱਥੇ ਸਿੱਖ ਵਿਦਿਆਰਥੀਆਂ ਦਾ ਕੈਂਪ ਆਯੋਜਿਤ ਕੀਤਾ ਗਿਆ ਸੀ । ਇਸ ਕੈਂਪ ਵਿੱਚ ਆਏ ਕਈ ਸੱਜਣਾਂ ਨਾਲ ਮੇਲ ਹੋਇਆ ਜਿਨ੍ਹਾਂ ਵਿਚ ਗੰਗਾ ਨਗਰ ਤੋਂ ਆਏ ਵੈਟਰਨਰੀ ਡਾਕਟਰ ਸ੍ਰ: ਅਨੂਪ ਸਿੰਘ ਵੀ ਸਨ । ਉਹ ਬੜੇ ਖ਼ੁਸ਼ਦਿਲ ਤੇ ਹਸੀ-ਮਜ਼ਾਕ ਕਰਨ ਵਾਲੇ ਸੱਜਣ ਸਨ । ਉਨ੍ਹਾਂ ਨੂੰ ਵੀ ਸਾਰੇ ਮਜ਼ਾਕ ਨਾਲ ਡੰਗਰ ਡਾਕਟਰ ਕਹਿੰਦੇ ਸਨ । ਓਦੋਂ ਉਹ ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਟੇਪ ਕੀਤੇ ਲੈਕਚਰਾਂ ਨੂੰ ਸ਼ਬਦੀ ਰੂਪ ਦੇ ਰਹੇ ਸਨ ਜਿਨ੍ਹਾ ਦੀਆਂ ਮਗਰੋਂ ਉਨ੍ਹਾਂ ਦੋ ਪੁਸਤਕਾਂ ਵੀ ਛਾਪੀਆਂ ।ਸ੍ਰਦਾਰ ਜਸਵੰਤ ਸਿੰਘ ਅਜੀਤ ਹੁਰਾਂ ਦੇ ਕੁਝ ਹੋਰ ਮਿੱਤਰਾਂ ਨਾਲ ਵੀ ਮੇਰੀ ਜਾਣ ਪਛਾਣ ਹੋ ਗਈ ਸੀ। ਉਨ੍ਹਾਂ ਮੈਨੂੰ ਸਿੰਘਾਪੁਰ ਦਾ ਬੋਟੈਨੀਕਲ ਗਾਰਡਨ, ਚਿੜੀਆ ਘਰ ਤੇ ਸੈਂਟੋਸਾ ਟਾਪੂ ਦਿਖਾਇਆ ਸੀ ਜਿੱਥੇ ਪਹਾੜੀ ਦੇ ਕਿਨਾਰੇ ਸੈਲਾਨੀਆਂ ਲਈ ਇਕ ਪਟਰੀ ਤੇ ਚਲਦੀ ਰੇਲ ਗੱਡੀ ਦੀ ਸਵਾਰੀ ਕੀਤੀ । ਇੱਥੇ ਇੱਕ ਵੱਡੀ ਸਾਰੀ ਤੋਪ ਵੀ ਰੱਖੀ ਹੋਈ ਸੀ ਜਿਹੜੀ ਕਦੇ ਚਲਾਈ ਨਹੀ ਸੀ ਗਈ । ਮਗਰੋਂ ਵੀ ਮੈਂ ਕਈ ਵਾਰ ਸਿੰਘਾਪੁਰ ਗਿਆ । ਗੁਰੂ ਨਾਨਕ ਸਤਿਸੰਗ ਸਭਾ ਦੇ ਗੁਰਦੁਆਰਾ ਸਾਹਿਬ ਵੱਲੋਂ ਲਗਾਏ ਕੈਂਪ ਵਿਚ ਮੈਂ ਇੱਕ ਰਿਟਾਇਰਡ ਹੈਡਮਾਸਟਰ ਸ੍ਰ: ਧਰਮ ਸਿੰਘ ਦੇ ਘਰ ਠਹਿਰਿਆਂ ਸਾਂ । ਜਿਨ੍ਹਾਂ ਮਗਰੋਂ ਚੰਡੀਗੜ੍ਹ ਆ ਕੇ ਇੱਕ ਘਰ ਬਣਵਾਇਆ ਜਿੱਥੇ ਮੈਂ ਉਨ੍ਹਾਂ ਨੂੰ ਮਿਲਣ ਵੀ ਗਿਆ ਸਾਂ ।




ਇੱਕ ਵਾਰ ਸਰਬ ਧਰਮ ਸਮੇਲਨ ਦੀ ਹਾਜ਼ਰੀ ਭਰਨ ਮੈਂ ਸਿੰਘਾਪੁਰ ਗਿਆ ਜਿੱਥੇ ਭਾਰਤ ਤੋਂ ਡਾ: ਦਲੀਪ ਸਿੰਘ ਦਰਦੀ ਵੀ ਆਏ ਹੋਏ ਸਨ । ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗ੍ਰੇਜ਼ੀ ਵਿਚ ਕੀਤਾ ਸੀ । ਇਸ ਸਮੇਲਨ ਵਿਚ ਸਿੰਘਾਪੁਰ ਦੇ ਇਕ ਨਾਮੀ ਸੱਜਣ ਸ੍ਰਦਾਰ ਮਿਹਰਬਾਨ ਸਿੰਘ ਜੀ ਦੇ ਦਰਸ਼ਨ ਵੀ ਹੋਏ। ਮਦਰ ਟਰੈਸਾ ਵੀ ਇਸ ਸਮੇਲਨ ਵਿਚ ਸ਼ਾਮਿਲ ਹੋਈ ਸੀ ਜਿਸ ਨਾਲ ਕੁਝ ਗੱਲਾਂ ਕਰਨ ਦਾ ਮੈਨੂੰ ਵੀ ਸੁਭਾਗ ਮਿਲਿਆ ਸੀ । ਇਥੇ ਇੱਕ ਹੋਟਲ ਵਿਚ ਮੇਰੇ ਨਾਲ ਇੱਕ ਤਾਮਿਲ ਵਿਦਵਾਨ ਸੱਜਣ ਠਹਿਰੇ ਹੋਏ ਸਨ ।

(ਸਿੰਘਾਪੁਰ ਦੇ ਸਰਬ ਧਰਮ ਸਮੇਲਨ ਸਿੰਘਾਪੁਰ ਵਿਚ)

ਮਗਰੋਂ ਵੀ ਮੈਂ ਕਈ ਵਾਰ ਸਿੰਘਾਪੁਰ ਗਿਆ । ਗੁਰੂ ਨਾਨਕ ਸਤਿਸੰਗ ਸਭਾ ਦੇ ਗੁਰਦੁਆਰਾ ਸਾਹਿਬ ਵੱਲੋਂ ਲਗਾਏ ਕੈਂਪ ਵਿਚ ਮੈਂ ਇੱਕ ਰਿਟਾਇਰਡ ਹੈਡਮਾਸਟਰ ਸ੍ਰ: ਧਰਮ ਸਿੰਘ ਦੇ ਘਰ ਠਹਿਰਿਆਂ ਸਾਂ । ਜਿਨ੍ਹਾਂ ਮਗਰੋਂ ਚੰਡੀਗੜ੍ਹ ਆ ਕੇ ਇੱਕ ਘਰ ਬਣਵਾਇਆ ਜਿੱਥੇ ਮੈਂ ਉਨ੍ਹਾਂ ਨੂੰ ਮਿਲਣ ਵੀ ਗਿਆ ਸਾਂ ।

ਸਮੇਲਨ ਪੂਰਾ ਹੋਣ ਤੇ ਮੈਂ ਫ਼ੇਰ ਸ੍ਰ: ਸਤਵੰਤ ਸਿੰਘ ਨਾਲ ਉਨ੍ਹਾਂ ਦੇ ਘਰ ਜਾ ਕੇ ਰਿਹਾ ਸਾਂ ਤੇ ਇਸ ਮੌਕੇ ਅਸੀਂ ਉਨ੍ਹਾਂ ਦੀ ਬਸਤੀ ਦੇ ਗੁਰਦੁਆਰੇ ਵਿੱਚ ਵਿਦਿਆਰਥੀਆਂ ਦਾ ਗੁਰਮਤਿ ਕੈਂਪ ਲਾਇਆ ਸੀ ।ਸ੍ਰਦਾਰ ਸਤਿਵੰਤ ਸਿੰਘ ਹੁਰਾਂ ਨਾਲ ਮੇਰੀ ਸਾਂਝ ਮਗਰੋਂ ਵੀ ਚਲਦੀ ਰਹੀ । ਉਹ ਆਪਣੀ ਇੱਕ ਦੇਸ ਫ਼ੇਰੀ ਸਮੇਂ ਆਪਣੀ ਪਤਨੀ ਸਮੇਤ ਮੇਰੇ ਪਾਸ ਧਨਬਾਦ ਵੀ ਆਏ ਸਨ ।ਉਨ੍ਹਾਂ ਨਾਲ ਚਿੱਠੀ ਪੱਤਰ ਦਾ ਸਿਲਸਿਲਾ ਕੁਝ ਸਾਲ ਮਗਰੋਂ ਤੱਕ ਚਲਦਾ ਰਿਹਾ ।



(ਗੁਰਦੁਆਰਾ ਸਾਹਿਬ ਸੰਬਾਵੰਙ ਸਿੰਘਾਪੁਰ ਵਿਖੇ ਗੁਰਮਤਿ ਕੈਂਪ ਵਿਚ ਸ਼ਾਮਿਲ ਸੰਗਤ ਤੇ ਵਿਦਿਆਰਥੀ)

ਸੰਨ 2003 ਵਿੱਚ ਜਦੋਂ ਮੈਂ ਮਲਾਕਾ ਸੁਸਾਇਟੀ ਦੇ ਸਾਲਾਨਾ ਸਮਾਗਮ ਤੇ ਗਿਆ ਤਾਂ ਉਨ੍ਹਾ ਦਾ ਸਪੁੱਤਰ ਪ੍ਰਵਾਰ ਸਮੇਤ ਮਲਾਕਾ ਸਮੇਲਨ ਵਿਚ ਮੈਨੂੰ ਮਿਲਿਆ ਸੀ ਜਿਸਨੇ ਦੱਸਿਆ ਕਿ ਬਿਰਧ ਅਵੱਸਥਾ ਹੋ ਜਾਣ ਕਾਰਨ ਅਜੀਤ ਸਿੰਘ ਜੀ ਹੁਣ ਬਾਹਰ ਆ ਜਾ ਨਹੀਂ ਸਕਦੇ। ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਸੀ ਪਰ ਸਿੰਘਾਪੁਰ ਦਾ ਵੀਜ਼ਾ ਨਾ ਹੋਣ ਕਾਰਨ ਉੱਥੇ ਨਾ ਜਾ ਸਕਿਆ

ਗੁਰਦੁਆਰਾ ਪ੍ਰਬਧੰਕਾਂ ਅਤੇ ਸੰਗਤਾਂ ਵੱਲੋਂ ਵਿਦਾਇਗੀ

।ਮਲੇਸ਼ੀਆ ਖਾਲਸਾ ਦੀਵਾਨ ਵੱਲੋਂ ਸੱਦੇ ਦੇ ਦੋ ਸਾਲ ਪੂਰੇ ਹੋਣ ਤੇ ਜੁਲਾਈ 1977 ਵਿਚ ਦੇਸ ਪਰਤਿਆ ।ਮੈਨੂੰ ਕਈ ਗੁਰਦੁਆਰਿਆਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ । ਦੀਵਾਨ ਵੱਲੋਂ ਈਪੋਹ ਦੇ ਰੇਲਵੇ ਸਟੇਸ਼ਨ ਦੇ ਨਾਲ ਇਕ ਹੋਟਲ ਵਿਚ ਵਿਦਾਈ ਸਮਾਗਮ ਕੀਤਾ ਗਿਆ ਜਿਸ ਵਿਚ ਦੀਵਾਨ ਦੇ ਮੈਂਬਰ ਅਤੇ ਸ਼ਹਿਰ ਦੇ ਕਈ ਪਤਵੰਤੇ ਗੁਰਸਿਖ ਸ਼ਾਮਿਲ ਹੋਏ ।





(ਖਾਲਸਾ ਦੀਵਾਨ ਈਪੋਹ ਵੱਲੋਂ ਦੀ ਵਿਦਾਇਗੀ



(ਵਿਦਾਇਗੀ ਪਾਰਟੀ ਵਿਚ ਈਪੋਹ ਖਾਲਸਾ ਦੀਵਾਨ ਦੇ ਪਬੰਧਕਾਂ ਤੇ ਪਤਵੰਤੇ ਸਜਣਾ ਨਾਲ)

ਤੰਜੌਂਙ ਰੰਬੂਤਨ ਦਾ ਕਸਬਾ ਈਪੋਹ ਤੋਂ ਕੁਝ ਮੀਲਾਂ ਦੀ ਦੂਰੀ ਤੇ ਸਥਿਤ ਹੈ । ਇਥੋਂ ਦੇ ਪ੍ਰਬੰਧਕਾਂ ਅਤੇ ਬੱਚਿਆਂ ਨਾਲ ਮੇਰਾ ਵਿਸ਼ੇਸ਼ ਸਨੇਹ ਬਣ ਗਿਆ ਸੀ । ਗੁਰਦੁਆਰਾ ਸਾਹਿਬ ਦੇ ਗ੍ਰੰਥੀ ਬਜ਼ੁਰਗ ਭਾਈ ਟਹਿਲ ਸਿੰਘ ਜੀ ਬੜੇ ਪਿਆਰੇ ਮਨੁੱਖ ਸਨ । ਉਨ੍ਹਾ ਦੇ ਬੱਚੇ ਵੀ ਮੇਰੇ ਨਾਲ ਬੜਾ ਸਨੇਹ ਕਰਦੇ ਸਨ ।ਮੇਰੇ ਮਲੇਸ਼ੀਆ ਦੇ ਦੋ ਸਾਲਾਂ ਦੌਰ੍ਹਾਨ ਇਥੇ ਲਗਾਤਾਰ ਹਫ਼ਤਾਵਾਰ ਗੁਰਮਤਿ ਕਲਾਸਾਂ ਚਲਦੀਆਂ ਰਹੀਂਆਂ ਸਨ ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਜਗਜੀਤ ਸਿਘ ਵੀ ਮੈਨੂੰ ਬੜਾ ਆਦਰ ਮਾਣ ਕਰਦੇ ਸਨ । ਉਹ ਇਸ ਕਸਬੇ ਦੇ ਨੇੜੇ ਇਕ ਪਹਾੜੀ ਤੇ ਬਣੇ ਵਾਟਰ ਟ੍ਰੀਟਮੈਂਟ ਰੇਜ਼ਰਵਾਇਰ ਦੇ ਇੰਚਾਰਜ ਸਨ ਜਿਥੋਂ ਪਾਣੀ ਸਾਫ਼ ਕਰਕੇ ਸਾਰੇ ਸ਼ਹਿਰ ਨੂੰ ਸਪਲਾਈ ਹੁੰਦਾ ਸੀ ਪੰਜਾਬੀ ਲੋਕ ਮਜ਼ਾਕ ਨਾਲ ਉਨ੍ਹਾ ਨੂੰ ਵਲੀ ਕੰਧਾਰੀ ਕਹਿੰਦੇ ਸਨ । ਇਤੋਂ ਦੀ ਸੰਗਤ ਤੇ ਕਮੇਟੀ ਨੇ ਮੈਨੂੰ ਬੜੀ ਸਨੇਹਮਈ ਦਿਾਇਗੀ ਦਿੱਤੀ । ਮਗਰੋਂ ਵੀ ਭਾਈ ਟਹਿਲ ਸਿੰਘ ਤੇ ਇਨ੍ਹਾ ਦੇ ਪ੍ਰਵਾਰ ਨਾਲ ਮੇਰਾ ਸੰਪਰਕ ਬਣਿਆ ਰਿਹਾ

ਮੇਰੀਆਂ ਹਫ਼ਤਾਵਾਰੀ ਗੁਰਮਤਿ ਕਲਾਸਾਂ ਵਾਲੀਆਂ ਸਾਰੀਆਂ ਹੀ ਗੁਰਦੁਆਰਾ ਕਮੇਟੀਆਂ ਵੱਲੋਂ ਮੈਨੂੰ ਵਿਦਾਇਗੀ ਪਾਰਟੀਆਂ ਦਿੱਤੀਆਂ ਗਈਆਂ । ਇਨ੍ਹਾਂ ਵਿਚ ਈਪੋਹ ਦੈ ਸਥਾਨਕ ਤੇ ਆਸ ਪਾਸ ਦੇ ਸਾਰੇ ਸ਼ਹਿਰਾਂ ਤੋਂ ਇਲਾਵਾਂ ਕੁਆਲਾਲੰਪੁਰ ਦੀ ਸੈਟਲ ਗੁਰਦੁਆਰਾ ਕਮੇਟੀ ਤੇ ਸੰਗਤ ਵੀ ਸ਼ਾਮਿਲ ਸੀ ।ਹੋਰ ਵੀ ਕਈ ਸੁਰਸਿੱਖ ਸੱਜਣਾ ਨੇ ਤੋਹਫ਼ੇ ਦੇਕੇ ਨਿਵਾਜਿਆ ।



(ਗੁਰਦੁਆਰਾ ਸਾਹਿਬ ਤੰਤੋਂਙ ਰੰਬੂਤਨ ਦੇ ਪ੍ਰਬੰਧਕਾਂ ਤੇ ਵਿਦਿਆਰਥੀਆਂ ਵੱਲੋਂ ਵਿਦਾਇਗੀ)



## ਦੇਸ ਮਲੇਸ਼ੀਆ

ਮਲੇਸ਼ੀਆ ਵਿਚ ਸਿੱਖਾਂ ਦਾ ਪਰਵਾਸ ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਸ਼ੁਰੂ ਹੋਇਆ ਜਦੋਂ ਅੰਗਰੇਜ਼ੀ ਸਰਕਾਰ ਨੇ ਟਿਨ ਮਾਈਨਿੰਗ ਦੀਆਂ ਜ਼ਮੀਨਾਂ ਪ੍ਰਾਪਤ ਕਰਨ ਲਈ ਚੀਨਿਆਂ ਵੱਲੋਂ ਕੀਤੇ ਲੜਾਈ ਝਗੜਿਆਂ ਨੂੰ ਰੋਕਣ ਲਈ ਮਲੇਅ ਸਟ੍ਰੇਟਸ ਗਾਈਡਜ਼ ਨਾਮ ਦੀ ਪੈਰਾ-ਮਿਲਟਰੀ ਫ਼ੋਰਸ ਦਾ ਸੰਗਠਨ ਕੀਤਾ ਤੇ ਇਸ ਵਿੱਚ ਪੰਜਾਬ ਤੋਂ ਸਿੱਖਾਂ ਨੂੰ ਭਰਤੀ ਕਰਕੇ ਲਿਆਂਦਾ । ਮਗਰੋਂ ਪਹਿਲਾਂ ਆਏ ਸਿੱਖਾਂ ਨੇ ਆਪਣੇ ਹੋਰ ਸਾਕ ਸਬੰਧੀ ਵੀ ਬੁਲਾਣੇ ਸ਼ੁਰੂ ਕਰ ਦਿੱਤੇ । ਪੰਜਾਬ ਵਿਚ ਰੋਜ਼ਗਾਰ ਦੇ ਸੀਮਤ ਸਾਧਨ ਹੋਣ ਕਾਰਨ ਪੰਜਾਬੀ ਹਮੇਸ਼ਾਂ ਹੀ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕਰਦੇ ਰਹੇ ਹਨ । ਓਦੋਂ ਪਾਸਪੋਰਟ ਤੇ ਵੀਜ਼ਾ ਦੀਆਂ ਸ਼ਰਤਾਂ ਵੀ ਨਹੀਂ ਸਨ । ਭਾਰਤ ਸਮੇਤ ਮਲੇਸ਼ੀਆ ਵੀ ਅੰਗ੍ਰੇਜ਼ਾਂ ਦੇ ਅਧੀਨ ਸੀ ।ਹੌਲੀ ਹੌਲੀ ਮਲੇਸ਼ੀਆ ਵਿਚ ਸਿੱਖ ਵੱਸੋਂ ਵਧਦੀ ਗਈ । ਚੀਨੇ ਤੇ ਤਾਮਿਲ ਪਹਿਲਾਂ ਤੋਂ ਹੀ ਉਥੇ ਆਬਾਦ ਸਨ । ਉਸ ਸਮੇਂ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਇੱਕ ਅੰਦਾਜ਼ੇ ਅਨੁਸਾਰ ਮਲੇਸ਼ੀਆ ਦੀ ਆਬਾਦੀ ਵਿਚ ਅੱਧੀ ਵੱਸੋਂ ਹੀ ਉਨ੍ਹਾਂ ਦੇ ਮੂਲ ਨਿਵਾਸੀਆਂ (ਭੂਮੀਪੁਤ੍ਰਾ) ਦੀ ਸੀ ਤੇ ਬਾਕੀ 40 ਫ਼ੀਸਦੀ ਚੀਨੇ ਤੇ ਦਸ ਫ਼ੀਸਦੀ ਭਾਰਤੀ ਸਨ ਜਿਨ੍ਹਾਂ ਵਿਚ ਬਹੁਗਿਣਤੀ ਤਾਮਿਲਾਂ ਦੀ ਸੀ ।

ਸਿੱਖ ਪਰਵਾਸੀਆਂ ਨੇ ਪੈਰਾਮਿਲਟਰੀ, ਪੁਲਿਸ ਤੇ ਕਲਈ ਦੀਆਂ ਖਾਣਾ ਵਿੱਚ ਕੰਮ ਕਰਨ ਦੇ ਨਾਲ ਨਾਲ ਜਿਹੜਾ ਵੀ ਕਿੱਤਾ ਹੱਥ ਲੱਗਾ ਅਪਨਾ ਲਿਆ । ਗੁਰੂ ਮਹਾਰਾਜ ਵੱਲੋਂ ਕਿਰਤ ਕਰਨ ਦੀ ਦਾਤ ਦੀ ਬਖ਼ਸ਼ਿਸ਼ ਕਰਕੇ ਸਿੱਖ ਕਿਸੇ ਵੀ ਕੰਮ ਕਰਨ ਤੋਂ ਨਹੀਂ ਝਿਜਕਦੇ । ਉਨ੍ਹਾਂ ਖੇਤੀ ਬਾੜੀ, ਗੱਡਿਆਂ ਵਿਚ ਢੋਆ ਢੁਆਈ, ਪਸ਼ੂ ਪਾਲਨ ਆਦਿਕ ਦੇ ਅਨੇਕਾਂ ਧੰਦੇ ਅਪਨਾ ਲਏ ਤੇ ਆਪਣੇ ਪੈਰ ਕਈ ਸ਼ਹਿਰਾਂ ਵਿਚ ਜਮਾ ਲਏ । ਜਿੱਥੇ ਜਿੱਥੇ ਵੀ ਸਿੱਖਾਂ ਦੀ ਵਸੋਂ ਹੁੰਦੀ ਗਈ ਨਾਲ ਨਾਲ ਗੁਰਦੁਆਰੇ ਵੀ ਉਸਾਰੇ ਜਾਂਦੇ ਰਹੇ । ਉਸ ਸਮੇਂ ਮਲੇਸ਼ੀਆ ਦੇ ਵਿਭਿੰਨ ਨਗਰਾਂ ਵਿਚ ਸੱਠ ਸੱਤਰ ਗੁਰਦੁਆਰੇ ਬਣੇ ਹੋਏ ਸਨ (ਅੱਜ ੨੦੨੧ ਵਿੱਚ ਮਲੇਸ਼ੀਆ ਵਿੱਚ ੧੧੮ ਗੁਰਦਵਾਰੇ ਹਨ)।ਪੰਜਾਬ ਤੋਂ ਰਾਗੀ ਜਥੇ ਤੇ ਪ੍ਰਚਾਰਕਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ ਤੇ ਦੇਸੋਂ ਕਈ ਗੁਰਬਾਣੀ ਦੇ ਪਾਠੀ ਤੇ ਕੀਰਤਨ ਜਾਣਨ ਵਾਲੇ ਸੱਜਣਾਂ ਨੇ ਗ੍ਰੰਥੀਆਂ ਦੀ ਸੇਵਾ ਵੀ ਸੰਭਾਲ ਲਈ ।ਸੰਤ ਸੋਹਨ ਸਿੰਘ ਮਲਾਕਾ ਵਾਂਗੂੰ ਕੁਝ ਸੰਤ ਮਹਾਪੁਰਸ਼ ਵੀ ਮਲੇਸ਼ੀਆ ਦੀਆਂ ਸੰਗਤਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ ਵਿਚ ਸਹਾਈ ਹੋਏ ।

ਸੰਨ 1957 ਵਿਚ ਮਲੇਸ਼ੀਆ ਨੂੰ ਆਜ਼ਾਦੀ ਮਿਲਣ ਉਪ੍ਰੰਤ ਇੱਥੋਂ ਦੀਆਂ ਇਸਲਾਮਿਕ ਸਰਕਾਰਾਂ ਨੇ ਮੁਸਲਮਾਨ ਵੱਸੋਂ ਦੀ ਵਧੇਰੇ ਸਰਪ੍ਰਸਤੀ ਤੇ ਪੈਰਵੀ ਕਰਨੀ ਸ਼ੁਰੂ ਕੀਤੀ ।ਦੂਜੇ ਦੇਸ਼ਾਂ ਤੋਂ ਪ੍ਰਵਾਸ ਨੂੰ ਠੱਲ ਪਾਈ ਤੇ ਹੁਣ ਕੋਈ ਪ੍ਰਵਾਸੀ ਮਲੇਸ਼ੀਆ ਦਾ ਸ਼ਹਿਰੀ ਨਹੀਂ ਬਣ ਸਕਦਾ । ਇੱਥੋਂ ਤੱਕ ਕਿ ਜਿਹੜੇ ਸਿੱਖ ਇਸਤ੍ਰੀ ਪੁਰਸ਼ ਦੇਸੋਂ ਵਿਆਹ ਕਰਕੇ ਆਉਂਦੇ ਹਨ ਉਨ੍ਹਾਂ ਦੇ ਜੀਵਨ ਸਾਥੀਆਂ ਨੂੰ ਵੀ ਹਰ ਸਾਲ ਆਪਣੇ ਵੀਜ਼ੇ ਦਾ ਨਵੀਨੀਕਰਨ ਕਰਵਾਉਣਾ ਪੈਂਦਾ ਹੈ ।ਉਂਞ ਮਲੇਸ਼ੀਅਨ ਮੁਸਲਮਾਨ ਮੱਧ-ਪੂਰਬ ਦੇ ਦੇਸ਼ਾਂ ਦੀ ਇਸਲਾਮਿਕ ਵਸੋਂ ਨਾਲੋ ਵਧੇਰੇ ਸ਼ਹਿਨਸ਼ੀਲ ਹਨ।ਇਸਦਾ ਕਾਰਨ ਸ਼ਾਇਦ ਇਨ੍ਹਾਂ ਦੇ ਹਿੰਦੂ ਤੇ ਬੋਧੀ ਪਿਛੋਕੜ ਕਰਕੇ ਹੈ ।ਪੰਦਰ੍ਹਵੀਂ ਸਦੀ ਤੱਕ ਦੱਖਣੀ ਪੱਛਮੀ ਏਸ਼ੀਆ ਦੇ ਇਹ ਦੇਸ਼ ਹਿੰਦੂ ਤੇ ਬੋਧੀ ਵੱਸੋਂ ਵਾਲੇ ਸਨ।ਅਰਬੀ ਵਪਾਰੀਆਂ ਦੇ ਪ੍ਰਭਾਵ ਅਤੇ ਪ੍ਰਚਾਰ ਨਾਲ ਇਨ੍ਹਾਂ ਇਸਲਾਮ ਧਰਮ ਗ੍ਰਹਿਣ ਕੀਤਾ । ਇਥੋਂ ਦੀ ਬੋਲੀ ਮਲੇਅ ਵਿਚ ਕਈ ਸ਼ਬਦ ਸੰਸਕ੍ਰਿਤ ਦੇ ਅਜੇ ਵੀ ਵਰਤੇ ਜਾਂਦੇ ਹਨ । ਅਧਿਆਪਕ ਨੂੰ ਇਹ ਗੁਰੂ ਕਹਿੰਦੇ ਹਨ । ਕਈ ਸ਼ਹਿਰਾਂ ਦੇ ਨਾਮ ਵੀ ਹਿੰਦੂ ਪਿਛੋਕੜ ਵਾਲੇ ਹਨ ਇਥੇ ਗਰਦੁਆਰਿਆਂ ਦੇ ਨਾਲ ਕਈ ਤਾਮਿਲਾਂ ਤੇ ਚੀਨੀਆਂ ਦੇ ਮੰਦਰ ਵੀ ਹਨ ਜਿੱਥੇ ਉਹ ਆਪਣੀ ਪੂਜਾ ਪਾਠ ਸੁਤੰਤਰਤਾ ਨਾਲ ਕਰ ਰਹੇ ਹਨ ।

ਮੁਸਲਮਾਨ ਆਪਣੇ ਰਹਿਣ ਸਹਿਣ ਅਤੇ ਵਰਤੋਂ ਵਿਹਾਰ ਵਿਚ ਆਪਣੇ ਧਰਮ ਅਤੇ ਅਕੀਦੇ ਵਿਚ ਬੜੇ ਪਾਬੰਦ ਹਨ । ਦੇਸ ਦੇ ਹਰੇਕ ਸ਼ਹਿਰ ਵਿਚ ਬੜੀਆਂ ਸ਼ਾਨਦਾਰ ਮਸੀਤਾਂ ਹਨ । ਇਸਲਾਮ ਦੇ ਪ੍ਰਚਾਰਕਾਂ ਦੇ ਬਾਕਾਇਦਾ ਸਰਕਾਰੀ ਸਕੂਲ ਹਨ । ਮਸੀਤਾਂ ਵਿਚ ਕਾਰਜਰਤ ਕਾਜ਼ੀਆਂ ਤੇ ਮੁੱਲਾਂ ਮੁਫ਼ਤੀਆਂ ਨੂੰ ਸਰਕਾਰ ਤਨਖਾਹਾਂ ਦੇਂਦੀ ਹੈ ।ਧਾਰਮਕ ਰਸਮਾਂ ਸੰਜੀਦਗੀ ਨਾਲ

ਨਿਭਾਈਆਂ ਜਾਂਦੀਆਂ ਹਨ । ਰੋਜ਼ਿਆ ਵੇਲੇ ਸਕੂਲਾਂ ਕਾਲਜਾਂ ਦੀਆਂ ਕੰਟੀਨਾਂ ਵੀ ਬੰਦ ਰਹਿੰਦੀਆਂ ਹਨ । ਯੂਨੀਵਰਸਿਟੀਆਂ ਵਿਚ ਵੀ ਇਸਲਾਮੀ ਦੀਨੀਅਤ ਦੀ ਪੜ੍ਹਾਈ ਕਰਵਾਈ ਜਾਂਦੀ ਹੈ ।ਮੁਸਲਮਾਨ ਕੁੜੀਆਂ ਤੇ ਤੀਵੀਆਂ ਹੋਟਲਾਂ ਦੁਕਾਨਾਂ ਤੋਂ ਲੈ ਕੇ ਦਫ਼ਤਰਾਂ ਤਕ ਹਰੇਕ ਕੰਮ ਵਿਚ ਸ਼ਾਮਿਲ ਹਨ ਪ੍ਰੰਤੂ ਸਭਨਾਂ ਨੇ ਆਪਣਾ ਪੂਰਾ ਸਿਰ ਮੋਢਿਆਂ ਤੱਕ ਲਟਕਦੇ ਸਕਾਰਫ਼ ਨਾਲ ਢੱਕਿਆ ਹੁੰਦਾ ਹੈ ।

ਅਜਿਹੇ ਧਾਰਮਕ ਪਿਛੋਕੜ ਕਰਕੇ ਹੀ ਸ਼ਾਇਦ ਮਲੇਸ਼ੀਅਨ ਸਿੱਖਾਂ ਦੀ ਬਹੁਗਿਣਤੀ ਵੀ ਸਿੱਖੀ ਸਰੂਪ ਵਾਲੀ ਹੈ ।ਲਗਭਗ ਇੱਕ ਸਦੀ ਪੂਰਵ ਦੇ ਪ੍ਰਵਾਸ ਤੇ ਇੰਮੀਗ੍ਰੇਸ਼ਨ ਦੀ ਪਾਬੰਦੀ ਕਾਰਨ ਇੱਥੇ ਉਸ ਸਮੇਂ ਦੀ ਪੰਜਾਬ ਦੀ ਸਿੱਖ ਸੰਸਕ੍ਰਿਤੀ ਦੀਆ ਝਲਕਾਂ ਵੀ ਪੈਂਦੀਆਂ ਹਨ । ਇਨ੍ਹਾ ਦੀ ਬੋਲੀ ਵਿਚ ਝੱਗਾ, ਡਿੱਗੀ, ਬੱਤਾ, ਮਤੋਕਾ ਆਦਿ ਪੁਰਾਣੇ ਸ਼ਬਦ ਹੁਣ ਵੀ ਵਰਤੇ ਜਾਂਦੇ ਹਨ। ਕਈ ਵਹਿਮ ਭਰਮ ਜਾਦੂ ਟੋਣੇ ਤੇ ਭੂਤਾਂ ਪ੍ਰੇਤਾਂ ਦੇ ਵਿਸ਼ਵਾਸ ਵੀ ਕੀਤੇ ਜਾਂਦੇ ਹਨ ।

ਕਈ ਸੱਚੇ ਸੁੱਚੇ ਗੁਰਸਿੱਖ ਸੰਤਾਂ ਮਹਾਪੁਰਸ਼ਾਂ ਦੇ ਪ੍ਰਭਾਵ ਦੀ ਸੰਦਲੀ ਪੌਣ ਵਿਚ ਕਈ ਪਾਖੰਡੀ ਬਾਬਿਆਂ ਨੇ ਵੀ ਆਪਣੀ ਗਰਦ ਫ਼ੈਲਾਈ ਹੋਈ ਹੈ । ਇਕ ਸੰਤ ਅਖਵਾਉਂਦੇ ਬਾਬੇ ਨੇ ਇਕ ਸ਼ਹਿਰ ਵਿਚ ਅਖੌਤੀ ਸ਼ਹੀਦਾਂ ਦੇ ਦੇਹੁਰੇ ਬਣਾ ਰੱਖੇ ਹਨ ਅਤੇ ਆਪਣੇ ਸ਼ਰਧਾਲੂਆਂ ਪਾਸੋਂ ਉਨ੍ਹਾਂ ਦੀ ਪੂਜਾ ਕਰਵਾਉਂਦਾ ਹੈ । ਇਕ ਅਖੌਤੀ ਸੰਤ ਜੀ ਮਹਾਰਾਜ ਨੇ ਆਪਣੀ ਮਧੁਰ ਆਵਾਜ਼ ਦੇ ਅੰਮ੍ਰਿਤ ਵੇਲੇ ਦੇ ਕੀਰਤਨ ਤੇ ਭੇਟਾ ਤੋਂ ਇਨਕਾਰੀ ਹੋਣ ਕਰਕੇ ਆਪਣੀ ਵਡਿਆਈ ਦਾ ਢੋਲ ਕਾਫ਼ੀ ਸਮਾਂ ਵਜਾਈ ਰੱਖਿਆ। ਉਨ੍ਹਾਂ ਨੂੰ ਕੁਝ ਅਮੀਰ ਚੇਲੇ ਆਪਣੇ ਵੱਲੋਂ ਚੰਗੀ ਭੇਟਾ ਦੇ ਕੇ ਸੱਦ ਲੈਂਦੇ ਸਨ ਤੇ ਉਨ੍ਹਾਂ ਨਾਲ ਆਪ ਵੀ ਸੋਭਾ ਖੱਟਦੇ ਸਨ । ਮਗਰੋਂ ਇੱਕ ਗ੍ਰੰਥੀ ਦੀ ਲੜਕੀ ਨਾਲ ਨਾਜਾਇਜ਼ ਸਬੰਧ ਹੋਣ ਕਾਰਨ ਇਸ ਬਾਬੇ ਦੀ ਪੋਲ ਖੁਲ੍ਹ ਗਈ ਤੇ ਉਨ੍ਹਾਂ ਨੂੰ ਬੁਲਾਉਣ ਵਾਲਿਆਂ ਨੇ ਉਨ੍ਹਾਂ ਪਾਸੋਂ ਕਰਤੂਤਾਂ ਦੇ ਕਰਤਬ ਉਗਲਵਾ ਲਏ ਤੇ ਉਨ੍ਹਾਂ ਤੋਂ ਲਿਆ ਮੁਆਫ਼ੀਨਾਮਾ ਅਖਬਾਰਾਂ ਵਿੱਚ ਹੂਬਹੂ ਛਪਵਾ ਦਿੱਤਾ ।ਇਸ ਨਾਲ ਸਰਕਾਰ ਵੱਲੋਂ ਉਨ੍ਹਾਂ ਦੀ ਮਲੇਸ਼ੀਆ ਫ਼ੇਰੀ ਤੇ ਪਾਬੰਦੀ ਲਗਾ ਦਿੱਤੀ ਗਈ । ਪ੍ਰੰਤੂ ਸੰਨ 2003 ਵਿੱਚ ਆਪਣੀ ਮਲੇਸ਼ੀਆ ਫ਼ੇਰੀ ਦੌਰਾਨ ਮੈਂ ਫ਼ਿਰ ਉਥੇ ਇਸ ਬਾਬੇ ਦੀ ਜੈਜੈਕਾਰ ਸੁਣੀ । ਉਸ ਦੇ ਡੰਗੇ ਇਕ ਸੱਜਣ ਨੇ ਮੇਰੇ ਪਾਸ ਉਸ ਦੀਆਂ ਕਰਤੂਤੀ ਚਾਲਾਂ ਵੀ ਸੁਣਾਈਆਂ ।

ਨੀਲ ਧਾਰੀ ਬਾਬੇ ਦਾ ਵੀ ਖਾਸ ਕਰਕੇ ਸਿੰਘਾਪੁਰ ਦੀਆਂ ਸੰਗਤਾਂ ਤੇ ਕਾਫ਼ੀ ਪ੍ਰਭਾਵ ਸੀ । ਇਨ੍ਹਾਂ ਦੇ ਚੇਲੇ ਪੰਜ ਕਕਾਰਾਂ ਦੀ ਥਾਂ ਆਪਣੇ ਸਿਰ ਤੇ ਨੀਲਾ ਪਟਕਾ ਤੇ ਕਮਰ ਦੁਆਲੇ ਨੀਲਾ ਪਰਨਾ ਬੰਨ੍ਹਦੇ ਹਨ। ਆਪਣੇ ਬੈਠਣ ਦਾ ਆਸਣ ਵੀ ਨਾਲ ਹੀ ਚੁੱਕੀ ਫ਼ਿਰਦੇ ਹਨ । ਸੁਣਿਆ ਸੀ ਕਿ ਸਿੰਘਾਪੁਰ ਦੇ ਕਿਸੇ ਧਨਾਢ ਸ਼ਰਧਾਲੂ ਨੇ ਇਨ੍ਹਾਂ ਦੇ ਕਹਿਣ ਤੇ ਆਪਣੇ ਮ੍ਰਿਤਕ ਲੜਕੇ ਦਾ ਸਸਕਾਰ ਕਈ ਦਿਨ ਰੋਕੀ ਰੱਖਿਆ ਕਿਉਂਕਿ ਨੀਲਧਾਰੀ ਬਾਬੇ ਨੇ ਉਸਦੇ ਦੁਬਾਰਾ ਜ਼ਿੰਦਾ ਹੋਣ ਦਾ ਭਰੋਸਾ ਦਿੱਤਾ ਸੀ । ਮਗਰੋਂ ਇਸ ਬਾਬੇ ਦੇ ਚੜ੍ਹਾਈ ਕਰ ਜਾਣ ਤੇ ਉਸਦੇ ਸ਼ਰਧਾਲੂਆਂ ਨੇ ਉਸਦੀ ਮ੍ਰਿਤਕ ਦੇਹ ਕਈ ਦਿਨ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੇ ਕਮਰੇ ਵਿਚ ਰੱਖੀ ਰਖੀ । ਸ਼੍ਰੋਮਣੀ ਕਮੇਟੀ ਦੇ ਦਖਲ ਦੇਣ ਨਾਲ ਇਸਨੂੰ ਹਟਾਇਆ ਗਿਆ । ਨੀਲਧਾਰੀਆਂ ਦੇ ਕੁਝ ਗੁਰਦੁਆਰੇ ਪੰਜਾਬ ਵਿੱਚ ਹਨ ਜਿੱਥੇ ਇਨ੍ਹਾਂ ਨੇ ਆਪਣੇ ਉਸ ਗੁਰੂ ਦੀ ਵਡਿਆਈ ਸੱਚੇ ਪਾਤਸ਼ਾਹ ਵੱਜੋਂ ਦੀਵਾਰਾਂ ਤੇ ਲਿਖੀ ਹੋਈ ਹੈ ।ਦਸਮ ਗ੍ਰੰਥ ਦੀ ਬਾਣੀ ਦੀਆਂ ਕੁਝ ਤੁਕਾਂ ਇਸਦੀ ਪੁਸ਼ਟੀ ਵੱਜੋਂ ਗੁਰਦੁਆਰੇ ਦੀਆ ਦੀਵਾਰਾਂ ਤੇ ਛਪੀਆਂ ਹੋਈਆਂ ਹਨ ।ਗੁਰਮਤਿ ਦੀ ਵਿਚਾਰਧਾਰਾ ਦਾ ਨਿਰੋਲ ਸੱਚਾ, ਸਦੀਵੀ, ਨਿਰਵਿਵਾਦ, ਅਧਿਆਤਕ ਅਤੇ ਸਦਾਚਾਰਕ ਰਹਿਣੀ ਵਾਲਾ ਜੀਵਨ ਹੈ । ਜਿਸ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਤਾ ਨੂੰ ਅਜਿਹੇ ਕਲਿਆਣਕਾਰੀ ਜੀਵਨ ਦੀ ਸਿੱਖਿਆ ਦੇ ਰਹੀ ਹੈ, ਉਸੇ ਗੁਰੂ ਨੂੰ ਮੱਥਾ ਟੇਕਣ ਵਾਲੇ ਇਨ੍ਹਾਂ ਪਾਖੰਡੀ ਬਾਬਿਆਂ ਦੇ ਸ਼ਰਧਾਲੂ ਬਣੇ ਹੋਏ ਹਨ । ਅਜਿਹੇ ਲੋਕ ਮਾਇਆ ਦੀ ਚੱਕਚੌਂਦ ਵਿਚ ਅੰਨ੍ਹੇ ਹੋ ਕੇ ਆਪਣਾ ਤੇ ਕੁਝ ਹੋਰ ਅੰਧ ਵਿਸ਼ਵਾਸੀ ਸਿੱਖ ਕਹਿਲਾਉਣ ਵਾਲੇ ਲੋਕਾਂ ਦਾ ਬੇੜਾ ਗਰਕ ਕਰ ਕਹੇ ਹਨ ।

## ਮਲੇਸ਼ੀਆ ਦੀ ਦੂਜੀ ਫ਼ੇਰੀ

ਸੰਨ 1984 ਵਿਚ ਮੈਨੂੰ ਸੰਤ ਸੋਹਨ ਸਿੰਘ ਮਲਾਕਾ ਯਾਦਗਾਰ ਸੋਸਾਇਟੀ ਨੇ ਗੁਰਮਤਿ ਪ੍ਰਚਾਰ ਲਈ ਸੱਦਿਆ । ਉਸ ਸਮੇਂ ਸੁਸਾਇਟੀ ਦੇ ਕਾਰਜਕਾਰੀ ਪ੍ਰਮੁੱਖ ਪ੍ਰਬੰਧਕ ਸ੍ਰ: ਜਸਵੰਤ ਸਿੰਘ ਖੋਸਾ ਸਨ ਜਿਨ੍ਹਾਂ ਨੂੰ ਮੈਂ ਆਪਣੀ ਪਿਛਲੀ ਫ਼ੇਰੀ ਤੋਂ ਜਾਣਦਾ ਸਾਂ । ਉਹ ਗੁਰਮਤਿ ਪ੍ਰਚਾਰ ਲਈ ਕਾਫ਼ੀ ਉਤਸ਼ਾਹਿਤ ਸਨ । ਉਨ੍ਹਾਂ ਦੀ ਇੱਕ ਬੇਟੀ ਤੇ ਚਾਰ ਸਪੁੱਤਰ ਸਨ ।ਉਹ ਸਾਰੇ ਹੀ ਸੁਹਣੇ ਕੇਸਾਧਾਰੀ ਨੌਜਵਾਨ ਸਨ । ਸ੍ਰ: ਜਸਵੰਤ ਸਿੰਘ ਦੇ ਸਹਿਯੋਗ ਨਾਲ ਅਸੀਂ ਉਨ੍ਹਾਂ ਦੇ ਸ਼ਹਿਰ ਮੁਆਰ ਅਤੇ ਮਲਾਕਾ ਵਿੱਚ ਵੀ ਵਿਦਿਆਥੀਆਂ ਦੇ ਗੁਰਮਤਿ ਕੈਂਪ ਲਗਾਏ ਸਨ ।ਇਸ ਦੌਰਾਨ ਮੈਂ ਦੋ ਮਹੀਨੇ ਉੱਥੇ ਸੁਸਾਇਟੀ ਦੇ ਵਿਦਿਆਲੇ ਵਿਚ ਠਹਿਰਿਆ । ਸੁਸਾਇਟੀ ਨੇ ਦੋ ਨੌਜਵਾਨ ਰਾਗੀ ਵੀ ਰੱਖੇ ਹੋਏ ਸਨ ।ਇਨ੍ਹਾਂ ਵਿਚੋਂ ਇੱਕ ਭਾਈ ਹਰਚਰਨ ਸਿੰਘ ਨਾਲ ਮੇਰਾ ਪਿੱਛੋਂ ਵੀ ਸੰਬੰਧ ਜੁੜਿਆ ਰਿਹਾ । ਮਗਰੋਂ ਉਹ ਗੁਰਦੁਆਰਾ ਸਾਹਿਬ ਮਲਾਕਾ ਵਿਚ ਕੀਰਤਨ ਦੀ ਸੇਵਾ ਤੇ ਨਿਯੁਕਤ ਹੋ ਗਏ । ਉਨ੍ਹਾਂ ਵਿਚੋਂ ਇੱਕ ਗੱਡੀ ਦਾ ਡਰਾਈਵਰ ਵੀ ਸੀ। ਉਨ੍ਹਾਂ ਨਾਲ ਮੈਂ ਮਲੇਸ਼ੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਪ੍ਰਚਾਰ ਲਈ ਗਿਆ। ਈਪੋਹ ਜਾਣ ਦਾ ਵੀ ਫ਼ਿਰ ਅਵਸਰ ਮਿਲਿਆ ।

ਇਕ ਵਾਰ ਅਸੀਂ ਮਲੇਸ਼ੀਆ ਦੇ ਧੁਰ ਉੱਤਰੀ ਸ਼ਹਿਰ ਅਲੋਰ ਸਟਾਰ ਗਏ । ਗੁਰਦੁਆਰਾ ਸਾਹਿਬ ਵਿਚ ਕੀਰਤਨ ਪ੍ਰਚਾਰ ਮਗਰੋਂ ਇਕ ਕੇਸਾਧਾਰੀ ਗੁਰਸਿੱਖ ਪ੍ਰੋ:ਮਨਜੀਤ ਸਿੰਘ ਸਾਨੂੰ ਆਪਣੇ ਘਰ ਖਾਣੇ ਲਈ ਲੈ ਗਿਆ । ਸਾਡੇ ਤਿੰਨਾਂ ਨਾਲ ਦੋ ਗੁਰਦੁਆਰੇ ਠਹਿਰੇ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਸਨ। ਖਾਣੇ ਮਗਰੋਂ ਪ੍ਰੋ: ਮਨਜੀਤ ਸਿੰਘ ਨੇ ਦੱਸਿਆ ਕਿ ਉਸਦੀਆਂ ਤਿੰਨ ਬੇਟੀਆਂ ਹਨ ਪਰ ਬੇਟਾ ਕੋਈ ਨਹੀਂ।ਉਹ ਦੋਵੇਂ ਪਤੀ ਪਤਨੀ ਬੇਟੇ ਦੀ ਬੜੀ ਪ੍ਰਬਲ ਇੱਛਾ ਰੱਖਦੇ ਹਨ।ਬੜੀ ਅਧੀਨਗੀ ਨਾਲ ਉਸਨੇ ਸਾਨੂੰ ਕਿਹਾ ਕਿ ਮੈਂ ਤੁਹਾਨੂੰ ਪੰਜ ਪਿਆਰਿਆਂ ਦੇ ਰੂਪ ਵਿਚ ਸਮਝਦਾ ਹਾਂ । ਕਿਰਪਾ ਕਰਕੇ ਅਰਦਾਸ ਕਰੋ ਕਿ ਅਸਾਡੇ ਘਰ ਵਾਹਿਗੁਰੂ ਬੇਟੇ ਦੀ ਦਾਤ ਬਖ਼ਸ਼ੇ ।ਭਾਂਵੇਂ ਮੈ ਅਜਿਹੀ ਅਰਦਾਸ ਲਈ ਆਪਣੇ ਆਪ ਨੂੰ ਯੋਗ ਨਹੀਂ ਸਮਝਦਾ ਸਾਂ ਪ੍ਰੰਤੂ ਉਨ੍ਹਾਂ ਦੀ ਬੇਨਤੀ ਤੋਂ ਵੀ ਇਨਕਾਰ ਨਾ ਕਰ ਸਕਿਆ ।

ਦੋ ਮਹੀਨੇ ਦਾ ਦੌਰਾ ਸਮਾਪਤ ਹੋਣ ਬਾਅਦ ਮੈਂ ਵਾਪਸ ਧਨਬਾਦ ਪਰਤ ਆਇਆ ।ਦਸ ਕੁ ਮਹੀਨੇ ਬਾਦ ਮੈਨੂੰ ਪ੍ਰੋ: ਮਨਜੀਤ ਸਿੰਘ ਦਾ ਇਕ ਮਨੀਆਰਡਰ ਤੇ ਚਿੱਠੀ ਮਿਲੀ ਜਿਸ ਵਿਚ ਉਸਨੇ ਬੇਟੇ ਦੇ ਜਨਮ ਦੀ ਖ਼ੁਸ਼ਖ਼ਬਰੀ ਲਿਖੀ ਤੇ ਮੇਰਾ ਧੰਨਵਾਦ ਕੀਤਾ।ਉਸਦੀ ਮੁਰਾਦ ਵਾਹਿਗੁਰੂ ਨੇ ਪੂਰੀ ਕੀਤੀ ਸੀ।ਮਗਰੋਂ ਪ੍ਰੋ: ਮਨਜੀਤ ਸਿੰਘ ਨਾਲ ਮੇਰਾ ਚਿੱਠੀ ਪੱਤਰ ਕਈ ਸਾਲ ਚਲਦਾ ਰਿਹਾ ।ਉਹ ਪਹਿਲਾਂ ਅਫ਼ਰੀਕਾ ਦੀ ਕਿਸੇ ਯੂਨੀਵਰਸਿਟੀ ਵਿੱਚ ਕਾਰਜਰਤ ਸਨ । ਉਨ੍ਹਾਂ ਨੇ ਅਫ਼ਰੀਕਾ ਵਿਚ ਸਿੱਖ ਪ੍ਰਵਾਸ ਬਾਰੇ ਖੋਜ ਪੱਤਰ ਵੀ ਲਿਖਿਆ ਸੀ ।ਮਲੇਸ਼ੀਆ ਤੇ ਥਾਈਲੈਂਡ ਦੇ ਸਿੱਖ ਪ੍ਰਵਾਸੀਆਂ ਬਾਰੇ ਵੀ ਉਨ੍ਹਾਂ ਅੰਗ੍ਰੇਜ਼ੀ ਵਿਚ ਦੋ ਪੁਸਤਕਾਂ ਲਿਖੀਆਂ । ਜਿਨ੍ਹਾਂ ਦਾ ਪੰਜਾਬੀ ਅਨੁਵਾਦ ਕਰਨ ਲਈ ਮੈਨੂੰ ਕਿਹਾ । ਇਨ੍ਹਾਂ ਵਿਚੋਂ ਮਲੇਸ਼ੀਆ ਦੇ ਸਿੱਖ ਪ੍ਰਵਾਸ ਵਾਲੀ ਮੇਰੀ ਪੰਜਾਬੀ ਅਨੁਵਾਦਿਤ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਸੀ ।

ਕੈਨੇਡਾ ਤੋਂ ਸੰਨ 2003 ਵਿਚ ਆਪਣੀ ਮਲੇਸ਼ੀਆ ਦੀ ਫ਼ੇਰੀ ਵਿਚ ਮੈਨੂੰ ਪ੍ਰੋ: ਮਨਜੀਤ ਸਿੰਘ ਆਪਣੇ ਸ਼ਹਿਰ ਦੇ ਨੇੜੇ ਦੇ ਸ਼ਹਿਰ ਅਲੋਰ ਸਟਾਰ ਮਿਲੇ ਜਿੱਥੇ ਮੈਂ ਪ੍ਰਚਾਰ ਲਈ ਗਿਆ ਸਾਂ ।ਉਸ ਸਮੇਂ ਉਨ੍ਹਾਂ ਦੀ ਹਾਲਤ ਦੇਖ ਕੇ ਮੈ ਹੈਰਾਨ ਰਹਿ ਗਿਆ ।ਬੇਪ੍ਰਵਾਹੀ ਨਾਲ ਪਾਏ ਕੱਪੜਿਆਂ ਤੇ ਬੱਧੀ ਦਸਤਾਰ ਵਿੱਚ ਉਨ੍ਹਾਂ ਦਾ ਚਿਹਰਾ ਮੁਰਝਾਇਆ ਹੋਇਆ ਸੀ । ਉਨ੍ਹਾਂ ਭਰੇ ਹੋਏ ਨੇਤਰਾਂ ਨਾਲ ਮੈਨੂੰ ਦੱਸਿਆ ਕਿ ਉਨ੍ਹਾਂ ਦੀ ਪਤਨੀ ਤੇ ਬੱਚੇ ਉਨ੍ਹਾਂ ਨੂੰ ਛੱਡ ਕੇ ਕਿਸੇ ਦੂਜੇ ਸ਼ਹਿਰ ਚਲੇ ਗਏ ਹਨ ਤੇ ਉਹ ਇਕੱਲੇ ਹੀ ਇਕ ਵੀਰਾਨ ਜਿਹੇ ਘਰ ਵਿਚ ਰਹਿ ਰਹੇ ਸਨ ਜਿਨ੍ਹਾ ਪਾਸ ਮੈਂ ਇੱਕ ਰਾਤ ਲਈ ਠਹਿਰਿਆ ਸਾਂ ।ਉਸ ਵੇਲੇ ਮੇਰੇ ਮਨ ਵਿਚ ਖ਼ਿਆਲਾਂ ਦੀ ਹਲਚਲ ਮੱਚੀ ਹੋਈ ਸੀ ।ਮੰਗ ਮੰਗ, ਪਾਲ ਪਲੋਸ ਕੇ ਜਿਸ ਔਲਾਦ ਲਈ ਅਸੀਂ ਆਪਣੀ ਜ਼ਿੰਦਗੀ ਨਾਲ ਜਦੋ-ਜਹਿਦ ਕਰਦੇ ਰਹਿੰਦੇ ਹਾਂ ਅਖ਼ੀਰ ਉਹ ਸਾਡੇ ਨਾਲ ਕਿਸ ਤਰ੍ਹਾਂ ਨਿਭਦੇ ਹਨ ।ਗੁਰਬਾਣੀ ਦਾ ਪਾਵਨ ਵਾਕ ਮੇਰੇ ਹਿਰਦੇ ਵਿਚ ਗੂੰਜਣ ਲੱਗਾ:-

ਕਾ ਕੋ ਮਾਤ ਪਿਤਾ ਸੁਤ ਧੀਆ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥

ਜੂਨ 1984 ਦਾ ਸਾਕਾ ਨੀਲਾ ਤਾਰਾ ਮੇਰੀ ਇਸ ਮਲੇਸ਼ੀਆ ਫ਼ੇਰੀ ਦੌਰਾਨ ਹੀ ਵਾਪਰਿਆ । ਮੈਂ ਸੰਤ ਭਿੰਡਰਾਂ ਵਾਲਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮੁਆਰ ਵਿਖੇ ਸ: ਜਸਵੰਤ ਸਿੰਘ ਖੋਸਾ ਦੇ ਘਰ ਟੀਵੀ ਤੇ ਸੁਣੀ ਸੀ । ਸਿੱਖ ਸੰਗਤਾਂ ਵਿਚ ਭਾਰਤੀ ਫ਼ੌਜ ਦੇ ਦਰਬਾਰ ਸਾਹਿਬ ਤੇ ਹਮਲੇ ਵਿਰੁੱਧ ਬੜਾ ਰੋਸ ਸੀ ।ਥਾਂ–ਥਾਂ ਗੁਰਦੁਆਰਿਆ ਦੇ ਦੀਵਾਨਾਂ ਵਿਚ ਇਸਦੇ ਖ਼ਿਲਾਫ਼ ਬੜੇ ਜੋਸ਼ੀਲੇ ਲੈਕਚਰ ਦਿੱਤੇ ਜਾ ਰਹੇ ਸਨ ।ਕੁਆਲਾ ਲੁੰਪੁਰ ਦੇ ਤੱਤ ਖਾਲਸਾ ਗੁਰਦੁਆਰਾ ਸਾਹਿਬ ਵਿਖੇ ਇਸ ਘਟਨਾ ਸਬੰਧੀ ਇਕ ਵੱਡਾ ਇਕੱਠ ਕੀਤਾ ਗਿਆ ਜਿਸ ਵਿੱਚ ਸਿੱਖ ਸੰਗਤਾ ਤੇ ਬੁਲਾਰੇ ਬੜੇ ਰੋਸ ਤੇ ਜੋਸ਼ ਵਿਚ ਬੋਲ ਰਹੇ ਸਨ । ਕਈ ਨੇਤਾ ਤਰ੍ਹਾਂ ਦੇ ਪੁਰਸ਼ ਦੇਸੋਂ ਮਿਲੀਆਂ ਸੂਚਨਾਵਾਂ ਵੀ ਸਾਂਝੀਆਂ ਕਰ ਰਹੇ ਸਨ। ਸਿੱਖ ਸੰਗਤਾਂ ਨੇ ਇਸ ਮੌਕੇ ਕੁਆਲਾਲੁੰਪੁਰ ਦੇ ਭਾਰਤੀ ਹਾਈ ਕਮਿਸ਼ਨ ਸਾਹਮਣੇ ਰੋਸ ਮੁਜ਼ਾਹਰਾ ਵੀ ਕੀਤਾ ਸੀ ।

ਮਲੇਸ਼ੀਆਂ ਦੀ ਦੋ ਮਹੀਨੇ ਦੀ ਫ਼ੇਰੀ ਦੀ ਸਮਾਪਤੀ ਮਗਰੋਂ ਮੈਂ ਸਿੰਘਪੁਰ ਜਾਣਾ ਸੀ । ਇਸ ਲਈ ਮੈਂ ਨਵੀਂ ਦਿੱਲੀ ਤੋਂ ਸਿੰਘਾਪੁਰ ਦੀ ਅੰਬੈਸੀ ਜਾ ਕੇ ਆਪਣੇ ਪਾਸਪੋਰਟ ਤੇ ਸਿੰਘਾਪੁਰ ਦੇ ਵੀਜ਼ੇ ਦੀ ਮੋਹਰ ਵੀ ਲਗਵਾਈ ਹੋਈ ਸੀ ।ਸ੍ਰ: ਜਸਵੰਤ ਸਿੰਘ ਖੋਸਾ ਮੈਨੂੰ ਆਪਣੀ ਗੱਡੀ ਤੇ ਸਿੰਘਪੁਰ ਲੈ ਜਾ ਰਹੇ ਸਨ । ਮਲੇਸ਼ੀਆ–ਸਿੰਘਾਪੁਰ ਦੇ ਜੌਹਰ ਬਾਰੂ ਬਾਰਡਰ ਤੇ ਮੈਂ ਉਥੋਂ ਨਿਕਾਸ ਦੀ ਮੋਹਰ ਵੀ ਆਪਣੇ ਪਾਸਪੋਰਟ ਤੇ ਲਗਵਾ ਲਈ।ਪਰੰਤੂ ਸਿੰਘਾਪੁਰ ਦੇ ਦਾਖ਼ਲੇ ਦੀ ਇਜਾਜ਼ਤ ਨਾ ਮਿਲੀ ਕਿਉਂਕਿ ਮੇਰੇ ਪਾਸ ਏਅਰ ਇੰਡੀਆ ਦੀ ਓਪਨ ਟਿਕਟ ਸੀ ਜਿਸਤੇ ਦੇਸ ਵਾਪਸੀ ਦੀ ਤਾਰੀਖ਼ ਦਾ ਦਰਜ ਹੋਣਾ ਜ਼ਰੂਰੀ ਸੀ । ਸ੍ਰ: ਜਸਵੰਤ ਸਿੰਘ ਨੇ ਮੈਨੂੰ ਜੋਹਰ ਬਾਰੂ ਪਰਤਨ ਲਈ ਕਿਹਾ ਤੇ ਆਪ ਸਿੰਘਪੁਰ ਜਾ ਕੇ ਏਅਰ ਇੰਡੀਆਂ ਦੇ ਦਫ਼ਤਰ ਤੋਂ ਮੇਰੀ ਟਿਕਟ ਤੇ ਵਾਪਸੀ ਦੀ ਤਾਰੀਖ ਦਰਜ ਕਰਵਾ ਕੇ ਵਾਪਸ ਆਉਣ ਲਈ ਕਹਿ ਕੇ ਚਲੇ ਗਏ। ਮੈਂ ਮੁੜ ਮਲੇਸ਼ੀਆ ਦੇ ਇੰਮੀਗ੍ਰੇਸ਼ਨ ਦੇ ਕਾਂਊਂਟਰ ਤੇ ਬੈਠੇ ਅਧਿਕਾਰੀ ਨੂੰ ਆਪਣੀ ਸਮੱਸਿਆ ਦੱਸੀ । ਉਸਨੇ ਬੜੇ ਸਹਿਜ ਨਾਲ ਮੇਰੇ ਪਾਸਪੋਰਟ ਤੇ ਦੋ ਹਫ਼ਤੇ ਹੋਰ ਮਲੇਸ਼ੀਆ ਠਹਿਰਨ ਦੀ ਮੋਹਰ ਲਾ ਦਿੱਤੀ । ਮੈ ਉਸਦੇ ਸਹਿਯੋਗੀ ਵਤੀਰੇ ਤੋਂ ਬੜਾ ਪ੍ਰਭਾਵਤ ਹੋਇਆ। ਰਾਤ ਪੈ ਰਹੀ ਸੀ ਸੋ ਮੈਂ ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਟਿਕਾਣਾ ਕੀਤਾ । ਅਗਲੇ ਦਿਨ ਸ੍ਰ: ਜਸਵੰਤ ਸਿੰਘ ਮੇਰੀ ਟਿਕਟ ਤੇ ਵਾਪਸੀ ਦੀ ਤਾਰੀਖ਼ ਦਰਜ ਕਰਵਾ ਕੇ ਲੈ ਆਏ । ਓਹ ਮੈਨੂੰ ਖਾਲਸਾ ਧਾਰਮਿਕ ਸਭਾ ਸਿਰੰਗਨ ਰੋਡ ਦੇ ਗੁਰਦੁਆਰਾ ਸਹਿਬ ਵਿਚ ਛੱਡ ਆਏ ਜਿਥੇ ਮੇਰਾ ਦੋ ਹਫ਼ਤੇ ਦਾ ਪ੍ਰਚਾਰ ਪ੍ਰੋਗਰਾਮ ਪਹਿਲਾਂ ਤੋਂ ਬੁੱਕ ਕੀਤਾ ਹੋਇਆ ਸੀ ।

ਇਥੇ ਰੋਜ਼ ਸ਼ਾਮੀ ਮੈਂ ਸ਼ਬਦ ਵੀਚਾਰ ਕਰਦਾ ਸਾਂ।ਸ੍ਰ: ਧਰਮ ਸਿੰਘ ਜਿਨ੍ਹਾਂ ਨੂੰ ਮੈਂ ਪਹਿਲਾਂ ਤੋਂ ਜਾਣਦਾ ਸਾਂ ਉਹ ਵੀ ਇਸ ਦੀਵਾਨ ਵਿਚ ਲਗਾਤਾਰ ਆਉਂਦੇ ਰਹੇ । ਉਹ ਰੀਟਾਇਰਡ ਹੈਡਮਾਸਟਰ ਸਨ ਤੇ ਪਹਿਲਾਂ ਸਿੰਘਪੁਰ ਖਾਲਸਾ ਐਸ਼ੋਸੀਏਸ਼ਨ ਦੁਆਰਾ ਲਗਵਾਏ ਗਏ ਗੁਰਮਤਿ ਕੈਂਪ ਵਿੱਚ ਮੈਂ ਉਨ੍ਹਾਂ ਦੇ ਘਰ ਠਹਿਰਿਆ ਸਾਂ । ਮਗਰੋਂ ਉਨ੍ਹਾਂ ਚੰਡੀਗੜ ਆਪਣੀ ਕੋਠੀ ਪਾਈ ਸੀ ਜਿੱਥੇ ਇੱਕ ਵਾਰ ਮੈ ਉਨ੍ਹਾਂ ਦੇ ਘਰ ਵੀ ਗਿਆ ਸਾਂ ।ਇਸ ਟਿਕਾਣੇ ਦੌਰਾਨ ਮੈ ਕੁਝ ਹੋਰ ਗੁਰਦੁਆਰਿਆਂ ਵਿਚ ਵੀ ਕਥਾ ਵਿਖਿਆਨ ਲਈ ਜਾਂਦਾ ਰਿਹਾ ਸਾਂ । ਇਕ ਵਾਰ ਗੁਰੂ ਨਾਨਕ ਸਤਿਸੰਗ ਸਭਾ ਦੇ ਗੁਰਦੁਆਰਾ ਸਾਹਿਬ ਗਿਆ ਸਾਂ।ਸੈਂਟਰਲ ਗੁਰਦਆਰਾ ਸਹਿਬ ਦੀ ਨਵੀਨ ਆਲੀਸ਼ਾਨ ਤੇ ਏਅਰ ਕੰਡੀਸ਼ਨਡ ਇਮਾਰਤ ਕੁਝ ਸਾਲ ਪਹਿਲਾਂ ਹੀ ਬਣੀ ਸੀ । ਇੱਕ ਵਾਰ ਇੱਥੇ ਵੀ ਜਾਣ ਦਾ ਵੀ ਅਵਸਰ ਮਿਲਿਆ । ਗੁਰਦੁਆਰਾ ਸਾਹਿਬ ਸਿਲਹਟ ਰੋਡ ਵੀ ਗਿਆ ।ਇੱਥੇ ਭਾਈ ਮਰਾਰਾਜ ਸਿੰਘ ਜੀ ਨੂੰ ਪੰਜਾਬ ਵਿਚੋਂ ਮਹਾਰਾਜਾ ਰਣਜੀਤ ਸਿੰਘ ਮਗਰੋਂ ਅੰਗ੍ਰੇਜ਼ਾਂ ਦੇ ਪੰਜਾਬ ਦੇ ਕਬਜ਼ੇ ਵਿਰੁੱਧ ਬਗਾਵਤ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਬੰਦੀ ਬਣਾ ਕੇ ਰੱਖਿਆ ਸੀ। ਉਨ੍ਹਾਂ ਦੀ ਸਮਾਧ ਗਰੁਦੁਆਰਾ ਸਹਿਬ ਵਿਚ ਬਣੀ ਹੋਈ ਹੈ ।ਇਸ ਗੁਰਦੁਆਰੇ ਲਈ ਸਿੱਖ ਸੰਗਤ ਵਿਚ ਬੜੀ ਸ਼ਰਧਾ ਭਾਵਨਾ ਹੈ । ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਕੀਤੀ ਗਈ ਅਰਦਾਸ ਜ਼ਰੂਰ ਪੂਰੀ ਹੁੰਦੀ ਹੈ ।

ਸਿੰਘਾਪੁਰ ਦੀ ਇਸ ਫ਼ੇਰੀ ਵਿਚ ਸ੍ਰ. ਸਤਵੰਤ ਸਿੰਘ ਅਜੀਤ ਵੀ ਅਕਸਰ ਮੈਨੂੰ ਮਿਲਣ ਆ ਜਾਂਦੇ ਸਨ ਜਿਨ੍ਹਾ ਨਾਲ ਮਲੇਸ਼ੀਆ ਦੀ ਪਹਿਲੀ ਫ਼ੇਰੀ ਵੇਲੇ ਦਾ ਮੇਰੇ ਨਾਲ ਸੰਬੰਧ ਬਣਿਆ ਹੋਇਆ ਸੀ । ਦੇਸ ਵਾਪਸੀ ਵੇਲੇ ਉਹ ਹੀ ਮੈਨੂੰ ਚਾਂਗੀ ਏਅਰ ਪੋਰਟ ਛੱਡ ਕੇ ਗਏ ਸਨ ਜਿੱਥੇ ਮੇਰੀ ਏਅਰ ਇੰਡੀਆ ਦੀ ਵਾਪਸੀ ਉਡਾਣ ਪਹਿਲਾਂ ਤੋਂ ਹੀ ਰਾਖਵੀਂ ਕੀਤੀ ਹੋਈ ਸੀ । ਇਹ

ਉਡਾਣ ਥਾਈਲੈਂਡ ਹੋ ਕੇ ਜਾਣੀ ਸੀ ।ਬੈਂਕੌਂਕ ਤੋਂ ਮੈ ਭਾਰਤ ਲਈ ਦੂਜੀ ਉਡਾਣ ਦੁਆਰਾ ਕਲਕੱਤਾ ਹਵਾਈ ਅੱਡੇ ਤੇ ਪੁੱਜਿਆ ਸਾਂ ।

* * * * * *   * * * * *

## 1984 ਦਾ ਸੇਕ

27 ਫ਼ਰਵਰੀ 1983 ਮੇਰੇ ਭਾਪਾ ਜੀ ਦੇ ਅਚਾਨਕ ਚੜ੍ਹਾਈ ਕਰ ਜਾਣ ਦੀ ਸੂਚਨਾ ਮੈਨੂੰ ਧਨਬਾਦ ਤਾਰ ਦੁਆਰਾ ਮਿਲੀ । ਮੈ ਆਪਣੇ ਪਵਾਰ ਸਮੇਤ ਘਰ ਪੁੱਜਾ । ਪਤਾ ਲਗਾ ਕਿ ਕਿਸੇ ਰਿਸ਼ਤੇਦਾਰ  ਦੇ ਚਲਾਣੇ ਦੇ ਭੋਗ ਤੌਂ ਬਿਲਾਸਪੁਰ ਨੇੜੇ ਦੇ ਇਕ ਪਿੰਡ ਤੋਂ ਸਾਈਕਲ ਤੇ ਮੁੜਦਿਆਂ ਅਚਾਨਕ ਉਹ ਡਿੱਗ ਪਏ । ਨਾਲ ਆ ਰਹੇ ਸਾਡੇ ਇਕ ਰਿਸ਼ਤੇ ਚੋਂ ਭਰਾ ਲਗਦੇ ਸੱਜਣ ਨੇ ਓਨ੍ਹਾ ਦੇ ਮੂੰਹ ਵਿਚ ਪਾਣੀ ਲਿਆਕੇ ਪਾਇਆ ਜੋਂ ਬਾਹਰੋਂ ਹੀ ਵੱਗ ਗਿਆ । ਮਗਰੋਂ ਇਹ ਸੱਜਣ ਹੀ ਮ੍ਰਿਤਕ ਦੇਹ ਨੂੰ ਘਰ ਲਿਆਇਆ। ਭਾਪਾ ਜੀ ਨੂੰ ਆਪਣੀ ਜ਼ਿੰਦਗੀ ਵਿਚ ਬੜਾ ਸ਼ੰਘਰਸ਼ ਕਰਨਾ ਪਿਆ।ਛੋਟੀ ਉਮਰ ਵਿਚ ਹੀ ਸਿਰ ਤੋਂ ਪਿਤਾ ਦਾ ਸਾਇਆ  ਉਠ ਗਿਆ ।ਆਪਣੇ ਪੁਲਿਸ ਇੰਸਪੈਕਟਰ ਜੀਜੇ ਦੀ ਸਹਾਇਤਾ ਨਾਲ ਪੁਲਿਸ ਦੀ ਨੌਕਰੀ ਮਿਲ ਗਈ ਜਿਸ ਵਿਚ ਉਨ੍ਹਾ ਨੂੰ ਕਈ ਉਤਰਾ ਚੜਾ ਵੇਖਣੇ ਪਏ  । ਪਰ ਓਨ੍ਹਾਂ ਇਕ ਸੱਚੇ ਸਿਪਾਹੀ ਵਾਂਗ ਕਦੇ ਹਿੰਮਤ ਨਹੀ ਹਾਰੀ ।ਆਈ ਹਰੇਕ ਔਕੜ ਦਾ ਖਿੜੇ ਮੱਥੇ ਡੱਟਕੇ ਮੁਕਾਬਲਾ ਕੀਤਾ ।ਉਨ੍ਹਾ ਨੂੰ ਮੈਂ ਮੁਸੀਬਤਾਂ ਵਿਚ ਵੀ ਕਦੇ ਨਿਰਾਸ਼ ਜਾਂ ਨਿੰਮੋਝੂਣ ਹੁੰਦਾ  ਨਹੀਂ ਵੇਖਿਆ ।ਜਿੱਥੇ ਵੀ ਰਹੇ ਆਲੇ ਦੁਆਲੇ ਹਰੇਕ ਨਾਲ ਹਮੇਸ਼ਾ ਮਿੱਤਰਤਾ ਬਣਾ ਕੇ ਰੱਖੀ । ਹੋਰ ਤਾਂ ਹੋਰ ਉਹ ਬੱਚਿਆਂ ਨਾਲ ਵੀ  ਦੋਸਤੀ ਬਣਾ ਲਿਆ ਕਰਦੇ ਸਨ ।

ਮੇਰੇ ਨਾਲ ਉਨ੍ਹਾਂ ਦੇ ਸੰਬੰਧ ਪਿਤਾ ਤੋ ਇਲਾਵਾ ਇਕ ਦੋਸਤ, ਹਮਦਰਦ ਅਤੇ ਰਾਹ–ਦਸੇਰਾ ਵਾਂਗ ਸਨ । ਓਨ੍ਹਾਂ ਦੇ ਹੁੰਦਿਆਂ ਮੈਨੂੰ ਆਪਣੇ ਘਰ ਪ੍ਰਵਾਰ ਦੀ ਕਦ ਕੋਈ ਚਿੰਤਾ ਨਹੀਂ ਸੀ ਹੁੰਦੀ ।ਉਹ ਸਾਡੇ ਪਰਵਾਰ ਦੀ ਸੁਰੱਖਿਅਤ ਛੱਤ ਵਾਂਗ ਸਭਦਾ ਖ਼ਿਆਲ ਰਕਦੇ ਸਨ । ਉਨ੍ਹਾ ਨਾਲ ਮੈ ਆਪਣੇ ਦੁਖ ਫ਼ਿਕਰ ਅਤੇ ਚਿੰਤਵਾਂ ਬੇਝੱਕ ਹੋਕੇ ਵੰਡ ਲੈਦਾ ਸਾਂ ਤੇ ਹਮੇਸ਼ਾਂ ਉਨ੍ਹਾ ਨਾਲ ਗਲ ਕਰਕੇ ਮੇਰੀਆਂ ਫ਼ਿਕਰ ਚਿੰਤਾਵਾਂ ਰਫ਼ੂ ਚੱਕਰ ਹੋ ਜਾਇਆ ਕਰਦੀਆਂ ਸਨ । ਉਨ੍ਹਾ ਦੇ ਸਦੀਵੀ ਵਿਛੋੜੇ ਦਾ ਵਿਗੋਚਾ ਆਪ ਮੁਹਾਰੇ ਮੇਰੇ ਇਨ੍ਹਾ ਸ਼ਬਦਾਂ ਵਿਚ ਪ੍ਰਗਟ ਹੋਇਆ :

ਦਿਲ ਦੀ ਪੀੜ ਕਿਸਨੂੰ ਦਿਖਾਵਾਂਗਾ?
ਦਰਦ ਤਿਲ ਤਿਲ ਕਰਕੇ ਹੰਡਾਂਵਾਂਗਾ ।
ਤੁਹਾਡਾਾ ਹਿਜਰ ਹੈ ਯਾਦਾਂ ਦਾ ਖ਼ਜ਼ਾਨਾ,
ਇਸਨੂੰ ਐਂਵੇਂ ਕਿਵੇਂ ਗੁਆਂਵਾਂਗਾ?
ਉਠ ਕੇ ਟੁਰ ਗਏ ਬਿਨਾ ਕੁਝ ਦੱਸਿਆਂ ਹੀ,
ਤੁਹਾਨੂੰ ਲੱਭਣ ਕਿਧਰ ਜਾਵਾਂਗਾ?
ਬੁਲ੍ਹ ਘੁੱਟਕੇ ਜੀਵਨ ਦਾ ਵਿਸ਼ ਜੋ ਪੀ ਗਿਆ,
ਉਸਦੀ ਦਾਸਤਾਂ ਕਿਸਨੂੰ ਸੁਣਾਵਾਂਗਾ?
ਜਿਸਦੇ ਪਾਸ ਸੀ ਮੇਰੇ ਦਰਦਾਂ ਦਾ ਸਕੂਨ,
ਉਸ ਦਿਲ ਦੀ ਪਨਾਹ ਹੁਣ ਕਿੱਥੋਂ ਪਾਵਾਂਗਾ ।
ਦਿਲ ਪੰਛੀ ਦਾ ਆਹਲਣਾ ਜਿਸ ਬਿਰਛ ਸੰਗ ਉਜੜਿਆ,
ਉਸਦੀ ਸੰਙਣੀ ਛਾਂ ਫ਼ਿਰ ਕਿਵੇਂ ਹੰਡਾਂਵਾਂਗਾ?
ਹਰੇਕ ਭਟਕਣ ਨੂੰ ਜਿੱਥੇ ਮਿਲਦੀ ਸੀ ਪਨਾਹ,

ਉਹ ਆਸਰਾ ਲੱਭਣ ਕਿਧਰ ਜਾਂਵਾਂਗਾ?
ਕਾਲ ਦੇ ਅੱਥਰੇ ਘੋੜੇ ਨੂੰ ਕੌਣ ਪਾਵੇਗਾ ਲਗਾਮ?
ਅਜ ਭਲਕੇ ਮੈ ਵੀ ਬੀਤ ਜਾਵਾਂਗਾ ।

ਸੰਨ 1884 ਦੇ ਨਵੰਬਰ ਮਹੀਨੇ ਦੇ ਸ਼ੁਰੂ ਵਿਚ ਇੰਦਰਾ ਗਾਂਧੀ ਤੇ ਕਤਲ ਹੋਣ ਮਗਰੋਂ ਬਿਹਾਰ ਦੇ ਕਈ ਸ਼ਹਿਰਾਂ ਵਿਚ ਸਿੱਖਾ ਵਿਰੁੱਧ ਦੰਗੇ ਸ਼ੁਰੂ ਹੋ ਗਏ । ਸਭ ਤੋਂ ਵੱਧ ਕਤਲੋ-ਗ਼ਾਰਤ ਸਟੀਲ ਪਲਾਂਟ ਦੇ ਨਗਰ ਬੋਕਾਰੋ ਵਿਚ ਹੋਈ । ਇਥੇ ਲਗਭਗ 60/70 ਪਲਾਂਟ ਦੇ ਮੁਲਾਜ਼ਮਾਂ ਨੂੰ ਘਰੋਂ ਘਸੀਟ ਘਸੀਟ ਕੇ ਮਾਰਿਆ ਗਿਆ । ਇਹ ਸਾਰੇ ਚੰਡੀਗੜ੍ਹ ਵਰਗੇ ਸੈਕਟਰਾਂ ਵਿਚ ਬਣੇ ਘਰਾਂ ਵਿਚ ਰਹਿੰਦੇ ਸਨ ।ਇਨ੍ਹਾ ਦੇ ਇਕੋ ਦੁੱਕੇ ਘਰ ਬਹੁ ਹਿੰਦੂ ਗਿਣਤੀ ਵੱਸੋਂ ਵਾਲੇ ਇਲਾਕੇ ਵਿਚ ਸਨ । ਆਲੇ ਦੁਆਲੇ ਇਕੱਠੀ ਸਿੱਖ ਵੱਸੋਂ ਵਾਲੇ ਇਲਾਕਿਆਂ ਵਿਚ ਮਾਰ ਧਾੜ ਕਰਨ ਵਾਲੇ ਹਜੂਮਾਂ ਦਾ ਹੌਂਸਲਾ ਨਹੀ ਪਿਆ ।ਨਾਲ ਦੇ ਸ਼ਹਿਰ ਚਾਸ ਦਾ ਗੁਰਦੁਆਰਾ ਮੇਨ ਰੋਡ ਤੇ ਹੈ ਜਿਸਦੇ ਆਲੇ ਦੁਆਲੇ ਕੁਝ ਸਿੱਖ ਆਬਾਦੀ ਵੀ ਵੱਸੀ ਹੋਈ ਹੈ ।ਇਥੇ ਵੀ ਇਕ ਹਜੂਮ ਗੁਰਦੁਆਰਾ ਤੇ ਕਬਜ਼ਾ ਕਰਨ ਆਇਆ । ਇਥੇ ਗੁਰਦੁਆਰਾ ਸਾਹਿਬ ਮੂਹਰੇ ਸਾਰੇ ਆਲੇ ਦੁਆਲੇ ਦੇ ਸਿੱਖਾਂ ਨੇ ਤਲਵਾਰਾਂ ਲੈਕੇ ਗੁਰਦੁਆਰਾ ਮੂਹਰੇ ਖੱੜੇ ਹੋਕੇ ਦਗੰਈਆ ਨੂੰ ਲਲਕਾਰਿਆ ਤਾਂ ਉਹ ਵਾਪਸ ਭੱਜ ਗਏ ।

ਧਨਬਾਦ ਗੁਰੂ ਨਾਨਕ ਪੁਰਾ ਗੁਰਦੁਆਰੇ ਉਤੇ ਹਮਲਾ ਹੋਣ ਬਾਰੇ ਸੁਣਿਆ ਤਾ ਮੈ ਆਪਣੇ ਗੁਰਦੁਆਰਾ ਸਾਹਿਬ ਦੇ ਦਫ਼ਤਰ ਤੋਂ ਸ਼ਹਿਰ ਦੇ ਪੁਲਿਸ ਥਾਣੇ ਨੂੰ ਸੂਚਨਾ ਦੇਕੇ ਕਿਹਾ ਕਿ ਤੁਰਤ ਉਥੇ ਪੁਲਿਸ ਭੇਜੋ । ਅੱਗੋਂ ਜਵਾਬ ਵਿਚ ਮੇਰੀ ਨਕਲ ਕਰਨ ਦੇ ਮਜ਼ਾਕੀਆ ਅੰਦਾਜ਼ ਵਿਚ ਥਾਣੇ ਦੀ ਫ਼ੋਨ ਦੀ ਆਵਾਜ਼ ਆਈ ਅਭੀ ਅਭੀ ! ਤੁਰਤ ਤੁਰਤ ! ਮਗਰੋਂ ਇਹ ਸਚ ਸਾਹਮਣੇ ਆਇਆ ਕਿ ਪੁਲਿਸ ਵੀ ਇਨ੍ਹਾ ਦੰਗਾਈਆਂ ਦਾ ਸਮਰਥਨ ਕਰ ਰਹੀ ਸੀ ।ਗੁਰੂ ਨਾਨਕਪੁਰਾ ਗੁਰਦੁਆਰੇ ਦੇ ਆਲੇ ਦੁਆਲੇ ਸਿੱਖਾਂ ਦੀ ਘਣੀ ਵੱਸੋਂ ਸੀ ਪ੍ਰੰਤੂ ਗ੍ਰੰਥੀ ਨੂੰ ਇਕੱਲਾ ਛੱਡਕੇ ਸਭ ਆਪਣੇ ਆਪਣੇ ਘਰਾਂ ਵਿਚ ਵੜ ਗਏ ।ਨਤੀਜੇ ਵੱਜੋਂ ਗੁਰਦੁਆਰੇ ਦਾ ਸਾਰਾ ਸਾਮਾਨ ਲੁਟਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਗਈ ।ਪਾੜੇ ਹੋਏ ਪੱਤਰਿਆਂ ਨੂੰ ਇਕੱਠਾ ਕਰਕੇ ਬਾਅਦ ਵਿਚ ਅਸੀਂ ਉਨ੍ਹਾ ਦਾ ਸਸਕਾਰ ਕੀਤਾ ਸੀ ।

ਦੰਗਾ ਕਰਨ ਵਾਲੇ ਬਹੁਤੇ ਗੁੰਡੇ ਤੇ ਲੁਟੇਰੇ ਸਨ । ਉਨ੍ਹਾ ਨੂੰ ਇੰਦਰਾ ਗਾਂਧੀ ਦੀ ਮੌਤ ਦਾ ਕੋਈ ਵਿਗੋਚਾ ਨਹੀ ਸੀ । ਸਾਡੇ ਗੁਰਦਆਰਾ ਸਾਹਿਬ ਦੇ ਸਾਹਮਣੇ ਵਾਲੀਆਂ ਸਿਖ ਕਾਰੋਬਾਰੀਆਂ ਦੀਆਂ ਦੁਕਾਨਾ ਦੇ ਸ਼ੱਟਰ ਤੋੜਦਿਆਂ ਨਾਹਰੇ ਲਗਾ ਰਹੇ ਸਨ ''ਇੰਗਰਾ ਗਾਂਧੀ ਅਮਰ ਰਹੇ, ਹਮ ਲੂਟਤੇ ਰਹੇਂ '' ।ਬਾਹਰ ਲੁਟ ਹੋ ਰਹੀ ਸੀ ਪ੍ਰੰਤੂ ਗੁਰਦੁਆਰਾ ਸਾਹਿਬ ਦੇ ਸਾਹਮਣੇ ਗੇਟ ਤੇ ਸਾਡੇ ਕੁਝ ਸੇਵਾਦਾਰ ਤੇ ਸੰਗਤ ਦੇ ਆਦਮੀ ਤੈਨਾਤ ਹੋ ਗਏ। ਸੋ ਕਿਸੇ ਦੀ ਇਧਰ ਮੂੰਹ ਕਰਨ ਦੀ ਹਿੰਮਤ ਨਹੀ ਪਈ । ਮਗਰੋਂ ਪਤਾ ਲਗਾ ਕਿ ਸਿੱਖਾਂ ਦੀਆਂ ਦੁਕਾਨਾ ਮੂਹਰੇ ਪਹਿਲਾਂ ਹੀ ਪਹਿਚਾਣ ਦੇ ਨਿਸ਼ਾਨ ਲਗਾਏ ਗਏ ਸਨ ।

ਮੇਰੇ ਇਕ ਸੱਜਣ ਸ੍ਰ: ਨਰਿੰਦਰ ਸਿੰਘ ਪਰਮਾਰਥੀ ਚੰਗੇ ਸਾਹਿਤ ਪ੍ਰੇਮੀ ਤੇ ਸਮਾਜ ਸੇਵੀ ਸਨ । ਉਨ੍ਹਾ ਇਕ ਸਰਬ ਧਰਮ ਸਭਾ ਵੀ ਬਣਾਈ ਹੋਈ ਸੀ ਤੇ ਰਾਮ-ਨੌਮੀ ਈਦ ਤੇ ਕ੍ਰਿਸਮਸ ਦੇ ਅਵਸਰ ਤੇ ਸਭ ਧਰਮਾ ਦੇ ਲੋਕਾਂ ਨਾਲ ਰਲਕੇ ਇਹ ਪੁਰਬ ਮਨਾਉਂਦੇ ਸਨ ।ਮੇਰੇ ਕਾਰਜਾਂ ਵਿਚ ਵੀ ਉਹ ਸਹਿਯੋਗ ਕਰਦੇ ਸਨ । ਕਈ ਵਾਰ ਬਾਹਰ ਪਿੰਡਾਂ ਵਿਚ ਗਰੀਬ ਇਸਤ੍ਰੀਆਂ ਨੂੰ ਮੁਫ਼ਤ ਸਾੜੀਆਂ ਵੀ ਵੰਡਣ ਜਾਇਆ ਕਰਦੇ ਸਨ । ਦੰਗੇ ਤੋਂ ਇਕ ਦਿਨ ਪਹਿਲਾਂ ਉਹ ਸ਼ਹਿਰੋਂ ਬਾਹਰ ਇਕ ਯੋਗ ਆਸ਼ਰਮ ਵਿਚ ਗਏ ਤੇ ਰਾਤ ਉਥੇ ਹੀ ਠਹਿਰ ਗਏ। ਪਹਿਲੀ ਨਵੰਬਰ ਨੂੰ ਸਵੇਰੇ ਆਸ਼ਰਮ ਦੇ ਨੇੜੇ ਦੇ ਇਕ ਪਿੰਡ ਦੇ ਲੋਕਾਂ ਉਨ੍ਹਾਂ ਨੂੰ ਦੇਖ ਲਿਆ । ਉਹ ਬਹੁਤ ਸਾਰੇ ਲੋਕ ਇਕੱਠੇ ਹੋਕੇ ਆਏ । ਆਸ਼ਰਮ ਦੇ ਮੁਖੀ ਦੇ ਰੋਕਦਿਆਂ ਵੀ ਉਨ੍ਹਾ ਆਸ਼ਰਮ ਨੂੰ ਘੇਰ ਲਿਆ ਤੇ ਸ੍ਰ: ਨਰਿੰਦਰ ਸਿੰਘ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ।ਇਸਤਰ੍ਹਾਂ ਰਾਹਵਾਂ ਤੇ ਜਾਂਦੇ ਕਈ ਹੋਰ ਸਿੱਖਾ ਨਾਲ ਵੀ ਇਹੋ ਸਲੂਕ ਹੋਇਆ ।ਧਨਬਾਦ ਦੇ ਇਲਾਕੇ ਵਿਚ ਕਈ ਸਿੱਖ ਇਸੇਤਰ੍ਹਾ ਮਾਰੇ ਗਏ ਤੇ ਜਾਇਦਾਦਾਂ ਸਾੜੀਆਂ ਤੇ ਲੁੱਟੀਆਂ ਗਈਆਂ ।

* * * * * *  * * * * *

## ਨੌਜਵਾਨ ਪੀੜ੍ਹੀ ਦਾ ਗੁਰਮਤਿ ਲਈ ਉਤਸ਼ਾਹ

ਧਨਬਾਦ ਗੁਰੂ ਨਾਨਕ ਕਾਲਜ ਦੀ ਪੜ੍ਹਾਈ ਵਿਚ ਮੇਰਾ ਕੋਈ ਖਾਸ ਯੋਗਦਾਨ ਨਹੀਂ ਸੀ । ਕਾਲਜ ਦੀਆਂ ਕਲਾਸਾਂ ਵਿਚ ਵਿਦਿਆਰਥੀ



ਘੱਟ ਹੀ ਆਂਉਂਦੇ ਸਨ । ਉਹ ਦਾਖ਼ਲਾ ਜ਼ਰੂਰ ਕਰਵਾ ਲੈਂਦੇ ਪਰੰਤੂ ਲਗਾਤਾਰ ਪੜ੍ਹਾਈ ਵਿਚ ਬਹੁਤ ਘੱਟ ਦਿਲਚਸਪੀ ਲੈਂਦੇ ਸਨ । ਮੇਰੇ ਲੌਜਿਕ ਤੇ ਫ਼ਿਸਾਸਫ਼ੀ ਦੇ ਗੰਭੀਰ ਵਿਸ਼ੇ ਵਿਚ ਤਾਂ ਉਨ੍ਹਾ ਦੀ ਗਿਣਤੀ ਉਂਗਲਾਂ ਤੇ ਗਿਣਨ ਮਾਤਰ ਹੁੰਦੀ । ਹਾਂ ਨਕਲ ਮਾਰ ਕੇ ਪ੍ਰੀਖਿਆਂ ਦੇਣੀ ਤੇ ਸਰਟੀਫ਼ਿਕੇਟ ਲੈਣ ਵਿਚ ਉਨ੍ਹਾ ਦੀ ਵਧੇਰੇ ਦਿਲਚਸਪੀ ਸੀ । ਇਮਤਿਹਾਂਨਾ ਵੇਲੇ ਅਕਸਰ ਕਿਸੇ ਨਾ ਕਿਸੇ ਗਲ ਤੇ ਵਿਦਿਆਰਥੀ ਰੋਸ ਪ੍ਰਦਰਸ਼ਨ ਕਰਦੇ ਤੇ ਪੁਲਿਸ ਬੁਲਾਣੀ ਪੈ ਜਾਂਦੀ । ਸਰਕਾਰ ਵੱਲੋ ਕੋਈ ਸੁਰਖਿਆਂ ਨਾ ਮਿਲਣ ਕਾਰਨ ਅਧਿਅਪਕ ਵੀ ਪ੍ਰੀਖਿਆਰਥੀਆਂ ਪ੍ਰਤੀ ਵਧੇਰੇ ਸੰਜੀਦਗੀ ਨਹੀਂ ਸੀ ਵਿਖਾਂਦੇ ।ਇਹ ਉਨ੍ਹਾ ਦੇ ਵੱਸੋਂ ਬਾਹਰ ਦੀ ਹਾਲਤ ਸੀ ।ਕਾਲਜ ਦੇ ਕੁਝ ਕਰਮਚਾਰੀ ਵੀ ਆਪਣੀ ਰਾਜਨੈਤਿਕ ਪਿਛੋਕੜ ਦੀ ਚੌਧਰ ਵਿਖਾਂਦੇ ਸਨ ਤੇ ਪ੍ਰਬੰਧਕਾਂ

(ਗੁਰਦੁਆਰਾ ਸਾਹਿਬ ਬੈਨਾਚੱਟੀ ਦੁਰਗਾਪੁਰ ਦਾ ਗੁਰਮਤਿ ਕੈਂਪ)

ਦੀ ਵੀ ਪਰਵਾਹ ਨਹੀ ਸੀ ਕਰਦੇ ।ਇਨ੍ਹਾ ਹਾਲਾਤਾਂ ਵਿਚ ਮੈਂ ਕੁਝ ਸਾਰਥਕ ਕਰਨ ਦੇ ਵਿਚਾਰ ਨਾਲ ਮੈਂ ਸੱਖ ਬੱਚਿਆਂ ਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਪ੍ਰਤੀ ਸੁਚੇਤ ਕਰਨ ਦੇ ਉਪਰਾਲੇ ਕੀਤੇ ਜਿਸ ਵਿਚ ਮੈਨੂੰ ਕਾਫ਼ੀ ਸਫ਼ਲਤਾ ਤੇ ਉਤਸ਼ਾਹ ਮਿਲਿਆ ।

ਗੁਰਮਤਿ ਵਿਦਿਆਲਾ ਤਾਂ ਪਹਿਲਾਂ ਤੋਂ ਹੀ ਸਥਾਪਤ ਕੀਤਾ ਗਿਆ ਸੀ ਜਿਸ ਵਿਚ ਹਫ਼ਤੇਵਾਰ ਪੰਜਾਬੀ ਤੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀ ਤੇ ਗੁਰਦੁਆਰੇ ਵਿਦਿਆਰਥੀਆਂ ਦੇ ਸਤਿਸੰਗ ਕਰਵਾਏ ਜਾਂਦੇ । ਬਹੁਤ ਸਾਰੇ ਵਿਦਿਆਰਥੀ ਨਿਤਨੇਮ ਦਾ ਪਾਠ ਤੇ ਕੀਰਤਨ ਸਿੱਖ ਗਏ ।ਵਿਸ਼ੇਸ਼ ਕਰਕੇ ਬੀਬੀਆਂ ਕੀਰਤਨ ਵਿਚ ਵਧੇਰੇ ਦਿਲਚਸਪੀ ਤੇ ਭਾਗ ਲੈਂਦੀਆਂ ਸਨ ।

ਉਸ ਸਮੇ ਬਿਹਾਰ ਦੇ ਇਸ ਦੱਖਣੀ ਪੂਰਬੀ ਖੇਤਰ ਵਿਚ ਪਾਕਿਸਤਾਨ ਦੇ ਗੁਜਰਾਤ ਪ੍ਰਾਂਤ ਤੋਂ ਆਏ ਵਪਾਰੀ ਪਿਛੋਕੜ ਵਾਲੇ ਸਿੱਖਾਂ ਦੀ ਕਾਫ਼ੀ ਵੱਸੋਂ ਸੀ । ਇਹ ਲੋਕ ਆਪਣੇ ਪ੍ਰਵਾਰਕ ਸਮਾਜ ਤੇ ਵਿਰਸੇ ਦੀ ਸੰਭਾਲ ਲਈ ਬੜੀ ਸੰਜੀਦਗੀ ਵਾਲੇ ਸਨ । ਘਰਾਂ ਪ੍ਰਵਾਰਾਂ ਵਿਚ ਵੀ ਇਨ੍ਹਾ ਆਪਣੇ ਪਿਤਾ ਪੁਰਖੀ ਸਭਿਆਚਾਰ ਨੂੰ ਸੰਭਾਲਿਆ ਹੋਇਆ ਸੀ ਤੇ ਗੁਰਦੁਆਰਿਆਂ ਦੀਆਂ ਸੰਗਤਾਂ ਕਰਨ ਤੇ ਧਾਰਮਿਕ ਦਿਨ ਦਿਹਾਰ ਤੇ ਗੁਰਪੁਰਬ ਮਨਾਉਣ ਲਈ ਕਾਫ਼ੀ ਸਰਗਰਮ ਸਨ । ਹਰੇਕ ਗੁਰਪੁਰਬ ਤੇ ਪੰਜਾਬ ਅਥਵਾ ਦਿੱਲੀ ਤੋਂ ਚੰਗੇ ਰਾਗੀ ਜੱਥੇ ਤੇ ਪ੍ਰਚਾਰਕ ਸੱਦੇ ਜਾਂਦੇ ਸਨ । ਅਜਿਹੇ ਵਾਤਾਵਰਨ ਵਿਚ ਮੈਨੂੰ ਪ੍ਰਚਾਰ ਕਾਰਜਾਂ ਲਈ ਕਾਫ਼ੀ ਉਤਸ਼ਾਹ ਤੇ ਸਹਿਯੋਗ ਮਿਲਿਆ । ਹਰ ਸਾਲ ਦੇ ਅੰਤ ਵਿਚ ਅਸੀਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬਾਂ ਤੇ ਵਿਦਿਆਰਥੀਆਂ ਦੇ ਗੁਰਮਤਿ ਟ੍ਰੇਨਿੰਗ ਕੈਂਪ ਲਗਾਉਣੇ ਸ਼ੁਰੂ ਕਰ ਦਿੱਤੇ ਜਿਨ੍ਹਾ ਵਿਚ ਸ਼ਹਿਰ ਤੋਂ ਇਲਾਵਾ ਆਸੇ ਪਾਸੇ ਦੇ ਨਗਰਾਂ ਤੋਂ ਵੀ ਸੈਂਕੜੇ ਵਿਦਿਆਰਥੀ ਇੱਕਤਰ ਹੋਣ ਲਗ ਪਏ ।

ਸਿੱਖ ਵਿਦਿਆਰਥੀਆ ਵਿਚ ਗੁਰਮਤਿ ਪ੍ਰਚਾਰ ਕਰਨ ਲਈ ਸਾਨੂੰ ਹੋਰ ਪ੍ਰਚਾਰਕ ਸੰਸਥਾਵਾਂ ਦਾ ਵੀ ਸਹਿਯੋਗ ਮਿਲਣ ਲੱਗਾ । ਸੰਨ 1981 ਵਿਚ ਦਿੱਲੀ ਤੋਂ ਗੁਰਮਤਿ ਮਿਸ਼ਨਰੀ ਕਾਲਜ ਦੇ ਸੱਤ ਅੱਠ ਵਿਦਵਾਨ ਸੱਜਣ ਸਾਡੇ ਸਾਲਾਨਾ ਗੁਰਮਤਿ ਕੈਂਪ ਵਿਚ ਸ਼ਾਮਿਲ ਹੋਏ । ਇਨ੍ਹਾ ਦੇ ਸਹਿਣੋਗ ਨਾਲ ਇਹ ਇਕ ਯਾਦਗਾਰੀ ਕੈਂਪ ਹੋ ਨਿਬੜਿਆ । ਆਏ ਪ੍ਰਚਾਰਕ ਚੰਗੇ ਤਜਰਬੇਬਾਰ ਵਿਦਵਾਨ ਸੱਜਣ ਸਨ ਜਿਨ੍ਹਾ ਦੀ ਪ੍ਰੇਰਨਾ ਨਾਲ ਦੋ ਸੌ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ । ਇਨ੍ਹਾ ਵਿਚ ਦਿਲੀ ਗੁਰਮਤਿ ਮਿਸ਼ਨਰੀ ਦੇ ਸ੍ਰ: ਗੁਰਚਰਨ ਸਿੰਘ ਤੇ ਨਾਗਪੁਰ ਤੋਂ ਆਏ ਡਾਕਟਰ ਸਤਨਾਮ ਸਿੰਘ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕਰਦੇ ਸਨ । ਇਨ੍ਹਾ ਸਾਰੇ ਸੱਜਣਾ ਦੀ ਸੰਗਤ ਨਾਲ ਸਾਡੇ ਵਿਚ ਵੀ ਕਾਫ਼ੀ ਉਤਸ਼ਾਹ ਵੱਧਿਆ । ਇਨ੍ਹਾ ਪ੍ਰਚਾਰਕ ਸੱਜਣਾ ਦਾ ਪਿਛੋਂ ਵੀ ਕਾਫ਼ੀ ਸਮੇ ਤਕ ਸਾਡੇ ਨਾਲ ਸੰਪਰਕ ਬਣਿਆ ਰਿਹਾ । ਡਾਕਟਰ ਸਤਨਾਮ ਸਿੰਘ ਮਗਰੋਂ ਵੀ ਸਾਡੇ ਕਈ ਕੈਂਪਾਂ ਵਿਚ ਵੀ ਸ਼ਾਮਿਲ ਹੁੰਦੇ ਰਹੇ ।

ਮਗਰੋਂ ਸਿੱਖ ਨਿਸ਼ਨਰੀ ਕਾਲਜ ਲੁਧਿਆਣਾ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਨਾਲ ਵੀ ਸਾਡਾ ਸੰਪਰਕ ਬਣ ਗਿਆ । ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇਕ ਅਹੁਦੇਦਾਰ ਸ੍ਰ: ਜਤਿੰਦਰਪਾਲ ਸਿੰਘ ਪਟਨਾ ਸਾਹਿਬ ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ ਬਦਲ ਕੇ ਆਏ ਸਨ । ਇਹ ਵੀ ਸਾਡੇ ਕੈਂਪਾਂ ਵਿਚ ਆਉਣ ਲਗ ਪਏ । ਪਟਨਾ ਸਾਹਿਬ ਤੋਂ ਇਲਾਵਾ ਅਸੀਂ ਉਨ੍ਹਾ ਦੇ ਸਹਿਯੋਗ ਨਾਲ ਹੋਰ ਵੀ ਕਈ ਸ਼ਹਿਰਾਂ ਵਿਚ ਕੈਂਪਾ ਦਾ ਆਯੋਜਨ ਕੀਤਾ । ਮਗਰੋਂ ਸਟੱਡੀ ਸਰਕਲ ਵੱਲੋਂ ਇਕ ਹੋਰ ਵੀਰ ਸਰਦਾਰ ਸਰਬਜੀਤ ਸਿੰਘ ਜੋ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਕਾਰਜਰਤ ਸਨ ਵੀ ਸਾਡੇ ਕੈਂਪਾ ਵਿਚ ਸ਼ਾਮਿਲ ਹੋਣ ਲੱਗੇ ।ਇਨ੍ਹਾ ਨਾਲ ਅਸੀਂ ਬਿਹਾਰ, ਬੰਗਾਲ ਤੇ ਉੜੀਸਾ ਦੇ ਕਈ ਨਗਰਾਂ ਵਿਚ ਗੁਰਮਤਿ ਟ੍ਰੇਨਿੰਗ ਕੈਂਪ ਲਗਾਏ ।ਜਿਨ੍ਹਾ ਵਿਚ ਬਰਨਪੁਰ, ਚੀਨਾਕੋੜੀ, ਆਸਨਸੋਲ , ਗੋਮੋ, ਸਿੰਦਰੀ ਰੌੜਕੇਲਾ ਸ਼ਮਸ਼ੇਦਪੁਰ ਆਦਿਕ ਪ੍ਰਸਿੱਧ ਨਗਰ ਸ਼ਾਮਿਲ ਸਨ ।

## ਬਿਹਾਰ ਬੰਗਾਲ ਕੋ-ਆਰਡੀਨੇਸ਼ਨ ਕਮੇਟੀ ਦੀ ਸਥਾਪਨਾ

ਧਨਬਾਰ ਲਗਾਏ ਇਕ ਕੈਂਪ ਵਿਚ ਸ੍ਰ ਜਤਿੰਦਰਪਾਲ ਸਿੰਘ ਹੁਰਾਂ ਦੀ ਪ੍ਰੇਰਨਾ ਨਾਲ ਅਸੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪੂਰਬੀ ਭਾਰਤ ਵਿਚ ਸਿੱਖੀ ਦੇ ਪ੍ਰਚਾਰ ਹਿਤ ਇਕ ਕੋ-ਆਰਡੀਨੇਸ਼ਨ ਕਮੇਟੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸਥਾਪਨਾ ਕੀਤੀ ।ਇਸ ਮੌਕੇ ਪ੍ਰਸਿੱਧ ਸਿੱਖ ਖੋਜੀ ਵਿਦਵਾਨ ਸ੍ਰ:ਪਿਆਰਾ ਸਿੰਘ ਪਦਮ ਅਤੇ ਉੱਘੇ ਸਮਾਜ ਸੇਵੀ ਸ੍ਰ: ਭਗਵੰਤ ਸਿੰਘ ਦਿਲਾਵਰੀ ਵੀ ਸ਼ਾਮਿਲ ਹੋਏ ਸਨ । ਦਿਲਾਵਰੀ ਜੀ ਉਸ ਸਮੇ ਅਮਰਾਵਤੀ (ਮਹਾਰਾਸ਼ਟਰ) ਵਿਚ ਕੋਹੜੀਆਂ ਦੇ ਸੈਂਟਰ ਵਿਚ ਸੇਵਾ ਕਰਦੇ ਸਨ । ਉਨ੍ਹਾਂ ਭਾਰਤੀ ਹਾਈ ਕਮਿਸ਼ਨ ਦੀ ਨਾਮਵਰ ਵਿਦੇਸ਼ ਸੇਵਾ ਤੋਂ ਇਸਤੀਫ਼ਾ ਦੇਕੇ ਇਹ ਸੇਵਾ ਸ਼ੁਰੂ ਕੀਤੀ ਸੀ ।ਦਲਾਵਰੀ ਜੀ ਉਚ ਕੋਟੀ ਦੇ ਵਿਦਵਾਨ ਹੋਣ ਤੇ ਵੀ ਬਹੁਤ ਹੀ ਸਾਦ-ਮੁਰਾਦੇ ਵੇਸ ਵਿਚ ਵਿਚਰਦੇ ਸਨ । ਪ੍ਰਚਾਰ ਲਈ ਵੀ ਕੋਈ ਭੇਟਾ ਸਵੀਕਾਰ ਨਹੀਂ ਸੀ ਕਰਦੇ ਸੰਗੋ ਆਪਣੇ ਕੋਲੋਂ ਖ਼ਰਚ ਕਰਕੇ ਸਾਡੇ ਸਮਾਗਮਾ ਤੇ ਪੁੱਜਦੇ ਰਹੇ ।ਧਨਬਾਦ ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾ ਨੂੰ ਇਕ ਸਾਲ ਗੁਰੂ ਨਾਨਕ ਦੇਵ ਜੀ ਦੇ ਗੁਰਰਪੁਰਬ ਤੇ ਹੋਣ ਵਾਲੇ ਸਦਭਾਵਨਾ ਦਿਵਸ ਤੇ ਸੰਗਤੀ ਦੀਵਾਨ ਵਿਚ ਬੋਲਣ ਲਈ

ਬੁਲਾਇਆ ਗਿਆ ਸੀ । ਉਹ ਬਿਨਾ ਕਿਸੇ ਮੂੰਹ ਮੁਲਾਹਜੇ ਤੇ ਰਸਮੀ ਲਿਹਾਜ਼ਦਾਰੀ ਦੇ ਬੜੀ ਹੀ ਬੇਬਾਕੀ ਨਾਲ ਪ੍ਰਚਾਰ ਕਰਦੇ ਸਨ । ਗੁਰਮਤਿ ਵਿਚਾਰਧਾਰਾ ਬਾਰੇ ਉਨ੍ਹਾ ਦੀਆਂ ਕਈਆਂ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ ।

ਧਨਬਾਦ ਦੇ ਕੁਝ ਸਿੱਖ ਨੌਜਵਾਨ ਸਾਡੇ ਪ੍ਰਚਾਰ ਕਾਰਜਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਸਨ । ਇਨ੍ਹਾ ਦਾ ਉਤਸ਼ਾਹ ਵੇਖਕੇ ਅਸੀ ਇਕ ਖਾਲਸਾ ਬੈਂਡ ਵੀ ਤਿਆਰ ਕੀਤਾ। ਇਸ ਲਈ ਰਾਮਗੜ੍ਹ ਸਿੱਖ ਮਿਲਟਰੀ ਸੈਂਟਰ ਤੋਂ ਇਕ ਸਿੱਖ ਬੈਂਡਮਾਸਟਰ ਦੀ ਸੇਵਾ ਪ੍ਰਾਪਤ ਕੀਤੀ ।ਉਸਨੇ ਕੁਝ ਸਮੇ ਲਈ ਆਪਣੀ ਨੌਕਰੀ ਤੋਂ ਛੁੱਟੀ ਲੈਕੇ ਸਾਡੇ ਨੌਜਵਾਨਾ ਨੂੰ ਬੈਂਡ ਵਜਾਉਣ ਦੀ ਟਰੇਨਿੰਗ ਦਿੱਤੀ । ਨੌਜਵਾਨ ਵਿਦਿਆਰਥੀਆਂ ਦਾ ਇਹ ਬੈਂਡ ਇਲਾਕੇ ਵਿਚ ਬੜਾ ਹਰਮਨ ਪਿਆਰਾ ਹੋ ਗਿਆ । ਗੁਰਪੁਰਬਾਂ ਤੇ ਆਲੇ ਦੁਆਲੇ ਦੇ ਗੁਰਦੁਆਰਿਆਂ ਦੁਆਰਾ ਕੱਢੇ ਜਾਂਦੇ ਨਗਰ ਕੀਰਤਨ ਲਈ ਇਸਦੀ ਬੜੀ ਮੰਗ ਹੋਣ ਲਗ ਪਈ ।ਇਕ ਵਾਰ ਪਟਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਤੇ ਕੱਢੇ ਜਾਂਦੇ ਨਗਰ ਕੀਰਤਨ ਵਿਚ ਵੀ ਇਹ ਬੈਂਡ ਪਾਰਟੀ ਸ਼ਾਮਿਲ ਹੋਈ ਸੀ ।

ਕਈ ਵਾਰ ਅਸੀਂ ਲੁਧਿਆਂਣੇ ਸਿਖ ਸਟੱਡੀ ਸਰਕਲ ਦੇ ਸਾਲਾਨਾ ਸਮਾਗਮਾਂ ਵਿਚ ਵੀ ਸ਼ਾਮਿਲ ਹੋਣ ਵੀ ਚਲੇ ਜਾਂਦੇ ਸਾਂ ।ਉਥੇ ਕਈ ਸਿੱਖ ਵਿਦਵਾਨਾ ਦੇ ਦਰਸ਼ਨ ਕਰਨ ਤੇ ਵਿਚਾਰ ਸੁਣਨ ਦਾ ਅਵਸਰ ਮੈਨੂੰ ਮਿਲ ਜਾਂਦਾ ।ਇਸਤਰਾਂ ਭਾਰਤ ਦੇ ਇਸ ਪੂਰਬੀ ਖੇਤਰ ਦੀ ਸਿੱਖ ਵੱਸੋਂ ਦੇ ਨੌਜਵਾਨਾ ਵਿਚ ਸਿੱਖੀ ਪ੍ਰਚਾਰ ਦੀ ਇਕ ਲਹਿਰ ਚਲ ਪਈ । ਸੰਨ 1998 ਵਿਚ ਕੈਨੇਡਾ ਪ੍ਰਵਾਸ ਕਰਨ ਮਗਰੋਂ ਵੀ ਮੇਰਾ ਧਨਬਾਦ ਨਾਲ ਸੰਬੰਧ ਜੁੜਿਆ ਆ ਰਿਹਾ ਹੈ । ਪਿਛਲੇ ਵੀਹ ਇੱਕੀ ਸਾਲਾਂ ਦੇ ਸਾਰੇ ਸਮੇ ਵਿਚ ਮੇਰਾ ਅਜ ਤਕ ਇਨ੍ਹਾ ਨੌਜਵਾਨਾ ਨਾਲ ਸੰਬੰਧ ਬਣਿਆ ਹੋਇਆ ਹੈ । ਆਪਣੀ ਹਰੇਕ ਭਾਰਤੀ ਫ਼ੇਰੀ ਦੌਰਾਨ ਮੈ ਧਨਬਾਦ ਜਾਣ ਤੋਂ ਨਹੀਂ ਰਹਿ ਸਕਿਆ । ਕੈਨੇਡਾ ਆਉਣ ਮਗਰੋਂ ਹੁਣ ਤਕ ਤਿੰਨ ਵਾਰ ਉਥੇ ਹੋਏ ਸਾਲਾਨਾ ਕੈਂਪ ਵਿਚ ਵੀ ਹਿੱਸਾ ਲੈ ਚੁਕਾ ਹਾਂ । ਉਥੇ ਦੀ ਸਿੱਖ ਸੰਗਤ ਦੇ ਪਿਆਰ ਤੇ ਸਤਿਕਾਰ ਦੀ ਭਾਵਨਾ ਨਾਲ ਅਜੇ ਵੀ ਮਨ ਪਸੀਜ ਜਾਂਦਾ ਹੈ ।

ਧਨਬਾਦ ਮਨਾਏ ਜਾਂਦੇ ਗੁਰਪੁਰਬਾਂ ਤੇ ਅਸੀਂ ਪੰਜਾਬ ਤੋਂ ਕਈ ਨਾਮੀ ਰਾਗੀ ਜੱਥੇ ਤੇ ਵਿਦਵਾਨ ਪ੍ਰਚਾਰਕ ਬੁਲਾਂਦੇ ਰਹਿੰਦੇ ਸਾਂ । ਇਸਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤੁਸਵ ਤੇ ਵੀ ਦਿੱਲੀ ਤੇ ਪੰਜਾਬ ਤੋਂ ਕਈ ਨਾਮੀ ਕਵੀ ਤੇ ਗਾਇਕ ਆਉਂਦੇ ਰਹਿੰਦੇ ਸਨ । ਇਨ੍ਹਾ ਜੱਥਿਆਂ, ਵਿਦਵਾਨ ਤੇ ਕਲਾਵਾਨ ਸੱਜਣਾ ਦੀ ਸੰਗਤ ਦੀਆਂ ਬੜੀਆ ਮਿੱਠੀਆ ਯਾਦਾਂ ਮੇਰੇ ਮਨ ਵਿਚ ਵੱਸੀਆਂ ਹੋਈਆ ਹਨ । ਇਨ੍ਹਾ ਵਿਚੋਂ ਕਈਆਂ ਨਾਲ ਮੇਰੀ ਸਾਂਝ ਮਗਰੋਂ ਵੀ ਚਲਦੀ ਰਹੀ ।ਸ੍ਰੀ ਹਰਿਗੋਬਿੰਦਪੁਰਾ ਨਿਵਾਸੀ ਸ੍ਰ: ਚੰਨਣ ਸਿੰਘ ਚਮਨ ਹਰਿਗੋਬਿੰਦਪੁਰੀ ਦਸ਼ਮੇਸ਼ ਪ੍ਰਕਾਸ਼ ਦੇ ਕਈ ਗੁਰਪੁਰਬਾਂ ਤੇ ਆਉਂਦੇ ਰਹੇ । ਉਨ੍ਹਾ ਦੀਆਂ ਸਤਿਗੁਰੂ ਮਹਿਮਾ ਤੇ ਸਮਾਜਕ ਕੁਰੀਤੀਆਂ ਨੂੰ ਹਾਸਰੱਸ ਵਿਚ ਵਿਚ ਗਲੇਫ਼ ਕੇ ਸੁਣਾਈਆਂ ਕਵਿਤਾਵਾਂ ਦੀਆਂ ਕਈ ਸੱਤਰਾਂ ਸਾਡੀ ਬੋਲਚਾਲ ਵਿਚ ਸ਼ਾਮਿਲ ਹੋ ਗਈਆਂ ਸਨ।ਸੰਗਤਾਂ ਵਿਚ ਉਨ੍ਹਾ ਨੂੰ ਸੁਣਨ ਦਾ ਬੜਾ ਉਤਸ਼ਾਹ ਹੁੰਦਾ ਸੀ । ਜਮਨਾਨਗਰ ਤੋਂ ਪ੍ਰੋ: ਰਾਬਿੰਦਰ ਸਿੰਘ ਮਸਰੂਰ ਵੀ ਸਾਡੇ ਆਯੋਜਿਤ ਕਵੀ ਦਰਬਾਰਾਂ ਦੀ ਸ਼ਾਨ ਸਨ । ਉਨ੍ਹਾ ਦੀਆਂ ਮਿੱਠੀ ਸੁਰ ਵਿਚ ਗਾਈਆਂ ਗੁਰੂ ਪ੍ਰੇਮ ਵਿਚ ਗੜੁੱਚ ਕਵਿਤਾਵਾਂ ਤੇ ਗੀਤ ਸੰਗਤਾਂ ਨੂੰ ਮੰਤਰਮੁਗਧ ਕਰ ਦਿੰਦੇ ਸਨ ।ਹੋਰ ਵੀ ਕਈ ਪ੍ਰਸਿੱਧ ਕਵੀ ਤੇ ਗਾਇਕ ਧਨਬਾਦ ਦੇ ਦਸ਼ਮੇਸ਼ ਕਵੀ ਦਰਬਾਰਾਂ ਵਿਚ ਸ਼ਾਮਿਲ ਹੁੰਦੇ ਰਹੇ ।ਗੁਰਮਤਿ ਵਿਦਿਆਲਾ ਦੇ ਕੁਝ ਵਿਦਿਆਰਥੀ ਵੀ ਚੰਗਾ ਗਾ ਵਜਾ ਲੈਂਦੇ ਸਨ ਤੇ ਇਲਾਕੇ ਦੇ ਮਨਾਏ ਜਾਂਦੇ ਗੁਰਪੁਰਬਾਂ ਵਿਚ ਹਿੱਸਾ ਲੈਂਦੇ ਸਨ । ਪਰੰਤੂ ਮਗਰੋਂ ਇਹ ਹਿੰਦੀ ਗਾਣੇ ਤੇ ਮਾਤਾ ਦੇ ਭਜਨ ਗਾਉਣ ਵਲ ਰੁਚਿਤ ਹੋ ਗਏ । ਸ਼ਾਇਦ ਉਨ੍ਹਾ ਨੂੰ ਉਥੋਂ ਵੱਧ ਮਾਇਆ ਮਿਲਦੀ ਹੋਵੇਗੀ ।ਇਲਾਕੇ ਦੇ ਹੋਰ ਕਈ ਨਾਮੀ ਗੁਰਮੁਖ ਸੱਜਣਾ ਨਾਲ ਵੀ ਮੇਰਾ ਸੰਪਰਕ ਹੋਇਆ । ਦੁਰਗਾਪੁਰ ਦੇ ਸ੍ਰ: ਮਾਨ ਸਿੰਘ ਸ਼ਮਸ਼ੇਰ ਵੀ ਇਲਾਕੇ ਦੇ ਚੰਗੇ ਪ੍ਰਚਾਰਕ ਸਨ । ਉਹ ਵੀ ਸਾਡੇ ਕਈ ਗੁਰਮਤਿ ਕੈਂਪਾਂ ਦੇ ਗੁਰਮਤਿ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਰਹੇ ਸਨ ।

ਸੰਨ 1972 ਤੋਂ 1998 ਤਕ (ਵਿਚੋਂ ਮਲੇਸ਼ੀਆ ਦੀ ਦੋ ਸਾਲ ਦੀ ਫ਼ੇਰੀ ਛਡਕੇ ) ਮੈਂ 24 ਸਾਲ ਧਨਬਾਦ ਵਿਚ ਬਿਤਾਏ ਜੋ ਮੇਰੇ ਜੀਵਨ ਦਾ ਸਰਵੋਤਮ ਸਮਾਂ ਸੀ । ਇਸ ਦੌਰਾਨ ਮੇਰੀ ਸ਼ਾਦੀ ਹੋਈ ਤੇ ਵਾਹਿਗੁਰੂ ਨੇ ਦੋ ਬੱਚਿਆਂ ਦੀ ਦਾਤ ਦਿੱਤੀ । ਬੱਚਿਆਂ ਨੂੰ ਮੁਢਲੀ ਪਰਵਰਿਸ਼ ਅਤੇ ਵਿਦਿਆ ਵੀ ਇਥੇ ਹੀ ਮਿਲੀ । ਇਸ ਸਮੇ ਦੀਆਂ ਕਈ ਚੰਗੀਆਂ ਸੁਖਦਾਈ ਯਾਦਾਂ ਮੇਰੇ ਮਨ ਵਿਚ ਵਸਦੀਆਂ ਹੋਈਆਂ ਹਨ । ਵਿਸ਼ੇਸ਼ ਕਰਕੇ ਇਥੋਂ ਦੇ ਸਿਖ ਸਮਾਜ ਦੀ ਪ੍ਰਵਾਰਕ ਤੇ ਸਮਾਜਕ ਮਰਿਆਦਾ ਦਾ ਚੰਗਾ ਪ੍ਰਭਾਵ ਮੇਰੇ

ਬੱਚਿਆ ਤੇ ਪਿਆ ।ਇਸਦਾ ਇਕ ਸਬੂਤ ਹੈ ਕਿ ਮਗਰੋਂ ਪੰਜਾਬ ਵਿਚ ਪੜ੍ਹਦਿਆਂ ਵੀ ਉਨ੍ਹਾ ਆਪਣਾ ਸਿੱਖੀ ਸਰੂਪ ਕਾਇਮ ਰੱਖਿਆ ।ਇਹ ਵੇਖ ਕੇ ਮਨ ਵਲੂੰਧਰਿਆਂ ਜਾਂਦਾ ਹੈ ਕਿ, ਸਤਿਗੁਰਾਂ ਦੀ ਧਰਤੀ ਤੇ ਇੱਥੇ ਸਿਖ ਪ੍ਰਵਾਰਾਂ ਦੇ ਬਹੁਗਿਣਤੀ ਮੁੰਡੇ ਮੋਨੇ ਹੋ ਰਹੇ ਹਨ । ਮਗਰੋਂ ਪੰਜਾਬ ਵਿਚ ਜਿਨ੍ਹਾ ਸਕੂਲਾਂ ਤੇ ਕਾਲਜਾਂ ਵਿਚ ਮੇਰੇ ਬੱਚੇ ਪੜ੍ਹਦੇ ਰਹੇ ਉਨ੍ਹਾ ਦੇ ਬਹੁਤੇ ਵਿਦਿਆਰਥੀ ਮੋਨੇ ਹੀ ਵੇਖੇ ।

ਮੇਰਾ ਵੱਡਾ ਲੜਕਾ ਜਗਦੀਪ ਸਿੰਘ ਪਟਿਆਲੇ ਜਿਸ ਘਰ ਵਿਚ ਕਿਰਾਏ ਤੇ ਰਹਿੰਦਾ ਸੀ ਉਸ ਪ੍ਰਵਾਰ ਦਾ ਮੁੰਡਾ ਮਾਪਿਆਂ ਤੋਂ ਚੋਰੀ ਛੁਪੇ ਆਪਣੇ ਦੋਸਤਾਂ ਵਿਚ ਬੈਠ ਕੇ ਸ਼ਰਾਬ ਪੀਂਦਾ ਸੀ ਤੇ ਮੇਰੇ ਮੁੰਡੇ ਨੂੰ ਵੀ ਇਸ ਲਈ ਪ੍ਰੇਰਦਾ ਸੀ । ਇਕ ਵਾਰੀ ਉਸਦੇ ਦੋਸਤਾਂ ਦੀ ਢਾਣੀ  ਮੇਰੇ ਲੜਕੇ ਦੇ ਕਮਰੇ ਵਿਚ ਆਕੇ ਬੈਠੀ ਜਿਹੜਾ ਬਾਕੀ ਘਰ ਨਾਲੋਂ ਵੱਖਰਾ ਸੀ । ਉਥੇ ਘਰ ਦਿਆਂ ਨੂੰ ਦਿਖਾਣ ਲਈ ਉਹ ਪੰਜ ਛੇ ਕੱਪ ਚਾਹ ਬਣਵਾ ਲਿਆਇਆ ।ਤੇ ਨਾਲ ਹੀ ਉਸਨੇ ਦੋਸਤਾਂ ਲਈ ਲਿਆਂਦੀ ਸ਼ਰਾਬ ਦੀ ਬੋਤਲ ਖੋਲ੍ਹ ਲਈ ਤੇ ਹੋਰਨਾ ਨਾਲ ਮੇਰੇ ਮੁੰਡੇ ਨੂੰ ਵੀ ਪੀਣ ਲਈ ਜ਼ੋਰ ਦੇਣ ਲੱਗਾ । ਪਰ ਉਸਨੇ ਸ਼ਰਾਬ ਪੀਣੀ ਨਾਹ ਮੰਨੀ । ਅਖੀਰ ਉਸ ਮੁੰਡੇ ਨੇ ਕਿਹਾ ਜੇਕਰ ਸਾਡੇ ਨਾਲ ਸ਼ਰਾਬ ਨਹੀਂ ਪੀਂਦਾ ਤਾਂ ਇਹ ਸਾਰੀ ਚਾਹ ਤੈਨੂੰ ਪੀਣੀ ਪਵੇਗੀ । ਜਗਦੀਪ ਸਿੰਘ  ਉਸਦੀ ਗਲ ਰੱਖਣ ਲਈ ਪੰਜ ਛੇ ਕਪ ਚਾਹ ਪੀ ਗਿਆ ਪਰ ਉਸਨੇ ਸ਼ਰਾਬ ਨੂੰ ਹੱਥ ਨਾਹ ਲਾਇਆ ।ਉਹ ਭਾਰਤ ਦੇ ਕਈ ਸ਼ਹਿਰਾਂ ਵਿਚ ਰਹਿਕੇ ਪੜ੍ਹਦਾ ਤੇ ਮਗਰੋਂ ਨੌਕਰੀ ਕਰਦਾ ਰਿਹਾ ਪੰਤੂ ਬਚਪਨ ਦੀ ਕੀਤੀ ਸਿੱਖ ਸੰਗਤ ਦੇ ਪ੍ਰਭਾਵ ਕਰਕੇ ਉਸਨੇ ਆਪਣੀ ਸਿੱਖ ਸੂਰਤ ਕਾਇਮ ਰੱਖੀ ਹੋਈ ਹੈ ।ਹੁਣ ਉਹ ਵਿਆਹਿਆ ਹੋਇਆ ਹੈ ਤੇ ਆਪਣੀ ਇਕਲੋਤੀ  ਬੇਟੀ ਨੂੰ ਗੁਰਦੁਆਰੇ ਗੁਰਮਤਿ ਦੀ ਸਿਖਿਆ ਲੈਣ ਲਈ ਲੈ ਜਾਂਦਾ ਹੈ ।

ਛੋਟਾ ਚਰਨਦੀਪ ਸਿੰਘ ਵੀ ਸੈਕੰਡਰੀ  ਦੀ ਪੜ੍ਹਾਈ ਧਨਬਾਦ ਪੂਰੀ ਕਰਕੇ ਮਗਰੋਂ ਪਟਿਆਲੇ ਦੇ ਕਾਲਜਾਂ ਵਿਚ ਪੜ੍ਹਦਾ ਰਿਹਾ ਪਰ ਉਸਨੇ ਵੀ ਆਪਣੀ ਸਿੱਖੀ ਸੂਰਤ ਤੇ ਦਸਤਾਰ ਕਾਇਮ ਰੱਖੀ । ਪਟਿਆਲੇ ਰਹਿੰਦਿਆਂ ਉਸਦੇ ਕਈ ਕਲਾਸ ਦੇ ਹਾਣੀ ਮੈ ਵੇਖੇ ਜਿਨ੍ਹਾ ਵਿਚ ਇਕ ਵੀ ਸਿੱਖੀ ਸੂਰਤ ਵਾਲੇ ਲੜਕੇ ਦੀ ਝਲਕ ਨਹੀ ਪਈ । ਮਗਰੋਂ ਕਾਲਜ ਦੀ ਪੜਾਈ ਪੂਰੀ ਕਰਨ ਤੇ ਉਸਨੂੰ ਕਲਾਸ ਦਾ ਸਭਤੋਂ ਸੁਨੱਖਾ ਵਿਦਿਆਰਥੀ ਹੋਣ ਦਾ ਮਾਣ ਵੀ ਮਿਲਿਆ । ਹੁਣ ਚਰਨਦੀਪ ਸਿੰਘ ਕੈਨੇਡਾ ਪੋਸਟ ਦੀ ਨੌਕਰੀ ਕਰਦਾ ਹੈ ਤੇ ਰੋਜ਼ ਨਵੀਂ ਦਸਤਾਰ ਸਜਾ ਕੇ ਜਾਂਦਾ ਹੈ । ਇਕ ਵਾਰੀ ਇਕ ਗੋਰੇ ਸਾਥੀ ਨੇ ਪੁਛਿਆ ਤੇਰੇ ਕੋਲ ਕਿਨ੍ਹੇ ਰੰਗਾਂ ਦੀਆ ਦਸਤਾਰਾਂ ਹਨ । ਉਸਨੇ ਜਵਾਬ ਦਿੱਤਾ ਜਿਹੜਾ ਰੰਗ ਵੀ ਤੂੰ ਬੋਲੇਂ ।ਹਰ ਪੱਖੋਂ ਪੂਰਨ ਹੋਣਾ ਕਿਸੇ ਮਨੁੱਖ ਲਈ ਅਸੰਭਵ ਹੈ ਪ੍ਰੰਤੂ ਸਿੱਖ ਸਰੂਪ ਕਾਇਮ ਰੱਖਣਾ ਵੀ ਅਜਕਲ ਦੇ ਬੇਮੁਹਾਰੇ ਮਲਟੀ ਕਲਚਰਲ ਮਾਹੌਲ ਵਿਚ ਵੱਡੀ ਗਲ ਹੈ ।ਧਨਬਾਦ ਦੀ ਸਿੱਖੀ ਭਾਵਨਾ ਵਾਲੀ ਸੰਗਤ ਦਾ ਹੀ ਪ੍ਰਭਾਵ ਹੈ ਜਿਸ ਕਰਕੇ ਮੇਰੇ ਦੋਵੇਂ ਲੜਕੇ ਦੇਸ ਵਿਦੇਸ ਵਿਚ ਵਿਚਰਦਿਆਂ ਵੀ ਆਪਣਾ ਵਿਰਸਾ ਸੰਭਾਲ ਰਹੇ ਹਨ ।

* * * * * * * * * *

ਸਾਜਨ ਦੇਸ ਵਿਦੇਸੀਅੜੇ

ਧਨਬਾਦ ਕੁਝ ਪ੍ਰਵਾਰ ਸਮੇ ਸਮੇ ਆਪਣੇ ਘਰ ਵੀ ਸਤਿਸੰਗ ਕਰਵਾਉਂਦੇ ਰਹਿੰਦੇ ਸਨ ।ਇਨ੍ਹਾ ਵਿਚ ਬਹੁਤੇ ਕੋਇਲਾ ਖਾਣਾ ਨਾਲ ਸੰਬੰਧਤ ਕਰਮਚਾਰੀ ਤੇ ਅਫ਼ਸਰ ਸਨ । ਸ੍ਰਦਾਰ ਰਾਜਿੰਦਰ ਸਿੰਘ ਚਾਹਲ ਜੋ ਇਕ ਇਰੰਜੀਨੀਅਰਿੰਗ ਕੰਪਨੀ ਦੇ ਮਾਲਕ ਹਨ ਵੀ ਇਸ ਸੰਗਤ ਦੇ ਸਰਗਰਮ ਮੈਂਬਰ ਸਨ । ਉਨ੍ਹਾ ਨਾਲ ਕਈ ਸਾਲਾਂ ਤੋਂ ਮੇਰੀ ਸਨੇਹਮਈ ਸਾਂਝ ਬਣੀ ਹੋਈ ਸੀ ।ਉਨ੍ਹਾ ਦਾ ਸੰਪਰਕ ਵੈਨਕੁਵਰ ਦੇ ਖਾਲਸਾ ਦੀਵਾਨ ਰੌਸ ਸਟ੍ਰੀਟ ਨਾਲ ਵੀ ਸੀ ਜਿਥੇ ਉਨ੍ਹਾ ਦਾ ਇਕ ਨਿਕਟਵਰਤੀ ਰਿਸ਼ਤੇਦਾਰ ਦੀਵਾਨ ਦੀ ਕਮੇਟੀ ਦਾ ਮੈਂਬਰ ਸੀ । ਉਸਦੀ ਸਹਾਇਤਾ ਨਾਲ ਸ੍ਰ: ਰਾਜਿੰਦਰ ਸਿੰਘ ਹੁਰਾਂ ਮੈਨੂੰ ਦੀਵਾਨ ਵੱਲੋਂ ਪ੍ਰਚਾਰਕ ਵੱਜੋਂ ਸਪੋਂਸਰਸ਼ਿਪ ਦੀ ਚਿੱਠੀ ਦੁਆ ਦਿੱਤੀ । ਇਸ ਨਾਲ ਮੈਨੂੰ ਸੰਨ 1998 ਦੇ ਆਰੰਭ ਵਿਚ ਕੈਨੇਡਾ ਦਾ ਇਕ ਸਾਲ ਦਾ ਟੂਰਿਸਟ ਵੀਜ਼ਾ ਮਿਲ ਗਿਆ ।ਮੈਂ ਆਪਣੇ ਕਾਲਜ ਦੀ ਸੇਵਾ ਤੋਂ ਇਕ ਸਾਲ ਦੀ ਛੁੱਟੀ ਲੈ ਲਈ ।ਸ੍ਰ: ਰਾਜਿੰਦਰ ਸਿੰਘ ਨੇ ਹੀ ਸਿੰਘਾਪੁਰ ਏਅਰਲਾਈਨਜ਼ ਤੇ ਮੇਰੀ ਹਵਾਈ ਟਿਕਟ ਵੀ ਬੁੱਕ ਕਰਵਾ ਦਿੱਤੀ ਤੇ ਮੈਨੂੰ ਪ੍ਰਵਾਸ ਦੇ ਮੁਢਲੇ ਖਰਚਿਆਂ ਲਈ ਕੁਝ ਡਾਲਰ ਵੀ ਦਿੱਤੇ । 21 ਮਾਰਚ ਸੰਨ 1998 ਨੂੰ ਕਲਕੱਤੇ ਤੋਂ ਸਿੰਘਾਪੁਰ ਏਅਲਾਈਨਜ਼ ਦੁਆਰਾ ਮੈਂ ਵੈਨਕੁਵਰ ਪੁੱਜ ਗਿਆ । ਅਗੋਂ ਸ੍ਰ: ਰਾਜਿੰਦਰ ਸਿੰਘ ਦੇ ਸੰਬੰਧੀ ਸੱਜਣ ਮੈਨੂੰ ਆਪਣੇ ਘਰ ਲੈ ਗਏ ਤੇ ਮਗਰੋਂ ਗੁਰਦੁਆਰਾ ਸਾਹਿਬ ਵਿਚ ਰਿਹਾਇਸ਼ ਦੁਆ ਦਿੱਤੀ ।

ਇਹ ਮੇਰੇ ਲਈ ਬਿਲਕੁਲ ਨਵਾਂ ਮਾਹੌਲ ਤੇ ਸੰਗਤ ਸੀ ।ਗੁਰਦੁਆਰਾ ਰੌਸ ਸਟ੍ਰੀਟ ਵਿਚ ਕਈ ਪ੍ਰਚਾਰਕ ਤੇ ਰਾਗੀ ਜੱਥੇ ਆਉਂਦੇ ਰਹਿੰਦੇ ਹਨ ਅਤੇ ਇਕ ਸਮੇਂ ਕਈ ਪ੍ਰਚਾਰਕਾਂ ਰਾਗੀ ਜੱਥਿਆ ਦਾ ਰੋਜ਼ਾਨਾ ਦੀਵਾਨ ਚਲਦਾ ਹੈ । ਇਸ ਵਿਚ ਮੈਨੂੰ ਵੀ ਗੁਰਬਾਣੀ ਦੀ ਲੜੀਵਾਰ ਚਲ ਰਹੀ ਵਿਚਾਰ ਲਈ ਰੋਜ਼ਾਨਾ ਤੀਹ ਚਾਲੀ ਮਿੰਟ ਦਾ ਸਮਾ ਮਿਲ ਜਾਂਦਾ ।ਉਸ ਸਮੇ ਗਿਆਨੀ ਸੁਰਜੀਤ ਸਿੰਘ ਵੀ ਇਥੇ ਪ੍ਰਚਾਰ ਕਰ ਰਹੇ ਸਨ । ਉਨ੍ਹਾ ਨਾਲ ਮੇਰੀ ਸੰਗਤ ਹੋ ਗਈ ਤੇ ਮੈ ਇਥੋਂ ਦੀ ਪ੍ਰਚਾਰ ਸੇਵਾ ਤੇ ਹੋਰ ਵਰਤੋਂ ਵਿਹਾਰ ਬਾਰੇ ਉਨ੍ਹਾਂ ਪਾਸੋਂ ਕਾਫ਼ੀ ਕੁਝ ਸਿੱਖਿਆ।ਪਰੰਤੂ ਮੈਨੂੰ ਧਨਬਾਦ ਦੇ ਟਾਕਰੇ ਤੇ ਇਸ ਥਾਂ ਤੇ ਮਾਹੌਲ ਵਿਚੋਂ ਬਹੁਤੀ ਤਸੱਲੀ ਨਹੀਂ ਹੋਈ ।ਇਕ ਤਾਂ ਰੋਜ਼ਾਨਾ ਰੁਝੇਵੇਂ ਦਾ ਸਮਾ ਬਹੁਤ ਘੱਟ ਸੀ ਤੇ ਨਾਲੇ ਪ੍ਰਬੰਧਕਾਂ ਦਾ ਰਵਈਆ ਵੀ ਕੁਝ ਰੁੱਖਾ ਤੇ ਅਹਿਸਾਨ ਭਰਿਆ ਸੀ ।ਮੈਂ ਉਨ੍ਹਾ ਨੂੰ ਆਪਣੇ ਪਿਛਲੇ ਅਧਿਐਨ ਕਾਰਜ ਬਾਰੇ ਦਸਕੇ ਲਗਾਤਾਰ ਕਹਿੰਦਾ ਰਿਹਾ ਕਿ ਮੈਨੂੰ ਸਿੱਖ ਬਚਿਆਂ ਦੀਆਂ ਗੁਰਮਤਿ ਕਲਾਸਾਂ ਕਰਨ ਦੀ ਸੇਵਾ ਬਖ਼ਸ਼ੋ । ਗੁਰਦੁਆਰਾ ਸਾਹਿਬ ਨਾਲ ਚੰਗੀ ਗੁਰਮਤਿ ਤੇ ਪੰਜਾਬੀ ਪੁਸਤਕਾਂ ਦੀ ਲਾਇਬ੍ਰੇਰੀ ਸੀ ਤੇ ਪੜ੍ਹਾਈ ਲਈ ਕਲਾਸ ਰੂਮ ਵਜੋਂ ਵਰਤਨ ਵਾਸਤੇ ਵੀ ਵੱਖਰੇ ਕਮਰੇ ਸਨ । ਪ੍ਰਬੰਧਕਾਂ ਵਲੋਂ ਮੇਰੀ ਇਸ ਬੇਨਤੀ ਵੱਲ ਖਾਸ ਧਿਆਨ ਨਹੀਂ ਸੀ ਦਿੱਤਾ ਗਿਆ । ਦੋ ਕੁ ਵਾਰੀ ਜ਼ਰੂਰ ਉਨ੍ਹਾ ਨੇੜੇ ਦੇ ਸਕੂਲਾਂ ਵਿਚ ਪੜ੍ਹਦੇ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਸਿਖਿਆ ਦੇਣ ਲਈ ਮੈਨੂੰ ਭੇਜਿਆ ਪਰੰਤੂ ਇਸ ਨਾਲ ਮੇਰੀ ਤਸੱਲੀ ਨਾ ਹੋਈ । ਰੋਜ਼ਾਨਾ ਪ੍ਰਚਾਰ ਭੇਟਾ ਵੀ ਨਾਮ ਮਾਤਰ ਹੀ ਹੁੰਦੀ ਸੀ । ਡੇਢ ਕੁ ਮਹੀਨਾ ਰੋਜ਼ਾਨਾ ਸ਼ਬਦ ਵਿਚਾਰ ਮਗਰੋਂ ਮਿਲੀ ਕੁਲ ਭੇਟਾ ਮੇਰੀ ਕਾਲਜ ਦੀ ਮਾਸਿਕ ਤਨਖਾਹ ਜਿਤਨੀ ਵੀ ਨਹੀ ਸੀ ਹੋਈ ।

ਗੁਰਮਤਿ ਪ੍ਰਚਾਰ ਨਾਲ ਅਸੀਂ ਸਿਖ ਪ੍ਰਚਾਰਕਾਂ ਨੇ ਆਪਣੀ ਤੇ ਪ੍ਰਵਾਰ ਦੀ ਉਦਰ ਪੂਰਤੀ ਵੀ ਕਰਨੀ ਹੁੰਦੀ ਹੈ ਅਤੇ ਹੋਰ ਵੀ ਅਨੇਕਾਂ ਪ੍ਰਵਾਰਕ ਖਰਚੇ ਹੁੰਦੇ ਹਨ । ਦੇਸੋਂ ਬਾਹਰ ਜਾਣ ਦਾ ਇਕ ਪ੍ਰਯੋਜਨ ਕੁਝ ਕਮਾਈ ਵੀ ਜ਼ਰੂਰ ਹੁੰਦਾ ਹੈ ਜਿਸ ਨਾਲ ਆਪਣੀ ਆਰਥਕ ਅਵੱਸਥਾ ਵਿਚ ਸੁਧਾਰ ਹੋ ਸਕੇ ।ਧਨਬਾਦ ਦੇ ਮੇਰੇ ਦੋ ਜਾਣਕਾਰ ਪ੍ਰਵਾਰ ਵੀ ਵੈਨਕੂਵਰ ਆਕੇ ਵੱਸੇ ਹੋਏ ਸਨ ।ਮਲੇਸ਼ੀਆ ਦੇ ਸ੍ਰ: ਅਮਰ ਸਿੰਘ ਵੀ ਇਥੇ ਖਾਲਸਾ ਸਕੂਲ ਦੀ ਬ੍ਰਾਂਚ ਦੇ ਪ੍ਰਿੰਸੀਪਲ ਸਨ । ਇਨ੍ਹਾ ਪਰੀਚਿਤ ਸੱਜਣਾ ਨਾਲ ਮੇਲਜੋਲ ਨਾਲ ਮੇਰੇ ਮਨ ਨੂੰ ਕੁਝ ਧਰਵਾਸਾ ਮਿਲਿਆ । ਇਸ ਦੌਰ੍ਹਾਨ ਅਪ੍ਰੈਲ ਸ਼ੁਰੂ ਵਿਚ ਮੈਨੂੰ ਵੈਸਾਖੀ ਦੇ ਆ ਰਹੇ ਪੂਰਬ ਲਈ ਵਿੰਨੀਪੈਗ ਸਿੱਖ ਸੋਸਾਇਟੀ ਦੀ ਮੰਗ ਤੇ ਮੈਨੂੰ ਉੱਥੇ ਭੇਜਿਆ ਗਿਆ । ਉਥੇ ਵੈਸਾਖੀ ਤਕ ਲਗਭਗ ਦੋ ਹਫ਼ਤੇ ਮੈਂਨੂੰ ਰੋਜ਼ਾਨਾ ਸ਼ਾਮੀ ਦੇ ਦੀਵਾਨ ਵਿਚ ਗੁਰਮਤਿ ਵਿਚਾਰ ਕਰਨ ਦਾ ਅਵਸਰ ਮਿਲਿਆ ।ਪਟਿਆਲੇ ਤੋਂ ਆਕੇ ਵੱਸੇ ਇਕ ਪ੍ਰਵਾਰ ਨੇ ਮੈਨੂੰ ਕਾਫ਼ੀ ਆਦਰ ਮਾਣ ਦਿੱਤਾ । ਸੰਗਤ ਨੇ ਵੀ ਮੇਰੀ ਸੇਵਾ ਦੀ ਸਲਾਹੁਤਾ ਕੀਤੀ । ਮੈਂ ਨਾਲ ਨਾਲ ਬੱਚਿਆਂ ਦੀ ਗੁਰਮਤਿ ਕਲਾਸ ਵੀ ਲੈਂਦਾ ਰਿਹਾ ।

ਇਥੇ ਵੈਸਾਖੀ ਦੇ ਅਵਸਰ ਤੇ ਸਟੇਟ ਦੇ ਗਰਵਰਨਰ ਨੂੰ ਸੱਦਿਆ ਗਿਆ ਸੀ ।ਉਹ ਆਪਣੀ ਪਤਨੀ ਸਹਿਤ ਆਪ ਕਾਰ ਚਲਾਕੇ ਆਇਆ ।ਗੁਰਦੁਆਰਾ ਦੀਵਾਨ ਵਿਚ ਕੁੱਝ ਮਿੰਟ ਬੋਲਿਆ । ਉਸ ਨੂੰ ਕਮੇਟੀ ਵੱਲੋਂ ਸਿਰੋਪਾਓ ਦਿੱਤਾ ਗਿਆ ਤੇ ਉਸੇ ਤਰ੍ਹਾਂ ਆਪਣੀ ਗਡੀ ਆਪ ਚਲਾਕੇ ਵਾਪਸ ਚਲਾ ਗਿਆ । ਕੋਈ ਹੋਰ ਜੂਨੀਅਰ ਅਧਿਕਾਰੀ ਜਾਂ ਪੁਲਿਸਮੈਨ ਉਸਦੇ ਨਾਲ ਨਹੀ ਸੀ । ਮੈਨੂੰ ਕੁਝ ਸਮਾ ਪਹਿਲਾਂ ਧਨਬਾਦ ਵਿਖੇ ਆਪਣੇ ਕਾਲਜ ਦਾ ਇਕ ਫ਼ੰਕਸ਼ਨ ਯਾਦ ਆਇਆ ਜਿਸ ਵਿਚ ਬਿਹਾਰ ਦਾ ਗਵਰਨਰ ਬੁਲਾਇਆ ਗਿਆ ਸੀ । ਕਾਲਜ ਦੇ ਆਲੇ ਦੁਆਲੇ ਪੁਲਿਸ ਦੀ ਇਕ ਛਾਵਣੀ ਹੀ ਬਿਠਾ ਦਿੱਤੀ ਗਈ ਸੀ ।ਕਿਤਨੇ ਪੁਲਿਸ ਦੇ ਸਿਹਾਹੀ ਤੇ ਅਧਿਕਾਰੀਆਂ ਤੋਂ ਇਲਾਵਾ ਕੁਝ ਪਿਛਲੱਗੂ ਨੇਤਾ ਟਾਈਪ ਬੰਦੇ ਵੀ ਗਵਰਨਰ ਦੇ ਆਲੇ ਦੁਆਲੇ ਮੰਡਰਾ ਰਹੇ ਸਨ । ਸਾਡੇ ਅਜ਼ਾਦ ਦੇਸ ਦੇ ਜਨਮਾਨਸ ਦੀ ਇਹ ਮਾਨਸਿਕ ਗੁਲਾਮੀ ਤੇ ਰਾਜਨੈਤਿਕ ਚੌਧਰ ਦੀ ਧੌਂਸ ਤੋਂ ਸ਼ਾਇਦ ਹੀ ਅਸੀਂ ਕਦੇ ਆਜ਼ਾਦ ਹੋ ਸਕੀਏ ।

ਵੈਨਕੂਵਰ ਦੀ ਪ੍ਰਚਾਰ ਸੇਵਾ ਤੋਂ ਮੇਰਾ ਮਨ ਨਾ ਪਤੀਜਿਆ । ਨਾਹ ਕੰਮ ਵੱਜੋਂ ਤੇ ਨਾਹ ਆਮਦਨ ਵੱਜੋਂ । ਇਥੇ ਬੁਲਾਏ ਗਏ ਪ੍ਰਚਾਰਕ ਤੇ ਰਾਗੀ ਜੱਥੇ ਆਪਣੇ ਵੀਜ਼ੇ ਦੀ ਮਿਆਦ ਵਿਚ ਕੈਨੇਡਾ ਦੇ ਵੱਖ ਵੱਖ ਗੁਰਦੁਆਰਿਆ ਵਿਚ ਤੁਰ ਫ਼ਿਰ ਕੇ ਪ੍ਰਚਾਰ ਕਰਦੇ ਸਨ ।ਪਰੰਤੂ ਮੇਰਾ ਪ੍ਰਯੋਜਨ ਇਕ ਥਾਂ ਤੇ ਟਿਕ ਕੇ ਗੁਰਮਤਿ ਪ੍ਰਚਾਰ ਦੇ ਨਾਲ ਨਾਲ ਸਿਖ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦੇਣਾ ਦਾ ਸੀ । ਜਿਸਤਰ੍ਹਾ ਪਿੱਛੇ ਮੈਂ ਖਾਲਸਾ ਦੀਵਾਨ ਮਲੇਸ਼ੀਆ ਤੇ ਧਨਬਾਦ ਦੀਆਂ ਸਿੱਖ ਸੰਸਥਾਵਾ ਦੇ ਪ੍ਰਬੰਧ ਹੇਠ ਕਰਦਾ ਰਿਹਾ

ਸਾਂ। ਸੋ ਮੈ ਵਾਪਸ ਧਨਬਾਦ ਆਪਣੀ ਕਾਲਜ ਵੀ ਸੇਵਾ ਤੇ ਮੁੜਨ ਦਾ ਵਿਚਾਰ ਕਰਨ ਲਗ ਪਿਆ ।

ਕੈਲਗਰੀ ਵਿਖੇ ਕਈ ਸਾਲ ਪਹਿਲਾਂ ਧਨਬਾਦ ਤੋਂ ਪ੍ਰਵਾਸ ਕਰਕੇ ਆਏ ਇਕ ਸਨੇਹੀ ਮਿੱਤਰ ਸ੍ਰ: ਜੋਗਿੰਦਰ ਸਿੰਘ ਨਾਲ ਫ਼ੋਨ ਤੇ ਮੇਰੀ ਗਲਬਾਤ ਹੁੰਦੀ ਰਹਿੰਦੀ ਸੀ ।ਉਹਨਾ ਮੈਨੂੰ ਕੈਲਗਰੀ ਆਉਣ ਦਾ ਸਦਾ ਦਿੱਤਾ ਤੇ ਹਵਾਈ



(ਕੈਲਗਰੀ ਲਿਆਉਣ ਵਾਲੇ ਮੇਰੇ ਸਨੇਹੀ ਮਿੱਤਰ ਸ੍ਰ: ਜੋਗਿੰਦਰ ਸਿੰਘ ਜੀ)

ਟਿਕਟ ਵੀ ਭੇਜ ਦਿੱਤਾ । ਮਈ ਸੰਨ 1998 ਵਿਚ ਉਨ੍ਹਾ ਦੇ ਸਦੇ ਤੇ ਮੈ ਕੈਲਗਰੀ ਆ ਗਿਆ ।ਸ੍ਰਦਾਰ ਜੋਗਿੰਦਰ ਸਿੰਘ ਨੇ ਮੈਨੂੰ ਅਪਣੇ ਘਰ ਵਿਚ ਟਿਕਾਣਾ ਦਿੱਤਾ । ਉਨ੍ਹਾ ਦੇ ਪ੍ਰਵਾਰ ਤੇ ਬੱਚਿਆ ਨਾਲ ਮੈਂ ਰਚ ਮਿੱਚ ਗਿਆ ।ਕੁਝ ਦਿਨਾ ਵਿਚ ਹੀ ਉਨ੍ਹਾ ਮੈਨੂੰ

ਸ਼ਹਿਰ ਦੇ ਕਈ ਦਰਸ਼ਨੀ ਸਥਾਨ ਦਿਖਾਏ । ਉਨ੍ਹਾ ਦੁਆਰਾ ਮੈਂ ਦੋਹਾਂ ਪ੍ਰਮੁਖ ਗੁਰਦੁਆਰਿਆਂ ਵਿਚ ਗੁਰਮਤਿ ਪ੍ਰਚਾਰ ਲਈ ਵੀ ਜਾਂਦਾ ਰਿਹਾ । ਮਗਰੋਂ ਉਨ੍ਹਾ ਦੇ ਉਪਰਾਲੇ ਨਾਲ ਮੈਨੂੰ ਸਿੱਖ ਸੋਸਾਇਟੀ ਕੈਲਗਰੀ ਦੇ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਮਿਲ ਗਈ ।ਉਸ ਵੇਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍ਰ: ਹਰਪ੍ਰੀਤ ਸਿੰਘ ਜੀ ਪਹਿਲੀ ਵਾਰ ਮੈਨੂੰ ਗੁਰਦੁਆਰਾ ਸਾਹਿਬ ਲੈਕੇ ਗਏ ਤੇ ਰਿਹਾਇਸ਼ ਦੀ ਥਾਂ ਦਿੱਤੀ ।ਉਹਨਾ ਵਿਦਿਆਰਥੀਆਂ ਦੀਆਂ ਗੁਰਮਤਿ ਕਲਾਸਾਂ ਸ਼ੁਰੂ ਕਰਨ ਵਿਚ ਮੇਰੀ ਬੜੀ ਸਹਾਇਥਾ ਕੀਤੀ ।ਐਡਮਿੰਟਨ ਖਾਲਸਾ ਸਕੂਲ ਤੋਂ ਰੀਟਇਰ ਹੋਣ ਮਗਰੋਂ ਵੀ ਉਨ੍ਹਾ ਮੈਨੂੰ ਦੋਬਾਰਾ ਕੈਲਗਰੀ ਆਕੇ ਗੁਰਮਤਿ ਕਲਾਸਾਂ ਸ਼ੁਰੂ ਕਰਨ ਲਈ ਪ੍ਰੇਰਿਆ । ਸੋਸਾਇਟੀ ਦੀ ਸੇਵਾ ਦੇ ਸਾਰੇ ਸਮੇਂ ਉਨ੍ਹਾਂ ਨਾਲ ਮੇਰੀ ਸਾਂਝ ਬਣੀ ਰਹੀ ਤੇ ਉਹ ਪੰਜਾਬੀ ਸਕੂਲ ਚਲਾਉਣ ਵਿਚ ਮੇਰੀ ਲਗਾਤਾਰ ਸਹਾਇਤਾ ਕਰਦੇ ਰਹੇ ।ਉਸ ਸਮੇ ਰੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ਼੍ਰ: ਦਲੇਲ ਸਿੰਘ ਥਿਆੜਾ ਦਾ ਵੀ ਮੇਰੇ ਨਾਲ ਲਗਾਤਾਰ ਸੰਬੰਧ ਰਿਹਾ । ਉਹ ਬੜੇ ਨੇਕ ਪੁਰਸ਼ ਹਨ ਤੇ ਸਾਰੇ ਗੁਰਦੁਆਰਾ ਸਟਾਫ਼ ਦੀ ਸਹਾਇਤਾ ਕਰਦੇ ਰਹਿੰਦੇ ਸਨ । ਕੈਨੇਡਾ ਦੀ ਪੱਕੀ ਰਿਹਾਇਸ਼ (P,R,) ਪ੍ਰਾਪਤ ਕਰਨ ਵਿਚ ਵੀ ਉਨ੍ਹਾ ਮੇਰੀ ਰਹਿਬਰੀ ਤੇ ਸਹਾਇਤਾ ਕੀਤੀ ਸੀ । ਇਥੋਂ ਦੇ ਹੋਰ ਪ੍ਰਬੰਧਕ ਸਾਹਿਬਾਨ ਤੇ ਸੰਗਤ ਵੀ ਮੇਰੀ ਸੇਵਾ ਲਈ ਉਤਸ਼ਾਹਿਤ ਕਰਦੇ ਰਹੇ ।


ਉਸ ਸਮੇ ਸੋਸਾਇਟੀ ਦੀ ਸੇਵਾ ਵਿਚ ਦੋ ਸੱਜਣ ਸੇਵਾ ਕਰ ਰਹੇ ਸਨ ਜੋ ਗ੍ਰੰਥੀ ਦੇ ਨਾਲ ਕੀਰਤਨ ਦੀ ਸੇਵਾ ਵੀ ਨਿਭਾ ਰਹੇ ਸਨ ।ਇਨ੍ਹਾ ਵਿਚ ਪਿਛੋਂ ਕੈਥਲ ਦੇ ਨਾਲ ਲਗਦੇ ਇਕ ਪਿੰਡ ਤੋਂ ਆਏ ਭਾਈ ਹਰਜੀਤ ਸਿੰਘ ਤਬਲਾ ਵਾਦਕ ਸਨ । ਉਨ੍ਹਾ ਨਾਲ ਹੀ ਮੈਂਨੂੰ ਗੁਰਦੁਆਰਾ ਸਾਹਿਬ ਵਿਚ ਰਿਹਾਇਸ਼ ਦਿੱਤੀ ਗਈ ਸੀ ।ਇਥੇ ਰੋਜ਼ਾਨਾ ਦੇ ਨਿਤਨੇਮ ਤੋਂ ਇਲਾਵਾ ਹਫ਼ਤੇ ਵਿਚ ਇਕੋ ਦਿਨ ਐਤਵਾਰ ਨੂੰ ਹੀ ਸੰਗਤ ਜੁੜਦੀ ਸੀ ।ਹਫ਼ਤੇ ਦੇ ਵਿਚਕਾਰਲੇ ਦਿਨਾ ਵਿਚ ਆਨੰਦ ਕਾਰਜ ਤੇ ਮਰਨੇ ਪਰਨੇ ਦੇ ਦੀਵਾਨ ਵੀ ਹੁੰਦੇ ਸਨ । ਕਦੇ ਸਿੱਖ ਪ੍ਰਵਾਰਾਂ ਦੇ ਘਰਾਂ ਵਿਚ ਵੀ ਪਾਠ ਸਤਿਸੰਗ ਕਰਨ ਜਾਂਣਾ ਪੈਂਦਾ ਸੀ ।ਇਨ੍ਹਾ ਸਾਰੇ ਕਾਰਜਾਂ ਵਿਚ ਮੈਨੂੰ ਭਾਈ ਹਰਜੀਤ ਸਿੰਘ ਦਾ ਚੰਗਾ ਸਾਥ ਤੇ ਸਹਿਯੋਗ ਮਿਲਦਾ ਰਿਹਾ ।ਆਪਣੇ ਜ਼ਾਤੀ ਕਾਰਜਾਂ ਵਿਚ ਵੀ ਹਰਜੀਤ ਸਿੰਘ ਨੇ ਮੇਰਾ ਚੰਗਾ ਸਾਥ ਦਿੱਤਾ ।ਉਹ ਬੜਾ ਹਿੰਮਤੀ ਤੇ ਉਤਸ਼ਾਹੀ ਸੱਜਣ ਹੈ ਤੇ ਕਿਸੇ ਵੀ ਕੰਮ ਕਰਨ ਜਾਂ ਕਿਸੇ ਨਾਲ ਸੰਪਰਕ ਕਰਨ ਤੋਂ ਨਹੀਂ ਝਕਦਾ ਜਕਦਿ ਮੇਰੇ ਵਿਚ ਇਹ ਕਰਨ ਦਾ ਹੋਂਸਲਾ ਨਹੀਂ ਪੈਂਦਾ । ਉਸ ਨਾਲ ਮੇਰਾ ਸਾਥ ਸੋਸਾਇਟੀ ਦੀ ਸੇਵਾ ਛੱਡਣ ਮਗਰੋਂ ਵੀ ਚਲਦਾ ਰਿਹਾ ਤੇ ਹੁਣ ਤਕ ਚਲ ਰਿਹਾ ਹੈ। ਆਪਣੀ ਦੇਸ ਫ਼ੇਰੀ ਦੌਰਾਨ ਮੈਂ ਦੋ ਵਾਰੀ ਉਸਦੇ ਪਿੰਡ ਜਾਕੇ ਉਸਦੇ ਪ੍ਰਵਾਰ ਨੂੰ ਵੀ ਮਿਲਕੇ ਆਇਆ ਹਾਂ ।

ਉਸ ਸਮੇ ਸਿੱਖ ਸੋਸਾਇਟੀ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਮੇਰਾ ਮੁਖ ਪ੍ਰਚਾਰ ਪ੍ਰਯੋਜਨ ਸਿੱਖ ਬੱਚਿਆਂ ਤੇ ਨੌਜਵਾਨਾ ਨੂੰ ਆਪਣੇ ਮਹਾਨ ਵਿਰਸੇ ਪ੍ਰਤੀ ਸੁਚੇਤ ਕਰਨ ਦੇ ਉਪਰਾਲੇ ਵੀ ਚਲਦੇ ਰਹੇ । ਸ਼ੁਰੂ ਵਿਚ ਗੁਰਮਤਿ ਕਲਾਸਾਂ ਵਿਚ ਘੱਟ ਵਿਦਿਆਰਥੀ ਆਉਂਦੇ ਸਨ । ਮਗਰੋਂ ਆਉਂਦੇ ਸਾਲ 1999 ।ਵਚ ਸਕੂਲ਼ਾਂ ਦੀਆਂ ਛੁੱਟੀਆ ਵਿਚ ਅਸੀਂ ਸਿਖ ਵਿਦਿਆਰਥੀਆਂ ਦਾ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ । ਮਾਪਿਆਂ ਦੀ ਸਹੂਲਤ ਅਨੁਸਾਰ ਇਹ ਕੈਂਪ ਸ਼ਾਮ ਨੂੰ ਹੀ ਕੁਝ ਘੰਟੇ ਦਾ ਰੱਖਿਆ ਗਿਆ। ਇਸ ਵਿਚ ਸੰਗਤ ਨੇ ਚੰਗੀ ਦਿਲਚਸਪੀ ਵਿਖਾਈ ਤੇ ਲਗਭਗ 70 ਕੁ ਛੋਟੇ ਵੱਡੇ ਵਿਆਰਥੀ ਕੈਂਪ ਵਿਚ ਸ਼ਾਮਿਲ ਹੋਏ ।ਮਾਪਿਆਂ ਨਾਲ ਪ੍ਰਬੰਧਕ ਸੱਜਣਾ ਨੇ ਵੀ ਇਸ ਵਿਚ ਕਾਫ਼ੀ ਸਹਿਯੋਗ ਦਿੱਤਾ ।

ਕੈਂਪ ਮਗਰੋਂ ਮਾਪਿਆਂ ਦੀ ਸਰਬ ਸੰਮਤੀ ਨਾਲ ਹਰੇਕ ਸ਼ੁਰਕਰਵਾਰ ਨੂੰ ਗੁਰਮਤਿ ਕਲਾਸਾਂ ਆਰੰਭ ਕੀਤੀਆਂ ਗਈਆਂ ।ਇਨ੍ਹਾ ਕਲਾਸਾਂ ਵਿਚ ਵੀ ਸੱਠ ਸੱਤਰ ਵਿਦਿਆਰਥੀ ਲਗਾਤਾਰ ਆਉਣ ਲਗ ਪਏ । ਕੁਝ ਉਤਸ਼ਾਹੀ ਸੱਜਣਾ ਨੇ ਮੇਰੇ ਨਾਲ ਬੱਚਿਆਂ ਨੂੰ ਪੜ੍ਹਾਉਣ ਦੀ ਸੇਵਾ ਕਰਨੀ ਵੀ ਸ਼ੁਰੂ ਕਰ ਦਿੱਤੀ । ਇਨ੍ਹਾ ਵਿਚ ਬੀਬੀਆਂ ਨੇ ਚੰਗਾ ਸਹਿਯੋਗ ਕੀਤਾ ਤੇ ਤਿਨ ਚਾਰ ਬੀਬੀਆਂ ਬੱਚਿਆਂ ਨੂੰ ਪੜ੍ਹਾਉਣ ਲਗੀਆਂ ।ਇਨ੍ਹਾ ਵਿਚ ਕਈ ਭਾਰਤ ਤੋਂ ਟੀਚਿੰਗ ਦੀ ਡਿਗਰੀ ਵੀ ਲੈ ਕੇ ਆਈਆਂ ਸਨ । ਪੰਜਾਬੀ ਦੇ ਨਾਲ ਅਸੀਂ ਗੁਰਬਾਣੀ ਸਿੱਖ ਮਰਿਆਦਾ ਤੇ ਇਤਿਹਾਸ ਦੇ ਵਿਸ਼ੇ ਵੀ ਸ਼ਾਮਿਲ ਕਰਕੇ ਬਾਕਾਇਦਾ ਇਕ ਪਾਠ-ਕ੍ਰਮ ਉਲੀਕ ਲਿਆ ਤੇ ਉਮਰ ਤੇ ਸਮਝ ਅਨੁਸਾਰ ਵੰਡ ਕੇ ਵਿਦਿਆਰਥੀਆਂ ਦੀਆ ਚਾਰ ਸ਼੍ਰੇਣੀਆਂ ਬਣਾ ਦਿੱਤੀਆਂ ।ਮੈ ਵੇਖਿਆ ਕਿ ਵਿਦਿਆਰਥੀ

ਪੰਜਾਬੀ ਤੇ ਸਿੱਖ ਸਭਿਆਚਾਰ ਦੇ ਵਿਸ਼ੇ ਪੜ੍ਹਨ ਤੇ ਸਿੱਖਣ ਵਿਚ ਚੰਗੀ ਦਿਲਚਸਪੀ ਲੈਣ ਲਗ ਪਏ ।ਕੁਝ ਵਿਦਿਆਰਥੀ ਚੰਗੀ ਤਰ੍ਹਾਂ ਪੰਜਾਬੀ ਪੜ੍ਹਨਾ, ਲਿਖਣਾ ਤੇ ਬੋਲਣਾ ਸਿੱਖ ਗਏ ।




(1999 ਵਿਚ ਸਿੱਖ ਸੋਸਾਇਟੀ ਕੈਲਗਰੀ ਦੇ ਗੁਰਗੁਆਰਾ ਸਾਹਿਬ ਵਿਖੇ ਲਗੇ ਕੈਂਪ ਦੇ ਦ੍ਰਿਸ਼)

)ਕਲਾਸਾਂ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਵਿਦਿਆਥੀਆਂ ਦਾ ਦੀਵਾਨ ਲਗਾਇਆ ਜਾਂਦਾ । ਇਸ ਵਿਚ ਜਪੁਜੀ ਤੇ ਸੋਦਰ ਰਹਿਰਸ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਤੇ ਸਮਾਪਤੀ ਤੇ ਵਿਦਿਆਰਥੀ ਹੀ ਅਰਦਾਸ ਕਰਦੇ । ਇਸਤਰ੍ਹਾਂ ਕਈ


ਵਿਦਿਆਰਥੀ  ਇਹ ਦੋਵੇਂ ਪਾਠ ਤੇ ਅਰਦਾਸ ਕਰਨੀ ਸਿੱਖ ਗਏ । ਪ੍ਰਬੰਧਕਾਂ ਨੂੰ ਬੇਨਤੀ ਕਰਕੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਗੁਰਮਤਿ ਦੀਆ ਪੁਸਤਕਾਂ ਵੀ ਮੰਗਵਾਈਆਂ ਗਈਆਂ ਜਿਹੜੀਆਂ ਵਿਦਿਆਰਥੀਆਂ ਤੋਂ ਇਲਾਵਾ ਸੰਗਤ ਵਿਚ ਵੀ ਵੰਡੀਆਂ ਗਈਆਂ ।ਹਰੇਕ ਸਾਲ ਜੁਲਾਈ ਅਗੱਸਤ ਵਿਚ ਸਕੂਲਾਂ ਦੀਆ ਛੁੱਟੀਆਂ ਵਿਚ ਵਿਦਿਆਰਥੀਆਂ ਦੇ ਕੈਪ ਵੀ ਲਾਉਣੇ ਸ਼ੁਰੂ ਰੱਖੇ । ਇਸ ਨਾਲ ਸਿੱਖ ਵਿਦਿਆਰਥੀਆਂ ਦੀ ਆਪਣੇ ਵਿਰਸੇ ਵਿਚ ਰੁਚੀ ਵੱਧਣ ਲਗੀ ।

## 1999 ਦਾ ਸਾਲ

1999 ਦਾ ਸਾਲ ਖਾਲਸਾ ਪੰਥ ਦੀ ਸਥਾਪਨਾ ਦੀ ਤੀਜੀ ਵਰ੍ਹੇਗੰਡ ਦਾ ਸਾਲ ਸੀ । ਇਸ ਮੌਕੇ ਕੈਲਗਰੀ ਦੇ ਦੋ ਗੁਰਦੁਆਰਿਆਂ ਸਿੱਖ ਸੋਸਾਇਟੀ ਤੇ ਦਸਮੇਸ਼ ਕਲਚਰਲ ਸੈਂਟਰ ਵੱਲੋ ਰਲ ਕੇ ਪਹਿਲੀ ਵਾਰ ਵੈਸਾਖੀ ਦਾ ਨਗਰ ਕੀਰਤਨ ਕੱਢਿਆ ਗਿਆ ਜਿਸ ਲਈ ਸੰਗਤਾਂ ਕਾਫ਼ੀ ਉਤਸ਼ਾਹ ਨਾਲ ਸ਼ਾਮਿਲ ਹੋਈਆਂ ।ਮਗਰੌਂ ਹਰ ਸਾਲ ਹੀ
ਸਿੱਖ ਸੋਸਾਇਟੀ ਦੇ ਗੁਰਦੁਆਰਾ ਸਾਹਿਬ ਵਿਚ ਚਲਦੀ ਗੁਰਮਤਿ ਕਲਾਸ

ਇਹ ਨਗਰ ਕੀਰਤਨ ਆਰੰਭ ਹੋ ਗਿਆ ।ਗੁਰਪੁਰਬਾਂ ਦੇ ਅਵਸਰ ਗੁਰਮਤਿ ਕਲਾਸਾਂ ਦੇ ਵਿਦਿਆਰਥੀਆਂ ਵੱਲੋਂ ਵੀ ਵਿਸ਼ੇਸ਼ ਦੀਵਾਨ ਰੱਖੇ ਜਾਂਦੇ ਸਨ ।
1998 ਤੋਂ 2005 ਤਕ ਸਿੱਖ ਸੋਸਾਇਟੀ ਦੀ ਸੇਵਾ ਦੋਰ੍ਹਾਨ ਇਹ ਗੁਰਮਤਿ ਕਲਾਸਾਂ ਨਿਰੰਤਰ ਚਲਦੀਆਂ ਰਹੀਆਂ ।ਸੋਸਾਈਟੀ ਨੂੰ ਮੇਰੀ ਪ੍ਰਚਾਰ ਸੇਵਾ ਪਸੰਦ ਆ ਗਈ ਸੀ । ਉਨ੍ਹਾ ਵੱਲੋਂ ਦਰਖਾਸਤਾ ਦੇਣ ਤੇ ਮੈਨੂੰ  ਹਰੇਕ ਸਾਲ ਦਾ ਵਿਜ਼ਿਟਰ ਵੀਜ਼ਾ ਮਿਲ ਜਾਂਦਾ ।  ਤਿੰਨ ਸਾਲਾਂ ਬਾਅਦ ਸੋਸਾਇਟੀ ਨੇ ਮੇਰੇ ਪੱਕੇ ਪ੍ਰਵਾਸ (PR) ਲਈ ਅਪਲਾਈ ਕੀਤਾ । ਛੇ ਕੁ ਮਹੀਨੇ ਦੀ ਪੈਰਵੀ ਮਗਰੋਂ 2001 ਵਿਚ ਕੈਨੇਡਾ ਸਰਕਾਰ ਵੱਲੋਂ ਮੈਨੂੰ ਪੀ: ਸੀ: ਆਰ ਕੈਨੇਡਾ ਦੇ ਪੱਕਾ ਨਿਵਾਸ ਵੀ ਮਿਲ ਗਿਆ ।

ਆਪਣੇ ਪਹਿਲੇ ਤਿੰਨ ਸਾਲ ਕੈਨੇਡਾ ਨਿਵਾਸ ਵਿਚ ਮੈਨੂੰ ਪ੍ਰਵਾਰਕ ਤੇ ਸਮਾਜਕ ਇਕੱਲਤਾ ਦਾ ਤੀਬਰ ਅਹਿਸਾਸ ਹੋਇਆ ।ਸਿੱਖ




ਸੋਸਾਇਟੀ ਦਾ ਗੁਰਦੁਆਰਾ ਉਸ ਸਮੇ ਸ਼ਹਿਰ ਦੀ ਸੀਮਾਂ ਤੋਂ ਬਾਹਰ ਪੈਂਦਾ ਸੀ । ਨੇੜੇ ਤੇੜੇ ਵੀ ਕੋਈ ਰਿਹਾਇਸ਼ ਨਹੀਂ ਸੀ ।

ਹਫ਼ਤੇ ਵਿਚ ਦੋ ਤਿੰਨ ਦਿਨ ਕੁਝ ਘੰਟਿਆ ਦੇ ਦੀਵਾਨਾ ਉਪ੍ਰੰਤ ਇਥੇ ਆਲੇ ਦੁਆਲੇ ਕੋਈ ਨਹੀ ਸੀ ਦਿਸਦਾ । ਬਸ ਨਾਲ ਦੀ ਓਲਡ ਬੈਂਫ਼ ਕੋਚ ਰੋਡ ਤੇ ਦੌੜਦੀਆਂ ਗੱਡੀਆ ਹੀ ਦਿਸਦੀਆਂ ਸਨ । ਇਥੇ ਕੰਮ ਤੋਂ ਬਿਨਾ ਕਿਸੇ ਨਾਲ ਕੋਈ ਬਹੁਤਾ ਮੇਲ ਜੋਲ



ਨਹੀਂ ਰਖਦਾ ।ਇਸ ਸਮੇ ਮੇਰੀ ਹਲਾਤ ਡਾਰੋਂ ਨਿਕਲੀ ਕੂੰਞ ਵਰਗੀ ਸੀ । ਆਪਣੀ ਮਾਨਸਿਕ ਅਵੱਸਥਾ ਦਾ ਬਿਆਨ ਮੈਂ ਇਸਤਰ੍ਹਾਂ ਕੀਤਾ: –

ਆਪਣੇ ਦਿਸਦੇ ਸੰਸਾਰ ਤੋਂ ਬਾਹਰ ਆਕੇ,
ਆਪਣੀ ਪਹਿਚਾਣ ਦੇ ਦਾਇਰੇ ਚੋਂ ਨਿਕਲਕੇ,
ਆਪਣੇ ਪਿਆਰਿਆਂ ਦੇ ਸਨੇਹ ਸੰਸਾਰ ਤੋਂ ਟੁੱਟਕੇ,
ਇਸ ਨਵੇਂ ਪਰਾਏ ਤੇ ਅਜਨਬੀ ਸੰਸਾਰ ਵਿਚ ਪਹੁੰਚਕੇ,
ਸੰਸਾਰਕ ਸੰਬੰਧਾਂ ਦੀ ਅਸਲੀਅਤ ਬਾਰੇ,
ਵਿਚਾਰਾਂ ਦੇ ਵਾ–ਵਰੋਲੇ ਮਨ ਦੇ ਆਕਾਸ਼ ਵਿਚ ਉਠਦੇ ਹਨ ।
ਕੀ ਹੈ ਇਹ ਸੰਸਾਰ, ਕੀ ਹੈ ਪਿਆਰ?
ਕੀ ਹਨ ਮਿੱਤਰ ਪਿਆਰੇ ਸੰਬੰਧੀ ਤੇ ਪਰਵਾਰ?
ਜਿਨ੍ਹਾਂ ਨਾਲ ਚਿਰਾਂ ਦੀ ਸਾਂਝ ਬਣੀ ਰਹੀ,
ਉਹਨਾਂ ਪਾਸੋਂ ਵਿਛਣਨ ਤੇ ਛਿੰਨ ਪਲ ਵੀ ਨਾ ਲੱਗਾ ।
ਜਿਹੜੇ ਰੋਜ਼ਾਨਾ ਜੀਵਨ ਦਾ ਅੰਗ ਬਣੇ ਰਹੇ,
ਉਹ ਪਲਾਂ ਵਿਚ ਯਾਦਾਂ ਦੇ ਸਾਏ ਬਣ ਗਏ ।
ਅਤੇ ਉਹਨਾਂ ਵਿਚੋਂ ਕਈ, ਕੁਝ ਸਮੇ ਵਿਚ ਹੀ,
ਅਗਮ ਦੇ ਅਦ੍ਰਿਸ਼ ਰਸਤੇ ਟੁਰ ਗਏ ।
ਕੀ ਹੈ ਇਹ ਜੀਵਨ, ਕੀ ਹੈ ਸੰਸਾਰ?
ਕੀ ਹੈ ਪਿਆਰ, ਸੰਬੰਧੀ, ਰਿਸ਼ਤੇਦਾਰ ਤੇ ਪ੍ਰਵਾਰ?
ਮਨ–ਅੰਤਰ ਦੇ ਵਿਚਾਰ ।
ਇਹ ਸੰਸਾ ਹਰ ਸਮੇ ਮਨ ਵਿਚ ਖੌਰੂ ਪਾਵੇ,
ਪਤਾ ਨਹੀਂ ਕੌਣ ਕਦੋਂ ਬੀਤੇ ਦੀ ਯਾਦ ਬਣ ਜਾਵੇ?
ਤੇ ਮੁੜ ਕਦੇ ਹੱਥ ਨਾ ਆਵੇ ।
ਕੀ ਹੈ ਇਹ ਜੀਵਨ, ਕੀ ਹੈ ਸੰਸਾਰ?
ਕੀ ਹੈ ਪਿਆਰ, ਕੀ ਹੈ ਪ੍ਰਵਾਰ?
ਕੁੱਝ ਸਮਝ ਨਾ ਪਾਰਾਵਾਰ ।

ਮੇਰੇ ਭਾਰਤ ਦੇ ਮਿੱਤਰ ਸ੍ਰਦਾਰ ਜੋਗਿੰਦਰ ਸਿੰਘ ਹੁਰਾਂ ਦਾ ਘਰ ਵੀਹ ਪੰਝੀ ਕਿਲੋਮੀਟਰ ਦੂਰ ਸ਼ਹਿਰ ਦੇ ਦੂਜੇ ਬੰਨੇ ਸੀ । ਪਰ ਤਾਂ ਵੀ ਉਹ ਕਦੇ ਕਦੇ ਮੈਨੂੰ ਮਿਲਣ ਆ ਜਾਂਦੇ ਤੇ ਮੇਰੀ ਫ਼ੁਰਸਤ ਦੇ ਸਮੇ ਮੈਨੂੰ ਵੀ ਆਪਣੇ ਘਰ ਲੈਕੇ ਜਾਂਦੇ । ਮੇਰੇ ਸਾਥੀ ਭਾਈ ਹਰਜੀਤ ਸਿੰਘ ਨਾਲ ਹੀ ਮੇਰਾ ਬਹੁਤਾ ਸਾਥ ਹੁੰਦਾ । ਓਦੋਂ ਇਥੇ ਲੋਕਲ ਬਸ ਸਟੈਂਡ ਵੀ ਦੋ ਕੁ ਕਿਲੋਮੀਟਰ ਦੂਰ ਸੀ । ਕਦੇ

ਅਸੀਂ ਬਸ ਤੇ ਸ਼ਹਿਰ ਚਲੇ ਜਾਂਦੇ ਜਿਸ ਤੇ ਸਾਡਾ ਸਾਰਾ ਹੀ ਦਿਨ ਲਗ ਜਾਂਦਾ । ਹਰਜੀਤ ਸਿੰਘ ਨੇ ਮਗਰੋਂ ਆਪਣੀ ਗੱਡੀ ਲੈ ਲਈ । ਜਿਸ ਨਾਲ ਸਾਡਾ ਆਪਣੇ ਕੰਮਾ ਲਈ ਸ਼ਹਿਰ ਜਾਣਾ ਸੌਖਾ ਹੋ ਗਿਆ ।

## ਰੋਜ਼ਾਨਾ ਕੰਮ ਤੇ ਵਰਤੋਂ ਵਿਹਾਰ

ਸ਼ਹਿਰ ਤੋਂ ਦੂਰ ਤੇ ਬੀਆਬਾਨ ਜਿਹੇ ਆਲੇ ਦੁਆਲੇ ਵਿਚ ਵੀ ਕਦੇ ਕੋਈ ਮਾੜੀ ਵਾਰਦਾਤ ਇਥੇ ਨਹੀਂ ਹੋਈ । ਮੈ ਅਨੁਭਵ ਕੀਤਾ ਕਿ ਇਥੇ ਆਮ ਪਬਲਿਕ ਦੀ ਸੁਰੱਖਿਆ ਭਾਰਤ ਨਾਲੋਂ ਬਹੁਤ ਚੰਗੀ ਹੈ ।ਸਰਕਾਰ ਪ੍ਰਤੀ ਪੈਂਦੇ ਕੰਮ ਵੀ ਨਿਰਧਾਰਤ ਸ਼ਰਤਾਂ ਪੂਰੀਆ ਹੋਣ ਤੇ ਸਮੇ ਸਿਰ ਪੂਰੇ ਹੋ ਜਾਂਦੇ ਹਨ । ਕਿਸੇ ਤਰ੍ਹਾਂ ਦੀ ਪੈਰਵੀ ਸਫ਼ਾਰਸ਼ ਕਰਨ ਜਾਂ ਰਿਸ਼ਵਤ ਦੇਣ ਦੀ ਲੋੜ ਨਹੀਂ ਪੈਂਦੀ । ਪੁਲਿਸ ਵੱਲੋਂ ਵੀ ਅਪਣੀ ਸੇਵਾ ਪੂਰੀ ਤਨਦੇਹੀ ਨਾਲ ਨਿਭਾਈ ਜਾਂਦੀ ਹੈ । ਖਾਸ ਕਰਕੇ ਸੜਕ ਤੇ ਗੱਡੀ ਚਲਾਉਣ ਦੇ ਚਲਾਨ ਵਿਚ ਕੋਈ ਲਿਹਾਜ਼ ਜਾਂ ਰਿਸ਼ਵਤ ਨਹੀਂ ਚਲਦੀ । ਸੜਕਾਂ ਕਿਨਾਰੇ ਟ੍ਰੈਫ਼ਿਕ ਦੀ ਨਿਗਰਾਨੀ ਲਈ ਕੈਮਰੇ ਲਗੇ ਹੋਏ ਹਨ  ਗਲਤੀ ਕਰਨ ਤੇ ਪੁਲਿਸਮੈਨ  ਦੋਸ਼ੀ ਨੂੰ  ਜ਼ੁਰਮਾਨੇ ਦੀ ਟਿਕਟ ਪਕੜਾਉਂਦਿਆਂ  “ ਹੈਵ ਏ ਗੁਡ ਡੇਅ ਆਖਦਾ” ਹੈ । ਉਸ ਅੱਗੇ ਕੋਈ ਜ਼ਬਾਨੀ ਚਾਰਾਜੋਈ ਰੋਹਬ ਜਾਂ ਰਿਸ਼ਵਤ ਨਹੀਂ ਚਲਦੀ ।ਮਗਰੋਂ ਕੋਰਟ ਵਿਚ ਜਾਕੇ ਅਪੀਲ ਕੀਤੀ ਜਾ ਸਕਦੀ ਹੈ ।  ਮੇਰੇ ਸਾਥੀ ਹਰਜੀਤ ਸਿੰਘ ਨੂੰ ਤੇਜ਼ ਰਫ਼ਤਾਰ ਗੱਡੀ ਚਲਾਉਣ ਲਈ ਕਈ ਵਾਰ ਜ਼ੁਰਮਾਨਾ ਤਾਰਨਾ ਪਿਆ ਸੀ । ਮੈਨੂੰ ਯਾਦ ਆਉਂਦਾ ਰਿਹਾ ਕਿ ਧਨਬਾਦ ਸ਼ਹਿਰ ਦੇ ਕੇਂਦਰੀ ਚੌਕ ਧਨਬਾਦ ਬੈਂਕ ਮੋੜ ਤੋਂ ਟ੍ਰੱਕਾਂ ਦੇ ਲੰਘਣ ਦੀ (ਸ਼ਾਇਦ) ਪਾਬੰਦੀ ਸੀ । ਪ੍ਰੰਤੂ ਲੰਘਣ ਵਾਲੇ ਡ੍ਰਾਈਵਰ ਉਥੋਂ ਲੰਘਣ ਲਈ ਬਾਹਰ ਹੱਥ ਕੱਢਕੇ ਸ਼ਰੇਆਮ ਡਿਊਟੀ ਤੇ ਖਲੋਤੇ ਟ੍ਰੈਫ਼ਿਕ ਦੇ ਸਿਪਾਹੀ ਨੂੰ ਨੋਟ ਪਕੜਾਈ ਜਾਂਦੇ ਸਨ ।ਉਥੇ ਨਾਲ ਹੀ ਪੁਲਿਸ ਦੀ ਚੋਕੀ ਵੀ ਸੀ ।

ਬੈਕਾਂ ਵਿਚ ਭਾਵੇਂ ਕਿਤਨੀ ਭੀੜ ਹੋਵੇ ਤੁਹਾਨੂੰ ਆਪਣੇ  ਲੈਣ ਦੇਣ ਲਈ ਦਸ ਪੰਦਰਾਂ ਮਿੰਟ ਤੋ ਵੱਧ ਇੰਤਜ਼ਾਰ ਨਹੀਂ ਕਰਨੀ ਪੈਂਦੀ ।ਅੱਗੇ ਕਾਂਊਟਰ ਤੇ ਬੈਠੀ ਬੀਬੀ ਮੁਸਕਰਾ ਕੇ ਤੁਹਾਨੂੰ ਜੀ ਆਇਆਂ  ਆਖਦੀ ਤੇ ਸਨੇਹ ਨਾਲ ਤੁਹਾਡਾ ਕਾਰਜ ਕਰਦੀ ਹੈ । ਮੈਨੂੰ ਧਨਬਾਦ ਆਪਣੇ ਬੈਂਕ ਦੀ ਬ੍ਰਾਂਚ ਯਾਦ ਆਂਉਂਦੀ ਜਿੱਥੇ ਆਪਣੀ ਤਨਖਾਹ ਦਾ ਚੈਕ ਭੁਨਾਉਣ ਲਈ ਕਈ ਵਾਰ ਘੰਟਿਆਂ ਇੰਤਜ਼ਾਰ ਕਰਨਾ ਪੈਂਦਾ । ਕਈ ਵਾਰੀ ਸਟਾਫ਼ ਤੇ ਕਰਮਚਾਰੀ ਟੀਵੀ ਤੇ ਚਲ ਰਹੇ ਕ੍ਰਿਕਟ ਮੈਚ ਦੇਖ ਰਹੇ ਹੁੰਦੇ ਤੇ ਅੱਗੇ ਗਾਹਕਾਂ ਦੀ ਲੰਮੀ ਕਤਾਰ ਉਨ੍ਹਾ ਦੀ ਜਾਨ ਨੂੰ ਰੋਂਦੀ ਰਹਿੰਦੀ ।ਇਥੇ ਹੋਰ ਸਥਾਨਾਂ ਤੇ ਵੀ ਕੰਮ ਕਰਦੇ ਵਿਕ੍ਰੇਤਾ ਜਾਂ ਸਵਾਗਤੀ ਸੇਵਕਾਂ ਦਾ ਆਪਣੇ ਗਾਹਕਾਂ ਨਾਲ ਹਲੀਮੀ ਤੇ ਮਿੱਤਰਤਾ ਭਰਿਆ ਵਤੀਰਾ ਹੈ । ਖਾਸ ਕਰਕੇ ਹਸਪਤਾ਼ਲਾਂ ਵਿਚ ਨਰਸਾਂ ਤੇ  ਡਾਕਟਰ ਬੜੇ ਸਨੇਹ ਨਾਲ ਗਲਬਾਤ ਸੁਣਦੇ ਤੇ ਕਰਦੇ ਹਨ । ਨਵੇਂ ਆਇਆਂ ਨੂੰ ਇਥੋਂ ਦੀ ਅਮਰੀਕਨ  ਲਹਿਜੇ ਵਿਚ ਬੋਲੀ ਜਾਂਦੀ ਅੰਗ੍ਰੇਜ਼ੀ ਬੋਲਣ ਤੇ ਸੁਣਨ ਵਿਚ ਦਿੱਕਤ ਹੁੰਦੀ ਹੈ । ਫ਼ਿਰ ਵੀ ਰਿਸੈਪਨਿਸ਼ਟ ਤੁਹਾਡੇ ਵਲ ਵੇਖ ਕੇ ਸ਼ਰਾਰਤੀ ਹਾਸਾ ਨਹੀਂ ਹਸਦੇ ਸਗੋਂ “ਨੋ ਪ੍ਰਾਬਲਮ “ਆਖਕੇ ਹੌਂਸਲਾ ਦਿੰਦੀ ਹੈ ।

ਇਥੋਂ ਦਾ ਸਹਿਜ ਵਿਹਾਰਕ ਮਾਹੌਲ ਤੇ ਲੋਕ ਸੁਰੱਖਿਆ ਤੇ ਕਾਰਜਸ਼ੀਲਤਾ ਦਾ ਵੱਡਾ ਕਾਰਨ ਲੋਕਾਂ ਦੀ ਵਰਤੋਂ ਵਿਹਾਰ ਪ੍ਰਤੀ ਚੇਤੰਤਤਾ ਨੇ ਨਿਯਮਾਂ ਦੇ ਪਾਲਨ ਪ੍ਰਤੀ ਸੰਜੀਦਗੀ ਹੈ । ਕਿਸੇ ਕੰਮ ਲਈ ਲਾਈਨਾ ਵਿਚ ਲੱਗਣ ਤੇ ਆਪਣੀ ਵਾਰੀ ਦੀ ਉਡੀਕ ਕਰਨਾ ਬਚਪਨ ਤੋਂ ਹੀ ਸਿਖਾਇਆ ਜਾਂਦਾ ਹੈ । ਭਾਰਤ ਵਿਚ ਮੈਂ ਕਈ ਥਾਵਾਂ ਤੇ ਆਪ ਹੁਦਰੇ ਲੋਕਾਂ ਦੇ ਧੱਕੇ ਮੁੱਕੇ ਮਾਰ ਕੇ ਅੱਗੇ ਲੱਗਣ ਦੀ ਪ੍ਰਵਿਰਤੀ ਆਮ ਦੇਖੀ ਹੈ ।ਕਈ ਵਾਰ ਬਸ ਸਟੈਂਡ ਜਾਂ ਰੇਲਵੇ ਦੀਆਂ ਬੁਕਿੰਗ ਖਿੜਕੀਆਂ ਅੱਗੇ  ਹੱਥੋਪਾਈ ਤਕ ਨੌਬਤ ਆ ਜਾਂਦੀ ਹੈ ।ਇਥੇ ਆਂਉਦਿਆਂ ਜਾਂਦਿਆਂ ਕੋਈ ਕਿਸੇ ਵਲ ਨਹੀ ਝਾਕਦਾ ਭਾਵੇਂ ਕਿਸੇ ਦਾ ਕੈਸੀ ਵੀ ਰੰਗ ਰੂਪ ਚਾਲਢਾਲ ਤੇ ਪਹਿਰਾਵਾ ਹੋਵੇ । ਫ਼ਿਰ ਆਪਸੀ ਗਲਬਾਤ ਵਿਚ ਵੀ ਪਰਸਪਰ ਅਦਬ ਸਤਿਕਾਰ ਦੀ ਭਾਵਨਾ ਰੱਖੀ ਜਾਂਦੀ ਹੈ ।– ਥੈਂਕ ਯੂ, –ਐਸਕਯੂਜ਼ ਮੀ ਪਲੀਜ਼ ਅਤੇ –ਨੋ ਪ੍ਰੋਬਲਮ ਕਹਿਣਾ ਆਮ ਬੋਲ ਚਾਲ ਦਾ ਹਿੱਸਾ ਹੈ । ਕਿਤਨੇ ਹੀ ਦੇਸ਼ਾਂ ਦੇ ਪ੍ਰਵਾਸੀ ਇਥੇ ਰੋਜ਼ ਵਿਚਰਦੇ ਹਨ ਪਰ ਸਾਰੇ ਇਨਾਂ ਜਨਤਕ ਨੇਮਾ ਪ੍ਰਤੀ ਸੁਚੇਤ ਲਗਦੇ ਹਨ ।

ਗੁਰਦੁਆਰਾ ਸਾਹਿਬ ਵਿਚ ਸੇਵਾ ਕਰਦਿਆਂ ਇਕ ਦਿਨ ਇਕ ਗੋਰਾ ਵਿਅੱਕਤੀ ਮੈਨੂੰ ਆਕੇ ਮਿਲਿਆ । ਉਸਨੇ ਸੌਰੀ ਕਹਿੰਦਿਆਂ ਗਲ ਸ਼ੁਰੂ ਕੀਤੀ ਕਿ ਉਸਦੇ ਬੱਚੇ ਗੁਰਦੁਆਰਾ ਇਮਾਰਤ ਦੇ ਬਾਹਰ ਖੇਡ ਰਹੇ ਸਨ । ਉਨ੍ਹਾਂ ਦੀ ਗੇਂਦ ਜ਼ੋਰ ਨਾਲ ਗੁਰਦੁਆਰਾ ਹਾਲ

ਦੀ ਇਕ ਪਾਸੇ ਦੀ ਖਿੜਕੀ ਤੇ ਵੱਜੀ ਤੇ ਉਸਦਾ ਸ਼ੀਸਾ ਟੁੱਟ ਗਿਆ । ਉਸਨੇ ਆਪਣੀ ਸ਼ੀਸ਼ਿਆਂ ਦੀ ਦੁਕਾਨ ਦਾ ਕਾਰਡ ਦਿੱਤਾ ਤੇ ਆਖਿਆ ਕਿ ਉਥੋਂ ਚੁਣਕੇ ਕੋਈ ਸ਼ੀਸ਼ਾ ਲੈ ਆਂਵੋ ਤੇ ਉਸ ਖਿੜਕੀ ਵਿਚ ਫ਼ਿਟ ਕਰਨ ਦਾ ਖਰਚਾ ਵੀ ਦੇ ਦੇਵੇਗਾ । ਮੈਂ ਉਪਰ ਹਾਲ ਵਿਚ ਜਾਕੇ ਪਹਿਲੀ ਵਾਰ ਟੁੱਟੇ ਸ਼ੀਸ਼ੇ ਵਾਲੀ ਖਿੜਕੀ ਵੇਖੀ ।

ਇਸੇ ਤਰਾਂ ਇਕ ਵਾਰ ਮੇਰੀ ਫ਼ੋਨ ਦੇ ਨੰਬਰਾਂ ਵਾਲੀ ਛੋਟੀ ਜਹੀ ਨੋਟ ਬੁੱਕ ਰਸਤੇ ਵਿਚ ਚਲਦਿਆਂ ਡਿਗ ਪਈ । ਇਕ ਸੱਜਣ ਨੇ ਫ਼ੋਨ ਤੇ ਦੱਸਿਆ ਕਿ ਉਸਨੇ ਇਹ ਨੋਟ ਬੁੱਕ ਇਕ ਖਾਸ ਥਾਂ ਤੇ ਰੱਖ ਦਿੱਤੀ ਹੈ ਜਿਥੋਂ ਮੈ ਕਿਸੇ ਸੱਜਣ ਨੂੰ ਆਖਕੇ ਮੰਗਵਾ ਲਈ ।ਕਈ ਵਾਰੀ ਲੋਕਾਂ ਦੀਆਂ ਵਰਤੋਂ ਦੀਆਂ ਕਈ ਚੀਜ਼ਾ ਘਰਾਂ ਦੇ ਬਾਹਰ ਹੀ ਪਈਆ ਰਹਿੰਦੀਆਂ ਹਨ । ਖਾਸ ਕਰਕੇ ਬੱਚੇ ਆਪਣੀਆਂ ਖੇਡਾਂ ਦਾ ਸਾਮਾਨ ਜਾਂ ਛੋਟੀਆਂ ਸਾਈਕਲਾਂ ਸੜਕ ਕਿਨਾਰੇ ਹੀ ਛੱਡ ਜਾਂਦੇ ਹਨ ਪ੍ਰੰਤੂ ਕਦੇ ਕਿਸੇ ਚੋਰੀ ਦੀ ਸੂਚਨਾ ਨਹੀਂ ਸੁਣੀ ।ਕਈ ਪ੍ਰਵਾਰ ਘਰਾਂ ਦੀ ਕੋਈ ਫ਼ਾਲਤੂ ਚੀਜ਼ ਬਾਹਰ ਸੜਕ ਕਿਨਾਰੇ ਫ਼੍ਰੀ ਦੇ ਨੋਟਿਸ ਨਾਲ ਰੱਖ ਦਿੰਦੇ ਹਨ ਜਿੱਥੋਂ ਕੋਈ ਵੀ ਲੋੜਵੰਦ ਚੁੱਕ ਕੇ ਲੈ ਜਾ ਸਕਦਾ ਹੈ । ਲੋਕ ਆਪਣੀ ਵਰਤੋਂ ਤੋਂ ਫ਼ਾਲਤੂ ਬਚੀਆਂ ਚੀਜ਼ਾਂ ਆਪਣੇ ਮੋਟਰ ਗੈਰਜਾਂ ਵਿਚ ਵਿਕਰੀ ਲਈ ਵੀ ਰਖ ਕੇ "ਗੈਰੇਜ ਸੇਲ"ਦੇ ਨੋਟਿਸ ਨੇੜੇ ਤੇੜੇ ਸੜਕਾਂ ਕਿਨਾਰੇ ਲਾ ਦਿੰਦੇ ਹਨ। ਗੈਰੇਜ ਵਿਚ ਰੱਖੀ ਹਰ ਚੀਜ਼ ਉੱਤੇ ਉਸਦਾ ਮੁੱਲ਼ ਲਿਖਿਆ ਹੁੰਦਾ ਹੈ ।

ਸੜਕ ਤੇ ਚਲਦਿਆਂ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ ਦੀ ਸੂਚਨਾ ਵੀ ਪਿੱਛੋਂ ਆਉਣ ਵਾਲੇ ਪੁਲਿਸ ਨੂੰ ਫ਼ੋਨ ਤੇ ਦਸ ਦਿੰਦੇ ਹਨ।ਮੇਰੇ ਇਕ ਮਿੱਤਰ ਦੀ ਲੜਕੀ ਇਕ ਸਟੋਰ ਵਿਚ ਕੰਮ ਕਰਦੀ ਸੀ । ਉਸਦੀ ਬਾਹਰ ਪਾਰਕਿੰਗ ਵਿਚ ਲੱਗੀ ਗੱਡੀ ਨੂੰ ਕਿਸੇ ਹੋਰ ਬੀਬੀ ਕੋਲੋਂ ਆਪਣੀ ਗੱਡੀ ਦੀ ਟੱਕਰ ਵੱਜ ਗਈ ਜਿਸ ਨਾਲ ਖੜੀ ਗੱਡੀ ਦਾ ਪਿਛਲਾ ਬੰਪਰ ਟੁੱਟ ਗਿਆ । ਟੱਕਰ ਮਾਰਨ ਵਾਲੀ ਬੀਬੀ ਨਜ਼ਰ ਬਚਾ ਕੇ ਆਪਣੀ ਗੱਡੀ ਭਜਾਉਣ ਲਗੀ ਤਾਂ ਦੇਖ ਰਹੀ ਇਕ ਬੀਬੀ ਨੇ ਉਸਨੂੰ ਡਾਂਟ ਕੇ ਰੋਕਿਆ ਤੇ ਅੰਦਰੋਂ ਨੁਕਸਾਨ ਹੋਈ ਗੱਡੀ ਵਾਲੀ ਬੀਬੀ ਨੂੰ ਬੁਲਾਇਆ । ਉਸਨੇ ਟੱਕਰ ਮਾਰਨ ਵਾਲੀ ਬੀਬੀ ਦੇ ਇੰਸ਼ੋਰੈਂਸ ਕਾਰਡ ਦੀ ਫ਼ੋਟੋ ਲਈ ਤਾਕਿ ਆਪਣੇ ਨੁਕਸਾਨ ਦਾ ਹਰਜਾਨਾ ਉਸ ਵਿਚ ਪਾ ਸਕੇ ।

ਇਥੇ ਕੰਮ ਦਾ ਕਲਚਰ ਬੜਾ ਮਜ਼ਬੂਤ ਹੈ । ਰੋਜ਼ ਬਹੁਤ ਸਵੇਰੇ ਦਫ਼ਤਰਾਂ ਤੇ ਕੰਮਾ ਤੇ ਜਾਣ ਵਾਲਿਆਂ ਦੀਆਂ ਗੱਡੀਆਂ ਨਾਲ ਸੜਕਾਂ ਭਰੀਆਂ ਦਿਸਦੀਆਂ ਹਨ । ਬਸਾਂ ਤੇ ਗੱਡੀਆਂ ਵਿਚ ਵੀ ਚੰਗੀ ਭੀੜ ਹੋ ਜਾਂਦੀ ਹੈ । ਕਿਧਰੇ ਦਫ਼ਤਰ ਜਾਂ ਦੁਕਾਨ ਤੇ ਜਾਓ ਅੱਗੋਂ ਸੰਬੰਧਤ ਕੰਮਾ ਵਾਲੇ ਤੁਹਾਨੂੰ ਉਡੀਕਦੇ ਮਿਲਣਗੇ । ਇਹ ਕਦੇ ਨਹੀ ਵੇਖਿਆ ਕਿ ਕਿਸੇ ਬਾਬੂ ਜਾਂ ਅਫ਼ਸਰ ਦੀ ਲੰਮੀ ਉਡੀਕ ਕਰਨੀ ਪਵੇ ।ਅਤਿ ਦੀ ਸਰਦੀ ਤੇ ਬਰਫ਼ਬਾਰੀ ਵਿਚ ਵੀ ਸੜਕਾਂ ਬਾਜ਼ਾਰਾਂ ਤੇ ਇਮਾਰਤਾਂ ਦੁਆਲੇ ਕਾਮੇ ਆਪਣੇ ਕੰਮ ਵਿਚ ਜੁੱਟੇ ਹੋਏ ਦਿਸਦੇ ਹਨ ।ਛੋਟੇ ਵੱਡੇ ਕੰਮ ਦੀ ਕੋਈ ਵਿਚਾਰ ਨਹੀਂ ਕਰਦਾ । ਭਾਰਤ ਵਿਚ ਆਪਣੀ ਖੇਤੀ ਜਾਂ ਹੱਥ ਕਿਰਤ ਤੋਂ ਕਤਰਾ ਕੇ ਭੱਜੇ ਕਈ ਨੌਜਵਾਨ ਇਥੇ ਕਾਰਖਾਨਿਆਂ ਸਟੋਰਾਂ ਵਿਚ ਭਾਰੀ ਮਿਹਨਤ ਦੇ ਕੰਮਾ ਵਿਚ ਲੱਗੇ ਹੋਏ ਦੇਖੇ ਹਨ । ਘੰਟਿਆਂ ਅਨੁਸਾਰ ਕੰਮ ਦੀ ਉਜਰਤ ਮਿਲਣ ਦੇ ਨਿਯਮ ਕਰਕੇ ਵੀ ਕੰਮ ਪ੍ਰਤੀ ਸੰਜੀਦਗੀ ਬਣੀ ਹੋਈ ਹੈ ।ਇਸ ਵਿਚ ਕਿਸੇ ਨੂੰ ਕੋਈ ਰੂਅ ਰਿਆਇਤ ਨਹੀਂ ਹੁੰਦੀ ।ਸਫ਼ਾਈ ਪ੍ਰਤੀ ਵੀ ਬੜੀ ਚੇਤਨਤਾ ਵੇਖੀ ਜਾਂਦੀ ਹੈ ।ਕਿਤਨਾ ਵੱਡਾ ਇਕੱਠ ਜਾਂ ਸਮੂਹਕ ਭੋਜ ਹੋਵੇ ਕਿਧਰੇ ਕੋਈ ਪਲਾਸਟਿਕ ਦੀ ਪਲੇਟ, ਗਿਲਾਸ, ਪੋਲੀਥਿਨ ਬੈਗ ਜਾਂ ਕਲੀਨਿਕ ਪੇਪਰ ਹੇਠਾਂ ਪਿਆ ਨਹੀਂ ਦਿਸਦਾ । ਜਨਤਕ ਥਾਵਾਂ ਤੇ ਜਗਾ ਜਗਾ ਕੂੜੇ ਦੇ ਡ੍ਰੰਮ ਰਖੇ ਹੋਏ ਹਨ ।

* * * * * * * * * *

## ਮੁੜ ਦੇਸ਼ ਦਰਸ਼ਨ

ਤਿੰਨ ਸਾਲ ਤੋਂ ਬਾਅਦ ਕੈਨੇਡਾ ਦੀ ਪੱਕੀ ਰਿਹਾਇਸ਼ ਮਿਲਣ ਉਪ੍ਰੰਤ ਮੈ ਜਨਵਰੀ 2001 ਵਿਚ ਭਾਰਤ ਮੁੜਿਆ ।ਉਸ ਸਮੇ ਤਕ ਮੇਰੇ ਛੋਟੇ ਵੀਰ ਨੇ ਪਟਿਆਲੇ ਆਪਣੇ ਘਰ ਦੇ ਨਾਲ, ਪਹਿਲਾਂ ਖ਼ਰੀਦੇ ਪਲਾਟ ਤੇ ਮੇਰਾ ਮਕਾਨ ਵੀ ਬਣਵਾ ਦਿੱਤਾ ਸੀ ।ਕੁਝ ਦਿਨ ਘਰ ਰਹਿਕੇ ਮੈਂ ਪਰਵਾਰ ਸਮੇਤ ਧਨਬਾਦ ਗਿਆ । ਜਿੱਥੇ ਸੰਗਤ ਨੇ ਮੇਰਾ ਨਿੱਘਾ ਸਵਾਗਤ ਕੀਤਾ ।ਉਸ ਸਮੇ ਤਕ ਮੇਰਾ ਪ੍ਰਵਾਰ ਧਨਬਾਦ ਗੁਰਦੁਆਰਾ ਕਮੇਟੀ ਦੁਆਰਾ ਮੇਰੀ ਸੇਵਾ ਦੌਰ੍ਹਾਨ ਦਿੱਤੇ ਮਕਾਨ ਵਿਚ ਹੀ ਰਹਿ ਰਿਹਾ ਸੀ । ਪਿਛਲੇ ਤਿੰਨ ਸਾਲਾ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਰਿਹਾਇਸ਼ ਦੇ ਨਾਲ ਉਨ੍ਹਾ ਦਾ ਪੂਰਾ ਖ਼ਿਆਲ ਰੱਖਿਆ ਸੀ ।ਉਨ੍ਹਾ ਦਾ ਇਹ ਅਹਿਸਾਨ ਮੈਂ ਜੀਵਨ ਭਰ ਨਹੀਂ ਭੁੱਲ ਸਕਦਾ ।ਉਸ ਸਮੇ ਤਕ ਮੈਂ ਕਾਲਜ ਦੀ ਸੇਵਾ ਤੋਂ ਵੀ ਰਿਟਾਇਰ ਹੋ ਗਿਆ ਸਾਂ । ਕੁਝ ਸਮਾਂ ਧਨਬਾਦ ਠਹਿਰ ਕੇ ਮੈ ਘਰ ਦਾ ਸਾਮਾਨ ਪੰਜਾਬ ਜਾਂਦੇ ਇਕ ਕੋਲੇ ਦੇ ਟ੍ਰੱਕ ਮਾਲਕ ਦੇ ਸਪੁਰਦ ਕੀਤਾ ਤੇ ਆਪਣੀ ਰੇਲਵੇ ਦੀ ਟਿਕਟ ਬੁੱਕ ਕਰਵਾਈ । ਧਨਬਾਦ ਦੀ ਸੰਗਤ ਨੇ ਉਥੋਂ ਦੇ ਦੋਹਾਂ ਗੁਰਦੁਆਰਾ ਸਾਹਿਬਾਨ ਵਿਚ ਮੇਰੇ ਵਿਦਾਇਗੀ ਦੇ ਦੀਵਾਨ ਕੀਤੇ ਤੇ ਮੈਨੂੰ ਬੜੀ ਨਿੱਘੀ ਵਿਦਾਈ ਦਿੱਤੀ ਜਿਸਦੀ ਯਾਦ ਮਨ ਅੰਤਰ ਵਿਚ ਹਮੇਸ਼ਾ ਬਣੀ ਰਹਿੰਦੀ ਹੈ ।

ਮਾਰਚ ਵਿਚ ਕੈਨੇਡਾ ਪਰਤ ਕੇ ਮੈਨੂੰ ਜੂਨ ਵਿਚ ਦੋਬਾਰਾ ਦੇਸ ਜਾਣਾ ਪਿਆ । ਉਥੇ ਮੇਰੇ ਬੇਜੀ 19 ਜੂਨ ਨੂੰ ਸਰਗਵਾਸ ਹੋ ਗਏ ਸਨ ।ਟਹਿਲ ਕੌਰ ਨਾਮ ਦੀ ਮੇਰੀ ਮਾਤਾ ਨੇ ਆਪਣੇ ਨਾਮ ਨੂੰ ਸਾਰਥਕ ਕਰਦਿਆਂ ਆਪਣੀ ਸਾਰੀ ਜ਼ਿੰਦਗੀ ਦੁਖਾਂ ਸੁਖਾਂ ਮੁਸੀਬਤਾਂ ਤੰਗੀਆਂ ਤੁਰਸ਼ੀਆਂ ਤੇ ਔਖਿਆਈਆਂ ਵਿਚ ਆਪਣੇ ਪਤੀ ਤੇ ਪਰਵਾਰ ਦੀ ਟਹਿਲ ਬੜੀ ਸਿੱਦਕ ਸਬੂਰੀ ਨਾਲ ਨਿਭਾਈ ਸੀ ।ਉਸਨੇ ਕਦੇ ਹਾਰ ਨਹੀਂ ਸੀ ਮੰਨੀ । ਅੰਤਲੇ ਸਾਲਾ ਵਿਚ ਸਰੀਰ ਬਹੁਤ ਕਮਜ਼ੋਰ ਹੋ ਗਿਆ ਕਈ ਬੀਮਾਰੀਆਂ ਨੇ ਘੇਰ ਲਿਆ । ਲੱਤਾਂ ਵਿਚ ਵਿੰਗ ਪੈ ਗਿਆ । ਉਠਣਾ ਬੈਠਣਾ ਤੇ ਚਲਣਾ ਫ਼ਿਰਨਾ ਔਖਾ ਹੋਗਿਆ । ਇਸਦੇ ਬਾਵਜੂਦ ਵੀ ਉਨ੍ਹਾ ਕਿਸੇ ਦੀ ਮੁਥਾਜੀ ਨਹੀਂ ਮੰਨੀ । ਆਖੀਰ ਤਕ ਆਪਣੇ ਤੇ ਪ੍ਰਵਾਰ ਦੇ ਸਾਰੇ ਰੋਜ਼ਾਨਾ ਕੰਮ ਨਿਭਾਂਦੇ ਰਹੇ ।ਕੈਨੇਡਾ ਦੀ ਪਹਿਲੀ ਫ਼ੇਰੀ ਸਮੇ ਆਪ ਇਕੱਲੇ ਸ਼ਫ਼ਰ ਕਰਕੇ ਮੈਨੂੰ ਮਿਲੱਣ ਪਟਿਆਲੇ ਆਏ । ਮੇਰੇ ਕੈਨੇਡਾ ਪਰਤਣ ਤੋਂ ਕੁਝ ਦਿਨਾ ਬਾਅਦ ਹੀ ਹਸਪਤਾਲ ਦਾਖਲ ਕਰਵਾਏ ਗਏ ।ਉੱਥੇ ਹੀ 19 ਜੂਨ 2001 ਵਿਚ ਚੜ੍ਹਾਈ ਕਰ ਗਏ । ਉਨ੍ਹਾ ਨੇ ਆਪਣੇ ਸੰਘਰਸ਼ਮਈ ਜੀਵਨ ਦੀ ਛਾਂ ਹੇਠ ਆਪਣੇ ਪ੍ਰਵਾਰ ਤੇ ਬਚਿਆਂ ਨੂੰ ਕਿਵੇਂ ਸੰਭਾਲੀ ਰੱਖਿਆ। ਇਸ ਨੂੰ ਪ੍ਰਗਟਾਉਂਦੇ ਮੇਰੇ ਕੁਝ ਜਜ਼ਬਾਤ ਹਨ :-

ਯਾਦਾਂ ਦੀ ਦੂਰ ਅੰਦਰਲੀ ਗੁਫ਼ਾ ਵਿਚੋਂ,

ਇਕ ਚੱਟਾਨ ਦੀ ਮਜ਼ਬੂਤ ਸਿਰ-ਛੱਤ,

ਬੋਹੜ ਦੀ ਸੰਙਣੀ ਛਾਂ ਵਰਗੀ, ਮਾਂ,

ਜਿਸਨੇ ਨੇ ਸਮੇਂ ਦੀਆਂ ਅਨੇਕ ਹਨੇਰੀਆਂ ਝਾਗ ਕੇ,

ਆਪਣੇ ਮਾਸੂਮ ਬੋਟਾਂ ਨੂੰ ਪਾਲਿਆ ਪੋਸਿਆ ਤੇ ਜਵਾਨੀ ਤਕ ਪਹੁੰਚਾਇਆ,

ਇਸ ਲੰਮੇ ਸੰਘਰਸ਼ ਵਿਚ ਉਸਦੀ ਆਪਣੀ ਜਵਾਨੀ,

ਪਤਾ ਨੀਂ ਕਦੋਂ ਲੰਘ ਗਈ, ਬੁਢਾਪੇ ਦੀ ਰੁੱਖੀ ਚੱਟਾਨ ਬਣ ਗਈ,

ਇਸਦਾ ਉਸਨੂੰ ਕਦੇ ਖ਼ਿਆਲ ਵੀ ਨਹੀਂ ਆਇਆ ।

ਨਹੁੰ ਨਹੁੰ ਦਰਦ ਹੰਢਾਉਂਦੀ, ਪੀੜਾਂ ਨੂੰ ਪਲੋਸਦੀ,

ਹਰੇਕ ਅਵਸਰ ਸਾਹਮਣੇ, ਰੀਝਾਂ ਦੇ ਥਾਲ ਪਰੋਸਦੀ,

ਹਰੇਕ ਹੋਣੀ ਨੂੰ ਵੰਗਾਰਦੀ, ਲਲਕਾਰਦੀ,

ਸਮੇਂ ਦੀ ਸੀਮਾਂ ਤੋਂ ਪਾਰ ਚਲੀ ਗਈ ਹੈ ।

ਸ਼ਹਿਰ ਵਿਚ ਵਿਚਰਦਿਆਂ, ਕਦਮ ਕਦਮ ਤੇ ਉਸਦੀਆ ਯਾਦਾਂ,

ਉਠ ਉਠ ਕੇ ਗਲੇ ਮਿਲਦੀਆਂ, ਸਿਸਕੀਆਂ ਭਰਦੀਆਂ,

ਆਲੇ ਦੁਆਲੇ, ਮਮਟੀਆਂ ਦੀਵਾਰਾਂ, ਬੂਹੇ ਬਾਰੀਆਂ,

ਉਦਾਸੀ ਵਿਚ ਮੌਨ ਜਿਵੇਂ, ਖਾਲੀ ਖਾਲੀ ਨੇਤਰਾਂ ਨਾਲ,

ਬਿੱਟ ਬਿੱਟ ਵੇਂਹਦੀਆਂ, ਬਹੁਤ ਕੁਝ ਕਹਿੰਦੀਆਂ ।

ਹਰੇਕ ਚੇਹਰੇ ਤੋਂ ਉਸਦੀ ਝਲਕ ਪੈਂਦੀ,

ਹਰੇਕ ਬੋਲ ਚੋਂ ਉਸਦੀ, ਧੀਮੀ ਪਰ ਮਜ਼ਬੂਤ ਸੁਰ ਸੁਣੀਂਦੀ ।

ਨਹੀ! ਨਹੀਂ! ਰੋਣਾ ਨਹੀਂ, ਉਦਾਸ ਹੋਣਾ ਨਹੀਂ,

ਕੌਣ ਇਸ ਦੁਨੀਆ ਦੇ ਘਰ ਦਾ ਪਰਾਹੁਣਾ ਨਹੀਂ?

ਮੇਰੀ ਯਾਦ ਰੱਖਣੀ ਦਿਲਾਂ ‘‘ਚ ਆਬਾਦ,

ਆਪਸੀ ਪਿਆਰ ਸਤਿਕਾਰ,

ਹਮਦਰਦੀ, ਦੁਖਾ ਸੁਖਾ ਦੀ ਸਾਂਝ ਦੇ ਸੰਸਕਾਰ ਨਾਲ,

ਬਜ਼ੁਰਗਾਂ ਦੇ ਸਤਿਕਾਰ ਨਾਲ

ਮਾਸੂਮਾਂ ਦੇ ਪਿਆਰ ਤੇ ਦੁਲਾਰ ਨਾਲ ।

ਚਲਾਣੇ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਕੇ ਤੇ ਕੁਝ ਸਮਾਂ ਪਟਿਆਲੇ ਆਪਣੇ ਵੀਰ ਤੇ ਪ੍ਰਵਾਰ ਪਾਸ ਰਹਿਕੇ ਮੈਂ ਤਿੰਨ ਹਫ਼ਤਿਆ ਬਾਅਦ ਕੈਨੇਡਾ ਪਰਤ ਆਇਆ ।


## ਮਲੇਸ਼ੀਆ ਦੀ ਤੀਜੀ ਫ਼ੇਰੀ

ਸੰਨ 2003 ਵਿਚ ਅਤੇ ਕੈਨੇਡਾ ਰਹਿੰਦਿਆਂ ਖਾਲਸਾ ਦੀਵਾਨ ਮਲੇਸ਼ੀਆ ਨੇ ਮੈਨੂੰ ਆਪਣੇ ਸੌ ਸਾਲਾ ਸਥਾਪਨਾ ਵਰ੍ਹੇ ਦੇ ਸਮਾਗਮਾਂ ਤੇ ਬੁਲਾਇਆ । ਮੈਂ ਸਿੱਖ ਸੁਸਾਇਟੀ ਕੈਲਗਰੀ ਤੋਂ ਦੋ ਮਹੀਨੇ ਦੀ ਛੁੱਟੀ ਲੈ ਕੇ ਅਪ੍ਰੈਲ 2003 ਦੇ ਆਖਰੀ ਹਫ਼ਤੇ ਮਲੇਸ਼ੀਆ ਦੇ ਪ੍ਰਚਾਰ ਦੌਰੇ ਤੇ ਗਿਆ ।ਇਸ ਸਮੇਂ ਦੱਖਣੀ ਪੂਰਬੀ ਦੇਸਾਂ ਵਿੱਚ ਸਾਰਸ ਦੇ ਵਾਈਰਸ ਦੀ ਬੀਮਾਰੀ ਫ਼ੈਲੀ ਹੋਈ ਸੀ ।ਕਈ ਸੱਜਣਾਂ ਨੇ ਮੈਨੂੰ ਜਾਣ ਤੋਂ ਰੋਕਿਆ ਪ੍ਰੰਤੂ ਪਹਿਲਾਂ ਦੀਵਾਨ ਦੇ ਪ੍ਰਬੰਧਕਾਂ ਨਾਲ ਹਾਮੀ ਭਰਨ ਤੋਂ ਮੁਨਕਰ ਹੋਣ ਤੇ ਮਨ ਨਾ ਮੰਨਿਆ । ਜਾਂਦਿਆਂ ਵੈਨਕੂਵਰ ਦੇ ਹਵਾਈ ਅੱਡੇ ਤੇ ਮੈਨੂੰ ਸ੍ਰ: ਇੰਦਰਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਮਿਲੇ ਜਿਨ੍ਹਾ ਮੇਰੇ ਲਈ ਰਾਤ ਦਾ ਖਾਣਾ ਵੀ ਬਣਾ ਕੇ ਲਿਆਂਦਾ ਸੀ । ਮੈਂ ਕੁਝ ਉਥੇ ਹੀ ਖਾ ਲਿਆ ਤੇ ਬਾਕੀ ਬਚਿਆ ਨਾਲ ਲੈ ਲਿਆ ।ਵੈਨਕੂਵਰ ਤੋਂ ਮੇਰੀ ਕੈਥੇ ਪੈਸੀਫ਼ਿਕ ਦੀ ਹਾਂਗਕਾਂਗ ਤਕ ਦੀ ਚੌਦਾਂ ਘੰਟੇ ਦੀ ਲੰਮੀ ਫ਼ਲਾਈਟ ਬੜੀ ਅਕਾਊ ਸੀ ਜੋ ਸਵੇਰ ਦੇ ਸਮੇ ਹਾਂਗਕਾਂਗ ਪੁੱਜੀ । ਹਾਗਕਾਂਗ ਹਵਾਈ ਅੱਡੇ ਦਾ ਵਿਸ਼ਾਲ ਯਾਤਰੀ ਉਡੀਕ ਘਰ ਸੁੰਨ-ਮਸੁੰਨਾ ਪਿਆ ਸੀ । ਸਾਰਸ ਦੀ ਬਿਮਾਰੀ ਕਾਰਨ ਵਿਰਲੇ ਯਾਤਰੀ ਦੀ ਇੱਥੇ ਬੈਠੇ ਸਨ ।ਉਥੋਂ ਮੇਰੀ ਅਗਲੀ ਕੁਆਲਾ ਲੁੰਪੁਰ ਤੱਕ ਦੀ ਫ਼ਲਾਈਟ ਮਲੇਸ਼ੀਅਨ ਏਅਰਲਾਈਨਜ਼ ਦੀ ਸੀ । ਆਉਣ-ਜਾਣ ਵਾਲੇ ਜਹਾਜ਼ਾਂ ਦੇ ਇਲੈਕਟ੍ਰੋਨਿਕ ਸੂਚਨਾ-ਬੋਰਡ ਤੇ ਇਸ ਫ਼ਲਾਈਟ ਦੇ ਨੰਬਰ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ ਦਿੱਸਦਾ । ਹਵਾਈ ਅੱਡੇ ਦੇ ਅਧਿਕਾਰੀਆਂ ਤੋਂ ਪੁੱਛਣ ਤੇ ਪਤਾ ਲੱਗਾ ਕਿ ਇਹ ਉਡਾਣ ਲੇਟ ਹੈ । ਲਗਾਤਾਰ ਉਡੀਕ ਕਰਦਿਆਂ ਸ਼ਾਮ ਹੋ ਗਈ । ਮੂੰਹ ਤੇ ਮਾਸਕ ਬੰਨ੍ਹੀ ਮੈਂ ਵਾਰ ਵਾਰ ਸੂਚਨਾ-ਪਟ ਵਾਚਦਾ । ਇਥੇ ਵੈਨਕੂਵਰ ਤੋਂ ਲਿਆਂਦਾ ਬਚਿਆ ਭੋਜਨ ਮੇਰੇ ਕੰਮ ਆਇਆ । ਅਖ਼ੀਰ ਅੱਠ ਘੰਟੇ ਦੀ ਉਡੀਕ ਮਗਰੋਂ ਇਸ ਉਡਾਨ ਦਾ ਨੰਬਰ ਬੋਰਡ ਤੇ ਦਿੱਸਿਆ । ਅੱਡਾ ਅਧਿਕਾਰੀ ਆਉਂਦੇ ਜਾਂਦੇ ਯਾਤਰੀਆਂ ਦੇ ਕੰਨਾਂ ਵਿਚ ਥਰਮਾਮੀਟਰ ਵਰਗਾ ਜੰਤਰ ਲਾ ਲਾ ਕੇ ਚੈੱਕ ਕਰ ਰਹੇ ਸਨ ।

ਕੁਆਲਾ ਲੁੰਪੁਰ ਦੀ ਫ਼ਲਾਈਟ ਵਿਚ ਬਹੁਤ ਘੱਟ ਯਾਤਰੀ ਸਵਾਰ ਸਨ। ਸੇਵਾਰਤ ਏਅਰ ਹੋਸਟੈਸ ਬੀਬੀ ਪੰਜਾਬਣ ਨਿਕਲੀ ।ਵਾਰ ਵਾਰ ਉਹ ਫਲਾਂ ਦੀਆਂ ਭਰੀਆਂ ਟਰੇਆਂ ਮੇਰੇ ਅੱਗੇ ਲਿਆ ਰੱਖਦੀ ਜੋ ਯਾਤਰੀ ਘੱਟ ਹੋਣ ਕਾਰਨ ਫ਼ਾਲਤੂ ਪਈਆਂ ਹੋਣਗੀਆਂ ।ਸੀਟਾਂ ਖਾਲੀ ਹੋਣ ਕਾਰਨ ਮੈਂ ਇੱਕ ਸਿਰੇ ਦੀਆਂ ਸੀਟਾਂ ਤੇ ਲੰਮਾ ਪੈ ਕੇ ਕੁਝ ਰਾਹਤ ਮਹਿਸੂਸ ਕੀਤੀ । ਸ਼ੁਕਰ ਸ਼ੁਕਰ ਕਰਕੇ ਮੈਂ ਦੇਰ ਸ਼ਾਮ ਕੁਆਲਾ ਲੁੰਪੁਰ ਦੇ ਨਵੇਂ ਬਣੇ ਇੰਟਰਨੈਸ਼ਨਲ ਏਅਰ ਪੋਰਟ ਤੇ ਉਤਰਿਆ।ਇੰਮੀਗ੍ਰੇਸ਼ਨ ਦੀ ਚੈਕਿੰਗ ਵਿੱਚੋਂ ਨਿਕਲ ਕੇ ਇੱਕ ਟੈਕਸੀ ਵਾਲੇ ਤੋਂ ਡਾਲਰ ਦੇ ਕੇ ਫ਼ੋਨ ਮੰਗਿਆ ਤੇ ਸ੍ਰ: ਮਲਕੀਤ ਸਿੰਘ ਨੂੰ ਆਪਣੇ ਪਹੁੰਚਣ ਦੀ ਸੂਚਨਾ ਦਿੱਤੀ ਜਿਨ੍ਹਾਂ ਮੈਨੂੰ ਹਵਾਈ ਅੱਡੇ ਤੋਂ ਲਿਜਾਣਾ ਸੀ । ਕਾਫ਼ੀ ਉਡੀਕ ਮਗਰੋਂ ਇਕ ਦਸਤਾਰਧਾਰੀ ਨੌਜਵਾਨ ਆਇਆ ਜਿਹੜਾ ਮੈਨੂੰ ਕੁਆਲਾ ਲੁੰਪੁਰ ਦੇ ਤਿਤੀਵੰਗਸਾ ਗੁਰਦੁਆਰਾ ਸਾਹਿਬ ਲੈ ਗਿਆ ਜਿੱਥੇ ਮੇਰੇ ਠਹਿਰਨ ਦਾ ਪ੍ਰਬੰਧ ਸੀ।ਉੱਥੇ ਪੰਜਾਬ ਤੋਂ ਆਇਆ ਇਕ ਰਾਗੀ ਜਥਾ ਵੀ ਠਹਿਰਿਆ ਹੋਇਆ ਸੀ ।

ਇਥੇ ਨੌਜਵਾਨ ਸਭਾ ਮਲੇਸ਼ੀਆ ਦੇ ਮੁਖੀ ਸ੍ਰ: ਮਲਕੀਤ ਸਿੰਘ ਨੇ ਰਾਗੀ ਜਥੇ ਨਾਲ ਮੈਨੂੰ ਕੁਆਲਾ ਲੁੰਪੁਰ ਦੇ ਕਈ ਗੁਰਦੁਆਰਿਆਂ ਵਿਚ ਕੀਰਤਨ ਪ੍ਰਚਾਰ ਲਈ ਭੇਜਿਆ ।ਕੁਆਲਾ ਲੁੰਪੁਰ ਦੇ ਮੇਰੇ ਪੁਰਾਣੇ ਮਿੱਤਰ ਸ੍ਰਦਾਰ ਸਾਧੂ ਸਿੰਘ ਜੀ ਚੜ੍ਹਈ ਕਰ ਚੁੱਕੇ ਸਨ ।ਉਨ੍ਹਾਂ ਦੇ ਸਪੁੱਤਰ ਕਰਮਜੀਤ ਸਿੰਘ ਨਾਲ ਮੈਂ ਉਨ੍ਹਾਂ ਦੇ ਘਰ ਗਿਆ। ਪ੍ਰਵਾਰ ਨਾਲ ਮਿਲ ਕੇ ਸਵਰਗਵਾਸੀ ਦੀ ਯਾਦ ਵਿਚ ਸੁਖਮਨੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ ।ਆਪਣੇ ਪਿਤਾ ਵਾਂਗ ਹੀ ਕਰਮਜੀਤ ਸਿੰਘ ਤੇ ਉਨ੍ਹਾਂ ਦੇ ਪਰਵਾਰ ਨੇ

ਮੇਰੇ ਨਾਲ ਬੜਾ ਸਨੇਹ ਕੀਤਾ । ਉਨ੍ਹਾਂ ਨਾਲ ਮੈ ਕੁਆਲਾ ਲੁੰਪੁਰ ਦੇ ਕਈ ਗੁਰਦੁਆਰਿਆਂ ਵਿੱਚ ਗਿਆ। ਉਹ ਆਪਣੇ ਪ੍ਰਵਾਰ ਨਾਲ ਮੈਨੂੰ ਸ਼ਹਿਰ ਵਿਚਲੇ ਪੈਟਰੋਨਾਸ ਟਵਿੰਨ ਟਾਵਰ ਲੈ ਗਏ।ਉਸ ਸਮੇਂ ਤੱਕ ਇਹ ਦੁਨੀਆਂ ਦੇ ਸਭ ਤੋਂ ਉੱਚੋਂ ਗੁੰਬਦ ਸਨ। ਟਿਕਟਾਂ ਲੈ ਕੇ ਅਸੀਂ ਇਨ੍ਹਾਂ ਗੁੰਬਦਾਂ ਤੇ ਲਿਫ਼ਟਾਂ ਰਾਹੀਂ ਚੜ੍ਹੇ । ਟਾਵਰਜ਼ ਦੇ ਅੱਧ ਵਿਚ ਦੋਹਾਂ ਟਾਵਰਾਂ ਨੂੰ ਜੋੜਦੇ ਪੁਲ ਤੱਕ ਜਾਣ ਦੀ ਆਗਿਆ ਸੀ।ਜਿੱਥੇ ਅਸੀਂ ਅਪਣੀ ਫ਼ੋਟੋ ਵੀ ਖਿਚਵਾਈ ।



(ਕੁਆਲਾਲੰਪੁਰ ਦੇ ਵਵਿੰਨ ਟਾਵਰ ਤੇ ਸ੍ਰ: ਮਲਕੀਤ ਸਿੰਘ ਦੇ ਪ੍ਰਵਾਰ ਨਾਲ)

ਇੱਥੇ ਕਈ ਪੁਰਾਣੇ ਜਾਣਕਾਰ ਸੱਜਣ ਮਿਲੇ ।ਇੱਕ ਦਿਨ ਪਹਿਲੀ ਫੇਰੀ ਸਮੇਂ ਈਪੋ ਦੇ ਸਤਿਸੰਗੀ ਡਾਕਟਰ ਮਹਿੰਦਰ ਸਿੰਘ ਮਿਲਣ ਆਏ । ਉਨ੍ਹਾਂ ਆਪਣੀ ਜੀਵਨ ਸਾਥਣ ਡਾਕਟਰ ਬਖ਼ਸ਼ੀਸ਼ ਕੌਰ ਦੇ ਸਦੀਵੀ ਵਿਛੋੜੇ ਦੀ ਵਾਰਤਾ ਬੜੀ ਵੇਦਨਾ ਨਾਲ ਸੁਣਾਈ, ਜਿਸਨੂੰ ਕੈਂਸਰ ਦੀ ਭਿਆਨਕ ਬੀਮਾਰੀ ਹੋ ਗਈ ਸੀ ।ਆਪਣੀ ਜਾਣਕਾਰੀ ਤੇ ਡਾਕਟਰੀ ਮਹਿਕਮੇ ਦੇ ਪੂਰੇ ਸਹਿਯੋਗ ਨਾਲ ਵੀ ਡਾਕਟਰ ਸਾਹਿਬ ਉਸਨੂੰ ਨਹੀ ਸੀ ਬਚਾ ਸਕੇ ।ਗਿਆਨੀ ਇੰਦਰ ਸਿੰਘ ਜੀ ਵੀ ਚਲਾਣਾ ਕਰ ਚੁੱਕੇ ਸਨ । ਉਨ੍ਹਾਂ ਦੇ ਸਪੁੱਤਰ ਨਾਲ ਮੈਂ ਉਸਦੀ ਮਾਤਾ ਪਾਸ ਗਿਆਨੀ ਜੀ ਦੇ ਸਦੀਵੀ ਵਿਛੋੜੇ ਪ੍ਰਤੀ ਆਪਣੀ ਵੇਦਨਾ ਪ੍ਰਗਟ ਕਰਨ ਵੀ ਗਿਆ ।

ਕੁਝ ਦਿਨ ਕੁਆਲਾ ਲੁੰਪੁਰ ਠਹਿਰਨ ਮਗਰੋਂ ਮੈਂ ਈਪੋ ਗਿਆ ।ਉਥੇ ਮੈਨੂੰ ਮੇਰੇ ਪਹਿਲੇ ਜਾਣਕਾਰ ਗਿਆਨੀ ਟਹਿਲ ਸਿੰਘ ਦੇ ਸਪੁੱਤਰ ਸ੍ਰ: ਧੀਰ ਸਿੰਘ ਨੇ ਆਪਣੇ ਘਰ ਟਿਕਾਣਾ ਦਿੱਤਾ। ਇਸ ਸਾਰੀ ਫ਼ੇਰੀ ਦੌਰਾਨ ਮੇਰਾ ਟਿਕਾਣਾ ਉਨ੍ਹਾ ਦੇ ਘਰ ਹੀ ਰਿਹਾ ।ਦੀਵਾਨ ਨੇ ਮੇਰੇ ਲਈ ਇਕ ਟੈਕਸੀ ਬੁੱਕ ਕਰ ਦਿੱਤੀ ਜਿਸਤੇ ਉਨ੍ਹਾਂ ਦੇ ਬਣਾਏ ਪ੍ਰੋਗਰਾਮ ਅਨੁਸਾਰ ਰੋਜ਼ਾਨਾ ਕਿਸੇ ਨਾ ਕਿਸੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਮੇਰਾ ਪ੍ਰੋਗਰਾਮ ਹੁੰਦਾ ।ਇਸ ਦੌਰਾਨ ਕਈ ਪੁਰਾਣੇ ਮਿੱਤਰ ਉਸੇ ਉਤਸ਼ਾਹ ਨਾਲ ਮਿਲੇ ।ਮੈਂ ਮਲੇਸ਼ੀਆ ਦੀ

ਸਿੱਖ ਵੱਸੋਂ ਵਾਲੇ ਉੱਤਰੀ ਨਗਰ ਅਲੋਰ ਸਟਾਰ ਤੋਂ ਲੈ ਕੇ ਧੁਰ ਦੱਖਣ ਜੌਹਰ ਬਾਰੂ ਤੱਕ ਦੇ ਨਗਰਾਂ ਦੇ ਲਗਭਗ ੩੦ ਗੁਰਦੁਆਰਿਆਂ ਵਿਚ ਗੁਰਮਤਿ ਪ੍ਰਚਾਰ ਲਈ ਗਿਆ ।ਪ੍ਰਚਾਰ ਪ੍ਰੋਗਰਾਮ ਪੂਰਾ ਕਰਕੇ ਜੂਨ 2003 ਦੇ ਆਰੰਭ ਵਿਚ ਵਾਪਸ ਕੈਲਗਰੀ ਪੁੱਜਾ ।

* ** * * * * *

## ਮਲੇਸ਼ੀਆ ਦੀ ਚੌਥੀ ਫ਼ੇਰੀ

ਸੰਨ 2004 ਵਿਚ ਅਗਸਤ ਦੇ ਮਹੀਨੇ ਮੈਨੂੰ ਖਾਲਸਾ ਦੀਵਾਨ ਮਲੇਸ਼ੀਆ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਫ਼ਿਰ ਬੁਲਾਇਆ ।

ਈਪੋਹ ਵਿਖੇ ਮੈ ਆਪੇ ਪੁਰਾਣੇ ਜਾਣਕਾਰ ਭਾਈ ਟਹਿਲ ਸਿੰਘ ਦੇ ਸਪੁੱਤਰ ਸ੍ਰ: ਧੀਰ ਸਿੰਘ ਦੇ ਘਰ ਠਹਿਰਿਆ । ਇਨ੍ਹਾਂ ਮੈਨੂੰ ਆਪਣੇ ਘਰ ਦੇ ਮੈਂਬਰ ਵਾਂਗ ਹੀ ਰੱਖਿਆ ।ਧੀਰ ਸਿੰਘ ਦੀ ਸੁਪਤਨੀ ਬੀਬੀ ਬਖ਼ਸ਼ੀਸ਼ ਕੌਰ ਨੇ ਆਪਣੇ ਪਿਤਾ ਵਾਂਗ ਮੈਨੂੰ ਨਿਵਾਜਿਆ । ਇਨ੍ਹਾਂ ਦਾ ਵੱਡਾ ਬੇਟਾ ਭਾਰਤ ਵਿੱਚ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਸੀ । ਛੋਟਾ ਸਕੂਲ ਵਿੱਚ ਪੜ੍ਹਦਾ ਸੀ । ਪਿਤਾ ਭਾਈ ਟਹਿਲ ਸਿਘ ਜੀ ਵੀ ਕਦੇ ਕਦੇ ਆ ਕੇ ਮਿਲ ਜਾਂਦੇ ਸਨ ।ਧੀਰ ਸਿੰਘ ਦਾ ਛੋਟਾ ਭਰਾ ਬਲਦੇਵ ਸਿੰਘ ਜੋ ਪਹਿਲਾਂ ਗੁਰਮਤਿ ਕਲਾਸਾਂ ਦਾ ਵਿਦਿਆਰਥੀ ਰਿਹਾ ਸੀ । ਉਹ ਹੁਣ ਗੁਰਮਤਿ ਪ੍ਰਚਾਰ ਦੇ ਕੰਮਾਂ ਵਿਚ ਸਰਗਰਮ ਹਿੱਸਾ ਲੈ ਰਿਹਾ ਸੀ ।ਉਹ ਵੀ ਮੇਰੀ ਪੁੱਛ ਪ੍ਰਤੀਤ ਕਰਦਾ ਰਹਿੰਦਾ ਸੀ ।ਦੀਵਾਨ ਵਲੋਂ ਰੋਜ਼ਾਨਾ ਪ੍ਰਚਾਰ ਲਈ ਗੁਰਦੁਆਰਿਆਂ ਵਿਚ ਜਾਣ ਵਾਸਤੇ ਇੱਕ ਟੈਕਸੀ ਬੁੱਕ ਕਰ ਲਈ ਗਈ ਸੀ । ਪਹਿਲਾਂ ਕੁਝ ਦਿਨ ਮੈਂ ਈਪੋਹ ਸ਼ਹਿਰ ਅਤੇ ਆਸ ਪਾਸ ਦੇ ਗੁਰਦੁਆਰਿਆ ਵਿਚ ਜਾਂਦਾ ਰਿਹਾ।ਫ਼ਿਰ ਦੀਵਾਨ ਦੇ ਪ੍ਰਧਾਨ ਸ੍ਰ: ਸੰਤੋਖ ਸਿੰਘ ਦੇ ਸ਼ਹਿਰ ਕੰਪਰ ਅਤੇ ਲਾਗਲੇ ਸ਼ਹਿਰਾਂ ਬੀਡੋਰ,ਤੰਜੋਂਗ ਤੁਆਲੰਗ ਦੇ ਗੁਰਦੁਆਰਿਆਂ ਵਿਚ ਜਾਣ ਦਾ ਅਵਸਰ ਮਿਲਿਆ ।ਇਨ੍ਹਾ ਸ਼ਹਿਰਾਂ ਵਿਚ ਹੁਣ ਸਿੱਖ ਵੱਸੋਂ ਪਹਿਲਾਂ ਨਾਲੋਂ ਕਾਫ਼ੀ ਘਟ ਗਈ ਸੀ । ਟਿਨ ਅਤੇ ਰਬੜ ਦੀ ਆਲਮੀ ਮੰਗ ਘਟਣ ਨਾਲ ਇਹਨਾਂ ਨਾਲ ਸਬੰਧਿਤ ਕਾਰੋਬਾਰ ਵਿੱਚ ਲੱਗੇ ਸਿੱਖ ਹੁਣ ਰੋਜ਼ਗਾਰ ਦੀ ਭਾਲ ਵਿਚ ਵੱਡੇ ਸ਼ਹਿਰਾਂ ਵਿਚ ਜਾ ਵੱਸੇ ਹਨ ।ਇਥੇ ਦੀਵਾਨ ਦੇ ਮੀਤ ਸਕੱਤਰ ਸ੍ਰ: ਸਰਬੀਰ ਸਿੰਘ ਨਾਲ ਕੈਮਰਨ ਹਾਈਲੈਂਡ ਗਿਆ ਜੋ ਪਹਾੜ ਉੱਪਰ ਸਥਿਤ ਸੈਲਾਨੀਆਂ ਦਾ ਕੇਂਦਰ ਹੈ । ਰਸਤੇ ਵਿਚ ਪਹਾੜ ਦੀਆਂ ਢਲਾਨਾਂ ਉੱਪਰ ਚੀਨੀ ਕਿਸਾਨਾਂ ਨੇ ਸਬਜ਼ੀਆਂ ਤੇ ਫਲਾਂ ਦੀਆਂ ਵਾੜੀਆਂ ਲਾਈਆਂ ਹੋਈਆਂ ਸਨ । ਉਹ ਸੜਕ ਕਿਨਾਰੇ ਆਪਣੀ ਉਪਜ ਦੀਆਂ ਫ਼ੜੀਆਂ ਵੀ ਲਾਈ ਬੈਠੇ ਸਨ ਜਿਥੋਂ ਆਉਂਦੇ ਜਾਂਦੇ ਸੈਲਾਨੀ ਉਨ੍ਹਾਂ ਪਾਸੋਂ ਸਬਜ਼ੀਆਂ ਤੇ ਫਲ ਖ਼ਰੀਦ ਰਹੇ ਸਨ ।ਇੱਥੇ ਤਾਨਾਹ ਰਾਤਾ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ



ਸੀ।ਗੁਰਦੁਆਰਾ ਸਾਹਿਬ ਦੇ ਦੀਵਾਨ ਮਗਰੋਂ ਨਗਰ ਕੀਰਤਨ ਕੱਢਿਆ ਗਿਆ।ਇਸ ਵਿਚ ਆਲੇ ਦੁਆਲੇ ਦੇ ਸ਼ਹਿਰਾਂ ਦੀਆਂ ਸੰਗਤਾਂ ਸ਼ਾਮਿਲ ਹੋਈਆਂ ।ਸਿੱਖ ਨੌਜਵਾਨ ਸਭਾ ਦੀ ਬੈਂਡ ਪਾਰਟੀ ਵੀ ਸ਼ਾਮਿਲ ਹੋਈ । ਇਹ ਨੌਜਵਾਨ ਆਪਣੀ ਬੈਂਡ ਪਾਰਟੀ ਦੀਆਂ ਪੋਸ਼ਾਕਾਂ ਵਿਚ ਸੁਭਾਏਮਾਨ ਸਨ । ਪੰਜ ਘੋੜਸਵਾਰ ਗੁਰੂ ਮਹਾਰਾਜ ਤੇ ਪੰਜ ਪਿਆਰਿਆਂ ਦੀ ਅਗਵਾਈ ਕਰ ਰਹੇ ਸਨ ।ਨਗਰ ਕੀਰਤਨ ਵਿਚ ਸੰਗਤਾਂ ਦੇ ਜਥੇ ਢੋਲਕੀ ਅਤੇ ਛੈਣਿਆਂ ਨਾਲ ਜੋਟੀਆਂ ਵਿਚ ਸ਼ਬਦ ਗਾਇਨ ਕਰ ਰਹੇ ਸਨ


(ਗੁਰਦੁਆਰਾ ਤਾਨਾਹ ਰਾਾਤਾ ਵੱਲੋਂ ਕੱਢਿਆ ਗਿਆ ਨਗਰ ਕੀਰਤਨ)

।ਬਜ਼ੁਰਗਾਂ ਦਾ ਇੱਕ ਗੜਗੱਜ ਜਥਾ ਬੜੀ ਉੱਚੀ ਸੁਰ ਵਿਚ ਸ਼ਬਦ ਗਾਇਨ ਕਰਦਾ ਜਾ ਰਿਹਾ ਸੀ । ਰਮਣੀਕ ਪਹਾੜੀ ਦੀ ਫ਼ੇਰ ਪਾਉਂਦੀ ਸੜਕ ਤੇ ਲਗਭਗ ਪੰਜ ਕਿਲੋਮਟਰ ਦਾ ਚੱਕਰ ਲਾ ਕੇ ਨਗਰ ਕੀਰਤਨ ਸਮਾਪਤ ਹੋਇਆ

ਖਾਲਸਾ ਦੀਵਾਨ ਵੱਲੋਂ ਵੱਡਾ ਗੁਰਦੁਆਰਾ ਸਾਹਿਬ ਵਿਖੇ ਇਲਾਕੇ ਦੇ ਨੌਜਵਾਨਾਂ ਦੇ ਕੀਰਤਨ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਦਸ ਬਾਰਾਂ ਜਥੇ ਸ਼ਾਮਿਲ ਹੋਏ । ਮੈਨੂੰ ਪਤਾ ਲੱਗਾ ਕਿ ਗੁਰਦੁਆਰਾ ਕਮੇਟੀਆਂ ਵੱਲੋਂ ਕੀਰਤਨ ਸਿਖਾਉਣ ਲਈ ਬਾਕਾਇਦਾ ਸਿਖਿਅਤ ਰਾਗੀ ਅਧਿਆਪਕ ਰੱਖੇ ਹੋਏ ਹਨ ।

ਇਸ ਤੋਂ ਬਾਦ ਪੱਛਮੀ ਮਲੇਸ਼ੀਆ ਦੇ ਮੱਧ ਤੇ ਪੂਰਬ ਵੱਲ ਵੱਸੇ ਸ਼ਹਿਰਾਂ ਵਿਚ ਜਾਣ ਦਾ ਪ੍ਰੋਗਰਾਮ ਬਣਿਆ ਜਿਨ੍ਹਾਂ ਵਿਚ ਬੈਂਤੋਂਗ, ਕੁਅੰਤਨ ਅਤੇ ਮੈਂਤਾਕਾਬ ਗੁਰਦੁਆਰਿਆਂ ਦੀਆ ਸੰਗਤਾਂ ਦੇ ਦਰਸ਼ਨ ਕੀਤੇ ।ਮਗਰੋਂ ਮੈਂਤਾਕਾਬ ਗੁਰਦੁਆਰੇ ਦੇ ਪ੍ਰਧਾਨ ਸ੍ਰ: ਅਮਰ ਸਿੰਘ ਮੈਨੂੰ ਮਲਾਕਾ ਲੈ ਗਏ ਜਿੱਥੇ 11 ਸਤੰਬਰ ਨੂੰ ਸਾਰੇ ਮਲੇਸ਼ੀਆ ਦੇ ਸਿੱਖਾਂ ਦੀ ਕਾਨਫ਼ਰੰਸ ਸੀ । ਇਸ ਕਾਨਫ਼ਰੰਸ ਵਿਚ ਪ੍ਰਸਿੱਧ ਸਿੱਖ ਵਿਦਵਾਨ ਸ੍ਰ: ਗੁਰਤੇਜ ਸਿੰਘ ਵੀ ਸ਼ਾਮਿਲ ਹੋਏ ਜਿਨ੍ਹਾਂ ਨੀਲਾ ਸਾਕਾ ਦੇ ਵਿਰੋਧ ਵਿਚ ਅਪਣੀ ਆਈ: ਏ: ਐਸ ਦੀ ਨੌਕਰੀ ਤਿਆਗ ਦਿੱਤੀ ਸੀ । ਉਹ ਪਟਿਆਲੇ ਗੁਰਮਤਿ ਵਿਦਿਆਲੇ ਵਿਚ ਸਾਨੂੰ ਪੜ੍ਹਾਉਂਦੇ ਵੀ ਰਹੇ ਸਨ ।

ਉਥੋਂ ਵਾਪਸ ਪਰਤ ਕੇ ਫ਼ਿਰ ਦੋ ਕੁ ਦਿਨ ਈਪੋ ਰਿਹਾ ।ਉੱਥੇ 12 ਸਤੰਬਰ ਨੂੰ ਗੁਰਦੁਆਰਾ ਗਰੀਨ ਟਾਊਨ ਦੀ ਸੰਗਤ ਨਾਲ ਗੁਰਮਤਿ ਸਬੰਧੀ ਵਿਚਾਰ ਵਿਟਾਂਦਰਾ ਕੀਤਾ ।13 ਸਤੰਬਰ ਨੂੰ ਕੁਆਲਾ ਲੁੰਪੁਰ ਜਾ ਕੇ ਸਿੱਖ ਨੌਜਵਾਨ ਸਭਾ ਦੇ ਕੇਂਦਰੀ



ਦਫ਼ਤਰ ਵਿਚ ਟਿਕਾਣਾ ਕੀਤਾ ਜਿੱਥੋਂ ਸਥਾਨਕ ਤੇ ਆਲੇ ਦੁਆਲੇ ਦੇ ਸ਼ਹਿਰਾਂ ਸਰੰਬਨ, ਕਾਜੰਗ ਤੇ ਕਲਾਂਗ ਗਿਆ। ਕੁਆਲਾਲੰਪੁਰ ਦੇ ਸਥਾਨਕ ਗੁਰਦੁਆਰਿਆਂ ਸੈਂਟ੍ਰਲ, ਕੰਪੋਂਙ ਪਾਂਡਨ, ਪਤਾਲਿੰਗ ਜਾਯਾ ਤੇ ਤੱਤ ਖਾਲਸਾ ਜਾਣ ਦਾ ਅਵਸਰ ਵੀ ਮਲਿਆ। ਸੈਂਟ੍ਰਲ ਗੁਰਦੁਆਰਾ ਸਾਹਿਬ ਵਿਚ ਮੇਰੇ ਪਹਿਲੇ ਜਾਣਕਾਰ ਸ੍ਰ: ਹਰਚਰਨ ਸਿੰਘ ਹੁਰਾਂ ਉੱਥੇ ਚਲਦੇ ਪੰਜਾਬੀ ਸਕੂਲ ਦੀਆਂ ਅਧਿਆਪਕਾਵਾਂ ਨਾਲ ਮੇਰੀ ਮੀਟਿੰਗ ਕਰਵਾਈ ।ਪਤਾਲਿੰਗ ਜਾਯਾ ਦੇ ਇਕ ਪ੍ਰਬੰਧਕ ਸੱਜਣ ਨਾਲ ਮੈਂ ਇੱਥੇ ਖਾਲਸਾ ਦੀਵਾਨ ਵੱਲੋਂ ਚਲਾਈਆਂ ਪੰਜਾਬੀ ਕਲਾਸਾਂ ਦੇਖਣ ਵੀ ਗਿਆ। ਕੁਆਲਾ ਲੁੰਪੁਰ ਦੇ ਕਈ ਸਕੂਲਾਂ ਵਿਚ ਹਫ਼ਤੇ ਦੇ ਛੁੱਟੀ ਵਾਲੇ ਦਿਨ ਇਹ ਪੰਜਾਬੀ ਕਲਾਸਾਂ ਲਗਦੀਆਂ ਹਨ ਜਿੱਥੇ ਸੈਂਕੜੇ ਵਿਦਿਆਰਥੀ ਪੜ੍ਹਦੇ ਹਨ। ਇਨ੍ਹਾਂ ਦੀਆਂ ਪੁਸਤਕਾਂ ਅਤੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਖਾਲਸਾ ਦੀਵਾਨ ਈਪੋਹ ਵੱਲੋਂ ਹੀ ਕੀਤਾ ਜਾਂਦਾ ਹੈ ।

ਗੁਰਦੁਆਰਾ ਤੱਤ ਖਾਲਸਾ ਕੁਆਲਾ ਲੁੰਪੁਰ ਦੀ ਇਮਾਰਤ ਹੁਣ ਬੜੀ ਵੱਡੀ ਤੇ ਸ਼ਾਨਦਾਰ ਦਿਖ ਵਾਲੀ ਬਣੀ ਹੋਈ ਹੈ ਜਿਸਦਾ ਦੀਵਾਨ ਹਾਲ ਵੀ ਬਹੁਤ ਵੱਡੇ ਆਕਾਰ ਦਾ ਹੈ । ਕੁਆਲਾ ਲੁੰਪੁਰ ਤੋਂ ਦੱਖਣ ਵੱਲ ਦੇ ਸ਼ਹਿਰ ਤੰਪਿੰਨ ਗਿਆ ਜਿੱਥੋਂ ਦੇ

(ਗੁਰਦੁਆਰਾ ਸਾਹਿਬ ਤੰਪਿੰਗ ਦੇ ਪ੍ਰਵੇਸ਼ ਦੁਆਰਾ ਦੁਆਲੇ ਬਣੀਆਂ ਮੂਰਤਿਆਂ)

ਗੁਰਦੁਆਰਾ ਸਹਿਬ ਦੀ ਪਾਲਕੀ, ਚਾਨਣੀ ਅਤੇ ਦਰਬਾਰ ਹਾਲ ਸੁਹਣੀ ਦਰਸ਼ਨੀ ਦਿਖ ਵਾਲੇ ਬਣੇ ਹੋਏ ਹਨ । ਇੱਥੇ ੍ਰਰਦੁਆਰਾ ਸਾਹਿਬ ਦੇ ਮੁੱਖ ਦੁਆਰ ਦੇ ਦੋਹੀਂ ਪਾਸੀਂ ਮਹਾਰਾਜਾ ਰਣਜੀਤ ਸਿੰਘ ਅਤੇ ਮਾਈ ਭਾਗੋ ਦੇ ਆਦਮ ਕੱਦ ਬੁੱਤ ਲੱਗੇ ਹੋਏ ਹਨ ।ਇਥੋਂ ਮੁੜ ਮਲਾਕਾ ਜਾਣ ਦਾ ਅਵਸਰ ਬਣਿਆ ਜਿੱਥੇ ਮੇਰੇ ਪੁਰਾਣੇ ਜਾਣਕਾਰ ਭਾਈ ਹਰਚਰਨ ਸਿੰਘ ਰਾਗੀ ਦੀ ਸੇਵਾ ਤੇ ਲੱਗੇ ਹੋਏ ਸਨ ਹੁਣ ਉਥੇ ਚੰਗੀ ਵੱਡੀ ਤਿੰਨ ਮੰਜ਼ਲੀ ਇਮਾਰਤ ਉਸਾਰੀ ਗਈ ਹੈ । ਸੰਤਾਂ ਦੀ ਬਰਸੀ ਦੇ ਮੌਕੇ ਤੇ ਇੱਥੇ ਹਰ ਸਾਲ ਮਈ ਦੇ ਮਹੀਨੇ ਇੱਕ ਵੱਡਾ ਜੋੜ ਮੇਲਾ ਕੀਤਾ ਜਾਂਦਾ ਹੈ ਜਿਸ ਵਿਚ ਮਲੇਸ਼ੀਆ ਅਤੇ ਸਿੰਘਾਪੁਰ ਦੀਆਂ ਸਿੱਖ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ । ਇਸ ਅਵਸਰ ਤੇ ਮੈਨੂੰ ਵੀ ਕਈ ਵਾਰ ਜਾਣ ਦਾ ਮੌਕਾ ਮਿਲਿਆ ।



। (ਗੁਰਦੁਆਰਾ ਸਾਹਿਬ ਮਲਾਕਾ ਦੇ ਪਿਛੇ ਉਸਾਰੀ ਗਈ ਇਮਾਰਤ)

ਅਗਲੇ ਦਿਨ ਉਹ ਮੈਨੂੰ ਬਾਤੂ ਪਾਹਤ ਦੇ ਗੁਰਦੁਆਰੇ ਛੱਡ ਕੇ ਆਏ ਜਿੱਥੇ ਇਕ ਰਾਤ ਠਹਿਰ ਕੇ ਮੈਂ ਧੁਰ ਦੱਖਣ ਦੇ ਸ਼ਹਿਰ ਜੌਹਰ ਬਾਰੂ ਗਿਆ । ਇਨ੍ਹਾਂ ਸਾਰੀਆਂ ਥਾਵਾਂ ਤੇ ਮੈਂ ਪਹਿਲਾਂ ਵੀ ਗਿਆ ਹੋਇਆ ਸਾਂ ਅਤੇ ਇੱਥੇ ਕੁਝ ਪੁਰਾਣੇ ਜਾਣਕਾਰ ਸੱਜਣਾਂ ਨਾਲ ਵੀ ਮੇਲ ਹੋਇਆ । ੧੯ ਸਤੰਬਰ ਨੂੰ ਬਸ ਦੁਆਰਾ ਮੈ ਫ਼ਿਰ ਕੁਆਲਾ ਲੁੰਪੁਰ ਸਿੱਖ ਨੌਜਵਾਨ ਸਭਾ ਦੇ ਟਿਕਾਣੇ ਤੇ ਪਰਤ ਆਇਆ ਸਿੱਖ ਨੌਜਵਾਨ ਸਭਾ ਦੇ ਟਿਕਾਣੇ ਤੇ ਪਰਤ ਆਇਆ ।

ਪੂਰਬੀ ਮਲੇਸ਼ੀਆ ਦਾ ਦੌਰਾ

ਇਸ ਫ਼ੇਰੀ ਦੇ ਦੌਰਾਨ ਦੀਵਾਨ ਵੱਲੋਂ 21 ਸਤੰਬਰ ਤੋਂ 26 ਸਤੰਬਰ ਤੱਕ ਮੈਨੂੰ ਪੂਰਬੀ ਮਲੇਸ਼ੀਆ ਦਾ ਦੌਰਾ ਕਰਨ ਦਾ ਅਵਸਰ ਵੀ ਮਿਲਿਆ ।ਮਲੇਸ਼ੀਆ ਦੇਸ ਦਾ ਇਹ ਹਿੱਸਾ ਇੰਡੋਨੇਸ਼ੀਆ ਦੇ ਬੋਰਨੀਓ ਟਾਪੂ ਵਿੱਚ ਸ਼ਾਮਿਲ ਹੈ ।ਇੱਥੇ ਮਲੇਸ਼ੀਆ ਦੇ ਦੋ ਪ੍ਰਾਂਤ ਸਾਬਾਹ ਤੇ ਸਾਰਾਵਾਕ ਹਨ ।ਇਨ੍ਹਾਂ ਪ੍ਰਾਂਤਾਂ ਦੇ ਚਾਰ ਸ਼ਹਿਰਾਂ ਦੇ ਗੁਰਦਆਰਿਆਂ ਵਿਚ ਜਾਣ ਦਾ ਅਵਸਰ ਮਿਲਿਆ ।ਮੇਰੇ ਨਾਲ ਖਾਲਸਾ ਦੀਵਾਨ ਮਲੇਸ਼ੀਆ ਦੇ ਪ੍ਰਧਾਨ

ਸਰਦਾਰ ਸੰਤੋਖ ਸਿੰਘ ਜੀ ਅਤੇ ਮੀਤ ਸਕੱਤਰ ਸਰਦਾਰ ਸਰਬੀਰ ਸਿੰਘ ਜੀ ਵੀ ਸਨ ।ਕੋਤਾ ਕਿਨਾਬਾਲੂ ਹਵਾਈ ਅੱਡੇ ਤੇ



(ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨਾਲ – ਪਿਛੋਕੜ ਵਿਚ ਮਊਂਟ ਕਿਨਾਬਾਲੂ ਦਾ ਦ੍ਰਿਸ਼)

ਸਾਨੂੰ ਇਕ ਚੰਗਾ ਉੱਚਾ ਲੰਮਾ ਨੌਜਵਾਨ ਲੈਣ ਆਇਆ ।ਉਸਨੇ ਮੇਰੇ ਪੈਰੀਂ ਹੱਥ ਲਾਇਆ । ਮੈਂ ਹੈਰਾਨ ਹੋ ਕੇ ਉਸਦੀ ਜਾਣਕਾਰੀ ਪੁੱਛੀ ਤਾਂ ਉਸਨੇ ਦੱਸਿਆ ਕਿ ਉਹ 1975 ਵਿਚ ਤੰਜੋਂਗ ਰੰਬੂਤਨ ਵਿਖੇ ਮੇਰੀਆਂ ਗੁਰਮਤਿ ਕਲਾਸਾਂ ਦਾ ਵਿਦਿਆਰਥੀ

ਸੀ ।ਵੈਸਾਖੀ ਦੇ ਸਮਾਗਮ ਤੇ ਈਪੋਹ ਕੀਤੇ ਨਾਟਕ ਵਿਚ ਉਸਨੇ ਸਿਪਾਹੀ ਦਾ ਰੋਲ ਕੀਤਾ ਸੀ । ਹੁਣ ਉਹ ਪੁਲਿਸ ਅਫਸਰ ਲੱਗਾ ਹੋਇਆ ਸੀ । ਉਹ ਮਗਰੋਂ ਸਾਨੂੰ ਆਪਣੇ ਘਰ ਵੀ ਲੈ ਕੇ ਗਿਆ ਅਤੇ ਆਪਣੀ ਪਤਨੀ ਤੇ ਬੱਚਿਆਂ ਨਾਲ ਮਿਲਾਇਆ ।

22 ਸਤੰਬਰ ਨੂੰ ਕੋਤਾ ਕਿਨਾਬਾਲੂ ਗੁਰਦਵਾਰਾ ਸਹਿਬ ਵਿੱਚ ਕਥਾ ਵੀਚਾਰ ਕੀਤੀ ਅਤੇ ਸਰਦਾਰ ਸੰਤੋਖ ਸਿੰਘ ਜੀ ਨੇ ਪੰਜਾਬੀ ਭਾਸ਼ਾ ਸਿੱਖਣ ਦੀ ਲੋੜ ਬਾਰੇ ਸੰਗਤਾਂ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ।ਸਾਬਾਹ ਸਟੇਟ ਦਾ ਸ਼ਹਿਰ ਕੋਤਾ ਕਿਨਾਬਾਲੂ, ਬੋਰਨੀਓ ਸਟੇਟ ਦੇ ਉਤਰੀ-ਪੱਛਮੀ ਸਿਰੇ ਤੇ ਸਥਿਤ ਹੈ ।ਇਹ ਸਮੁੰਦਰ ਕਿਨਾਰੇ ਵੱਸਿਆ ਸ਼ਹਿਰ, ਸਾਬਾਹ ਸਟੇਟ ਦੀ ਰਾਜਧਾਨੀ ਹੈ ।ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੱਜਣ ਸ਼ਹਿਰ ਤੋਂ ਪੰਜਾਹ ਕੁ ਮੀਲ ਦੂਰ ਉੱਤਰ-ਪੂਰਬ ਵੱਲ ਸਾਨੂੰ ਮਾਊਂਟ ਕਿਨਾਬਾਲੂ ਦਿਖਾਉਣ ਵੀ ਲੈ ਗਏ।ਇਹ ਦੱਖਣੀ-ਪੂਰਬੀ ਮਲੇਸ਼ੀਆ ਦੀ ਸਭ ਤੋਂ ਉੱਚੀ ਪਹਾੜੀ ਚੋਟੀ ਹੈ ।ਇਸਦੇ ਪੈਰਾਂ ਵਿਚ ਦੂਰ ਦੂਰ ਤਕ ਫ਼ੈਲੀ ਪਹਾੜੀ ਢਲਾਨ ਤੇ ਚੀਨੀ ਕਿਸਾਨਾਂ ਨੇ ਸਬਜ਼ੀਆਂ ਤੇ ਫਲਾਂ ਦੀਆਂ ਫ਼ਸਲਾਂ ਉਗਾਈਆਂ ਹੋਈਆਂ ਹਨ, ਜਿਨ੍ਹਾਂ ਦਾ ਦ੍ਰਿਸ਼ ਬੜਾ ਮਨਮੋਹਕ ਲੱਗਦਾ ਹੈ ।ਇਸ ਢਲਾਨ ਦੇ ਇੱਕ ਪਾਸੇ ਮਲੇਸ਼ੀਆ ਦੇ ਇਕ ਪੂਰਵ ਪ੍ਰਧਾਨ ਮੰਤਰੀ ਦੇ ਨਾਮ ਵਾਲਾ- ਤੰਕੂ ਅਬਦੁਲ ਰਹਿਮਾਨ ਨੈਸ਼ਨਲ ਪਾਰਕ - ਸਥਿਤ ਹੈ ।ਇਹ ਇੱਕ ਕੁਦਰਤੀ ਪਾਰਕ ਹੈ ਜਿੱਥੇ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਫ਼ੁੱਲ rafflesia ਵੇਖਿਆ ਜਿਸਦਾ ਵਿਆਸ ਲਗਭਗ ਇੱਕ ਮੀਟਰ ਦਾ ਹੋਵੇਗਾ ।



ਸਾਬਾਹ ਸਟੇਟ ਦੇ ਉੱਤਰ-ਪੂਰਬੀ ਸਮੁੰਦਰੀ ਖੇਤਰ ਵਿਚ ਛੇ ਛੋਟੇ ਛੋਟੇ ਟਾਪੂ ਵੀ ਇਸ ਸਟੇਟ ਵਿਚ ਸ਼ਾਮਿਲ ਹਨ ।ਇਨ੍ਹਾ ਵਿਚਲੇ ਲਾਬੁਆਨ ਟਾਪੂ ਦੇ ਪ੍ਰਮੁਖ ਸ਼ਹਿਰ ਵਿਕਟੋਰੀਆ ਵਿਚ ਜਾਣ ਦਾ ਅਵਸਰ ਬਣਿਆ ।ਇਹ 92 ਵਰਗ-ਕਿਲੋਮੀਟਰ ਦਾ ਛੋਟਾ ਜਿਹਾ ਟਾਪੂ ਹੈ। ਵਿਕਟੋਰੀਆ ਲਾਬੁਆਨ ਦੀ ਰਾਜਧਾਨੀ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਉੱਥੇ ਕੇਵਲ 20/21 ਸਿੱਖ ਪ੍ਰਵਾਰ ਰਹਿੰਦੇ ਸਨ। ਪ੍ਰੰਤੂ ਇਤਿਹਾਸਕ ਦਿਖ ਵਾਲੀ ਵਿਸ਼ਾਲ ਇਮਾਰਤ ਵਾਲਾ ਗੁਰਦੁਆਰਾ ਬਣਿਆ ਹੋਇਆ ਹੈ ।ਇਥੇ ਸੰਗਤ

ਨੇ ਬਾਕਾਇਦਾ ਗ੍ਰੰਥੀ ਸਿੰਘ ਤੇ ਰਾਗੀ ਜੱਥਾ ਵੀ ਰੱਖਿਆ ਹੋਇਆ ਹੈ ।




(ਵਿਕਟੋਰੀਆ ਦਾ ਸਿੱਖ ਗੁਰਦੁਆਰਾ)



(ਵਿਕਟੋਰੀਆਂ ਗੁਰਦੁਆਰ ਸਾਹਿਬ ਦਾ ਦੀਵਾਨ ਹਾਲ)



(ਦੂਜੀ ਸੰਸਾਰ ਜੰਗ ਸਮੇਂ ਸੰਨ 1945 ਵਿਚ ਜਾਪਾਨੀ ਹਮਲੇ ਵਿਚ ਸ਼ਹੀਦ ਹੋਏ ਫ਼ੌਜੀਆਂ ਦਾ ਇਕ 'ਵਾਰ-ਮੈਮੋਰੀਅਲ')

Labuan War Cementry ਵੀ ਵੇਖਿਆ ਜਿਸ ਵਿਚ ਬਹੁਤ ਸਾਰੇ ਸਿੱਖਾਂ ਦੇ ਨਾਮ ਵੀ ਦਰਜ ਹਨ । 23 ਸਤੰਬਰ ਨੂੰ ਲਾਬੁਆਨ ਦੇ ਗੁਰਦਵਾਰਾ ਸਹਿਬ ਵਿਖੇ ਹਾਜਰੀ ਭਰ ਕੇ ਸੰਗਤਾਂ ਨਾਲ ਗੁਰਮੱਤ ਵਿਚਾਰਾਂ ਕਰਨ ਦਾ ਅਵਸਰ ਮਿਲਿਆ । ਸਾਬਾਹ ਸਟੇਟ ਦੇ ਦੱਖਣ -ਪੂਰਬ ਵਲ ਪੂਰਬੀ ਮਲੇਸ਼ੀਆ ਦੀ ਦੂਜੀ ਰਿਆਸਤ ਸਾਰਾਵਾਕ ਹੈ । ਦੋਹਾਂ ਰਿਆਸਤਾਂ ਦੇ ਵਿਚਕਾਰ ਉੱਤਰੀ ਪੂਰਬੀ ਸਮੁੰਦਰੀ ਕੰਢੇ ਨਾਲ ਲੱਗਦੀ ਬਰੁਨਾਈ ਦੀ ਅਜ਼ਾਦ ਰਿਆਸਤ ਹੈ ।ਇਸ ਰਿਆਸਤ ਦੇ ਬੌਰਡਰ ਨਾਲ ਲੱਗਦਾ ਸਾਰਾਵਾਕ ਦਾ ਸ਼ਹਿਰ ਮੀਰੀ ਹੈ ਜੋ ਮੀਰੀ ਜ਼ਿਲੇ ਦਾ ਪ੍ਰਮੁੱਖ ਨਗਰ ਹੈ ।ਇੱਥੇ ਪਹਿਲਾ Royal Dutch Shell Company ਨੇ ਤੇਲ ਦਾ ਖੂਹ ਖੁਣਿਆ ਸੀ ਜਿਸਦਾ ਢਾਂਚਾ ਹੁਣ ਵੀ ਕਾਇਮ ਹੈ ।24 ਸਤੰਬਰ ਨੂੰ ਇਸ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਚ ਸਥਾਨਕ ਸੰਗਤਾਂ ਨਾਲ ਸੰਪਰਕ ਕਰਨ ਦਾ ਮੌਕਾ ਮਿਲਿਆ । ਮੀਰੀ ਤੋਂ ਦੱਖਣ-ਪੂਰਬ ਵੱਲ ਅੱਠ ਸੌ ਕਿਲੋਮੀਟਰ ਦੀ ਦੂਰੀ ਤੇ ਸਿੱਖ ਵੱਸੋਂ ਵਾਲੇ ਸ਼ਹਿਰ ਕੂਚਿੰਗ ਜਾਣ ਦਾ ਵੀ ਮੌਕਾ ਮਿਲਿਆ ।ਇਹ ਸਾਰਾਵਾਕ ਸਟੇਟ ਦੀ ਰਾਜਧਾਨੀ ਦਾ ਨਗਰ ਬੋਰਨੀਓ ਟਾਪੂ ਦੇ ਧੁਰ ਦੱਖਣੀ ਸਿਰੇ ਤੇ ਸਥਿਤ ਹੈ । ਕੂਚਿੰਗ ਮਲੇਸ਼ੀਅਨ ਬੋਲੀ ਵਿਚ ਬਿੱਲੀ ਨੂੰ ਕਹਿੰਦੇ ਹਨ ।ਇਸ ਸ਼ਹਿਰ ਵਿਚ ਇੱਕ ਬਿੱਲੀਆਂ ਦਾ ਚਿੜਿਆ ਘਰ ਹੈ ਜਿੱਥੇ ਕਈ ਕਿਸਮਾਂ ਦੀਆ ਬਿੱਲੀਆਂ ਰੱਖੀਆਂ ਹੋਈਆਂ ਹਨ । ਸ਼ਹਿਰ ਦੇ ਚੌਂਕਾਂ ਵਿਚ ਵੀ ਬਿੱਲੀਆ ਦੇ ਬੁੱਤ ਬਣੇ ਹੋਏ ਹਨ ।ਗੁਰਦੁਆਰਾ ਸਾਹਿਬ ਦੀ ਸੰਗਤ ਚੰਗੀ ਜਗਿਆਸੂ ਰੁਚੀ ਵਾਲੀ ਵੇਖੀ । ਉਨ੍ਹਾਂ ਦੀਵਾਨ ਮਗਰੋਂ ਮੇਰੇ ਨਾਲ ਇਕ ਵੱਖਰੀ ਮੀਟਿੰਗ ਕਰਕੇ ਸਿੱਖੀ ਬਾਰੇ ਕਈ ਸਵਾਲ ਜਵਾਬ ਕੀਤੇ ।




(ਕੂਚਿੰਗ ਸ਼ਹਿਰ ਦੇ ਚੋਰਾਹੇ ਵਿਚ ਬਿੱਲੀਆਂ ਦੇ ਬੁੱਤ)

ਪੂਰਬੀ ਮਲੇਸ਼ੀਆ ਵਿਚ ਮੁਸਲਮਾਨ, ਈਸਾਈ, ਬੋਧੀ, ਚੀਨੀ, ਭਾਰਤੀ ਅਤੇ ਹੋਰ ਵੀ ਕਈ ਧਰਮਾਂ ਤੇ ਨਸਲਾਂ ਦੇ ਲੋਕ ਰਹਿੰਦੇ ਹਨ । ਇਨ੍ਹਾਂ ਵਿਚ ਭਾਰਤੀਆਂ ਦੀ ਗਿਣਤੀ ਬਹੁਤ ਘੱਟ ਹੈ । ਸਿੱਖ ਤਾਂ ਆਟੇ ਵਿਚ ਲੂਣ ਵਾਂਗ ਹੀ ਹੋਣਗੇ । ਇਨ੍ਹਾਂ ਵਿਚੋਂ ਬਹੁਤੇ ਨੌਕਰੀ ਪੇਸ਼ਾ ਹਨ ਜੋ ਪੱਛਮੀ ਮਲੇਸ਼ੀਆ ਤੋਂ ਬਦਲੀ ਹੋਣ ਤੇ ਇੱਥੇ ਵੱਖ ਵੱਖ ਸਰਕਾਰੀ ਸੇਵਾਵਾਂ ਵਿਚ ਲੱਗੇ ਹੋਏ ਹਨ। ਕੁਝ ਸਿੱਖਾਂ ਦੇ ਆਪਣੇ ਕਾਰੋਬਾਰ ਵੀ ਹਨ । ਇਤਨੀ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਸਿੱਖਾਂ ਨੇ ਬੜੀ ਆਲੀਸ਼ਾਨ ਦਿਖ ਵਾਲੀਆਂ ਇਮਾਰਤਾਂ ਦੇ ਗੁਰਦੁਆਰੇ ਉਸਾਰ ਰੱਖੇ ਹਨ ਅਤੇ ਉਨ੍ਹਾਂ ਵਿਚ ਲਗਭਗ ਸਾਰੇ ਪ੍ਰਵਾਰ ਸੰਗਤਾਂ ਵਿਚ ਜੁੜੇ ਹੋਏ ਹਨ । ਇਹ ਏਕਤਾ ਸ਼ਾਇਦ ਘੱਟ ਗਿਣਤੀ  ਹੋਣ ਦੀ ਅਸੁਰੱਖਿਆ ਦੀ ਮਾਨਸਿਕਤਾ ਕਰਕੇ ਹੈ

ਵੱਡੀ ਗਿਣਤੀ ਦੇ ਸ਼ਹਿਰਾਂ ਵਿਚ ਕੁਝ ਸਿੱਖ ਪਰਵਾਰ ਹੀ ਗੁਰਦੁਆਰਾ ਸੰਗਤਾਂ ਦੀ ਲਗਾਤਾਰ ਹਾਜ਼ਰੀ ਭਰਦੇ ਵੇਖੇ ਜਾਂਦੇ ਹਨ ਜਦ ਕਿ ਖੁਸ਼ੀ ਗਮੀ ਦੇ ਸਮਾਗਮਾਂ ਤੇ ਕਾਫ਼ੀ ਭੀੜਾਂ ਇਕੱਠੀਆਂ ਹੋ ਜਾਂਦੀਆ ਹਨ ।

ਇਸ ਫ਼ੇਰੀ ਦੌਰਾਨ ਪੱਛਮੀ ਤੇ ਪੂਰਬੀ ਮਲੇਸ਼ੀਆ ਦੇ ਵੀ ਲਗਭਗ 50 ਗੁਰਦੁਆਰਿਆਂ ਵਿਚ ਸੰਗਤਾਂ ਦੇ ਦਰਸ਼ਨ ਕੀਤੇ ।ਮੈਂ ਦੇਖਿਆ ਕਿ ਇਨ੍ਹਾ ਗੁਰਦੁਆਰਿਆਂ ਦੀ  ਦਿਖ ਪਹਿਲਾਂ ਨਾਲੋਂ ਹੁਣ ਬਹੁਤ ਸੁੰਦਰ ਬਣਾਈ ਗਈ ਹੈ । ਉਥੇ ਪਾਲਕੀਆਂ ਦੇ ਬੜੇ ਸੁੰਦਰ ਨਮੂਨੇ ਤੇ ਉਨ੍ਹਾਂ ਵਿੱਚ ਸਜਾਏ ਰੰਗ ਬਰੰਗੇ ਸੁੰਦਰ ਚੰਦੋਏ ਸੋਭਦੇ ਹਨ । ਗੁਰਦੁਆਰਾ ਇਮਾਰਤਾਂ ਦੀ ਬਾਹਰਲੀ ਦਿੱਖ ਦੀ ਉਸਾਰੀ ਵੀ ਬੜੀ ਕਲਾਤਮਕ ਕੀਤੀ ਗਈ  ਹੈ । ਕਈ ਥਾਵਾਂ ਤੇ ਉੱਪਰ ਗੁੰਬਦ ਤੇ ਅੱਗੇ ਸਿੱਖ ਇਤਿਹਾਸਕ ਹਸਤੀਆਂ ਦੀਆਂ ਮੂਰਤੀਆਂ ਸਜਾਈਆਂ ਗਈਆਂ ਹਨ । ਗੁਰਦੁਆਰਾ ਤੱਤ ਖਾਲਸਾ ਦੀ ਵੱਡ-ਆਕਾਰੀ ਦਰਸ਼ਨੀ ਇਮਾਰਤ ਨਾਲ ਹੀ ਇਕ ਬਹੁਮੰਜ਼ਲਾ ਮਾਰਕੀਟ ਸੈਂਟਰ ਵੀ ਬਣਾਇਆ ਗਿਆ ਹੈ, ਜਿਸ ਵਿਚ ਇਕ ਸਿੱਖ ਸਕੂਲ ਵੀ ਚਲਦਾ ਹੈ । ਸੈਂਟ੍ਰਲ ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਦੁਮੰਜ਼ਲੀ ਇਮਾਰਤ ਲੰਗਰ ਤੇ ਸਰਾਂ ਵਜੋਂ ਉਸਾਰੀ ਗਈ ਹੈ । ਹੋਰ ਵੀ ਕਈ ਗੁਰਦੁਆਰੇ ਜੋ ਪਹਿਲਾਂ ਲਕੜੀ ਦੀਆਂ ਦੀਵਾਰਾਂ ਤੇ ਫ਼ਰਸ਼ਾਂ ਦੇ ਬਣੇ ਹੋਏ ਸਨ ਹੁਣ ਬੜੇ ਵਧੀਆ ਭਵਨਾ ਵਿਚ ਸੁਭਾਏਮਾਨ ਹਨ। ਈਪੋ ਦਾ ਵੱਡਾ ਗੁਰਦੁਆਰਾ

ਪਹਿਲਾਂ ਸਾਰਾ ਲੱਕੜ ਦਾ ਬਣਿਆ ਹੋਇਆ ਸੀ । ਪ੍ਰੰਤੂ ਹੁਣ ਕਾਫ਼ੀ ਵੱਡੀ ਸ਼ਾਨਦਾਰ ਇਮਾਰਤ ਉਸਾਰੀ ਗਈ ਸੀ । ਹੋਰਨਾਂ ਕਈ ਗੁਰਦੁਆਰਿਆਂ ਦੀ ਵੀ ਚੰਗੀ ਉਸਾਰੀ ਅਤੇ ਨਵੀਨੀਕਰਨ ਕੀਤਾ ਗਿਆ ਸੀ ।

ਮੇਰੇ ਕਈ ਪੁਰਾਣੇ ਸਨੇਹੀ ਸੱਜਣ ਚੜ੍ਹਾਈ ਕਰ ਚੁੱਕੇ ਸਨ । ਪਰੰਤੂ ਅੱਗੋਂ ਉਨ੍ਹਾਂ ਦੇ ਬੱਚੇ ਵੀ ਬੜੇ ਸਨੇਹ ਸਤਿਕਾਰ ਨਾਲ ਮਿਲੇ । ਕੁਆਲਾਲੰਪੁਰ ਸ੍ਰਦਾਰ ਸਾਧੂ ਸਿੰਘ ਜੀ ਦੇ ਸਪੁੱਤਰ ਕਰਮਜੀਤ ਸਿੰਘ ਤੇ ਉਨ੍ਹਾਂ ਦੇ ਪ੍ਰਵਾਰ ਨਾਲ ਵੀ ਬੜਾ ਸਨੇਹਮਈ ਮੇਲ ਹੋਇਆ ।ਆਪਣੇ ਪਿਤਾ ਵਾਂਗ ਹੀ ਕਰਮਜੀਤ ਸਿੰਘ ਨੇ ਮੈਨੂੰ ਨਿਵਾਜਿਆ । ਮਲੇਸ਼ੀਆ ਦੇ ਸ੍ਰ: ਕਾਬਲ ਸਿੰਘ ਖਿਡਾਰੀ ਤੇ ਕੋਚ ਸਨ ।ਉਨ੍ਹਾ ਦੇ ਇੰਜਨੀਆਂਰ ਸਪੁੱਤਰ ਹੁਣ ਉੱਤਰੀ ਮਲੇਸ਼ੀਆ ਦੇ ਸੁੰਙੇ ਪਟਾਨੀ ਰਹਿੰਦੇ ਹਨ । ਉੱਥੇ ਜਾਣ ਤੇ ਉਨ੍ਹਾ ਮੇਰਾ ਅਦਬ ਸਤਿਕਾਰ ਕੀਤਾ ਤੇ ਰਾਤ ਆਪਣੇ ਘਰ ਰੱਖਿਆ । ਅਗਲੇ ਦਿਨ ਮੇਰੇ ਪੜਾਅ ਬੱਟਰਵਰਥ ਛੱਡ ਕੇ ਗਏ ।

ਤਸਵੀਰ ਦਾ ਦੂਜਾ ਪਾਸਾ ਇਹ ਵੀ ਹੈ ਕਿ ਕਈ ਪੁਰਾਣੇ ਸ਼ਹਿਰ ਉੱਜੜ ਰਹੇ ਸਨ ਤੇ ਉਨ੍ਹਾਂ ਦੇ ਨਾਲ ਉਥੋਂ ਦੇ ਨਿਵਾਸੀ ਸਿੱਖ ਪ੍ਰਵਾਰ ਵੀ ਉਜੜ-ਪੁਜੜ ਗਏ ਹਨ । ਹੁਣ ਉੱਤਰ ਤੋਂ ਧੁਰ ਦੱਖਣ ਤੱਕ ਇੱਕ ਵੱਡੀ ਚਾਰ ਲੇਨਾ ਵਾਲੀ ਸੜਕ ਬਣ ਗਈ ਹੈ ।ਰਸਤੇ ਦੀਆਂ ਪਹਾੜੀਆਂ ਵਿਚੋਂ ਸੁਰੰਗਾਂ ਬਣਾ ਕੇ ਰਸਤਾ ਕਾਫ਼ੀ ਸਿੱਧਾ ਹੋ ਕੇ ਫਾਸਲਾ ਘਟ ਗਿਆ ਹੈ।ਆਣ ਜਾਣ ਵਾਲੇ ਰਾਹਗੀਰਾਂ ਦਾ ਸਿਲਸਿਲਾ ਬੰਦ ਹੋਣ ਕਰਕੇ ਪੁਰਾਣੀ ਸੜਕ ਦੇ ਕਸਬਿਆਂ ਦੇ ਨਿਵਾਸੀਆਂ ਦੇ ਕਾਰੋਬਾਰ ਬੰਦ ਹੋ ਗਏ ਹਨ । ਮੈਨੂੰ ਇਹ ਵੀ ਦੱਸਿਆ ਗਿਆ ਕਿ ਹੁਣ ਮਲੇਸ਼ੀਆ ਦੀ ਇਸਲਾਮਿਕ ਸਰਕਾਰ ਆਪਣੇ ਮੁਸਲਮਾਨ ਨਿਵਾਸੀਆਂ ਦਾ ਵਧੇਰੇ ਪੱਖ ਕਰਦੀ ਹੈ ।ਉੱਚੀ ਪੜ੍ਹਾਈ ਅਤੇ ਨੌਕਰੀਆਂ ਵੀ ਵਧੇਰੇ ਮੁਸਲਮਾਨ ਵਿਦਿਆਰਥੀਆਂ ਅਤੇ ਉਮੀਦਵਾਰਾਂ ਨੂੰ ਦਿੱਤੀਆਂ ਜਾਂਦੀਆ ਹਨ । ਛੋਟੇ ਕਸਬਿਆਂ ਦੇ ਨਿਵਾਸੀ ਵੱਡੇ ਸ਼ਹਿਰਾਂ ਵਿੱਚ ਜਾ ਵੱਸੇ ਹਨ ਜਿੱਥੇ ਰੋਜ਼ਗਾਰ ਦੇ ਮੌਕੇ ਵਧੇਰੇ ਹਨ । ਟਿਨ ਦੀਆਂ ਖਾਣਾ ਤੇ ਰਬੜ ਦੇ ਬਾਗਾਂ ਦੀ ਹੋਂਦ ਵੀ ਮੁੱਕਦੀ ਜਾ ਰਹੀ ਸੀ ਤੇ ਬਹੁਤੇ ਛੋਟੇ ਨਗਰ ਇਨ੍ਹਾ ਦੁਆਲੇ ਹੀ ਵੱਸੇ ਹੋਏ ਸਨ ।ਯੂਨੀਵਰਸਿਟੀਆਂ ਤੇ ਉਦਯੋਗਿਕ ਸਿਖਲਾਈ ਦੇ ਸੰਸਥਾਨਾਂ ਵਿਚ ਵੀ ਗੈਰ ਮੁਸਲਮਾਨਾਂ ਨੂੰ ਘੱਟ ਹੀ ਦਾਖ਼ਲੇ ਮਿਲਦੇ ਹਨ। ਜਿਸ ਕਰਕੇ ਕਈ ਸਿੱਖ ਨੌਜਵਾਨ ਡਾਕਟਰੀ ਜਾਂ ਹੋਰ ਉੱਚੀ ਪੇਸ਼ੇਵਰ ਸਿੱਖਿਆ ਲੈਣ ਆਸਟ੍ਰੇਲੀਆ, ਭਾਰਤ ਤੇ ਹੋਰ ਯੂਰਪੀ ਦੇਸਾਂ ਨੂੰ ਜਾ ਰਹੇ ਹਨ ।

ਮੇਰੀ ਮਲੇਸ਼ੀਆ ਦੀਵਾਨ ਦੀ ਪਹਿਲੀ ਪ੍ਰਚਾਰ ਫ਼ੇਰੀ ਸਮੇਂ ਮੈਨੂੰ ਦੱਸਿਆ ਗਿਆ ਕਿ ਪਹਿਲਾਂ ਕੁਆਲਾ ਲੂੰਪੁਰ ਦੇ ਗੁਰਦੁਆਰਾ ਤੱਤ ਖਾਲਸਾ ਵੱਲੋਂ ਪੰਜਾਬੀ ਦੀਆਂ ਕਲਾਸਾਂ ਲਾਈਆ ਜਾਂਦੀਆ ਸਨ । ਇੱਥੇ ਗਿਆਨੀ ਦੇ ਕੋਰਸ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਸੀ ਜਿਸਦੀ ਪ੍ਰੀਖਿਆ ਪੰਜਾਬ ਯੂਨੀਵਰਸਿਟੀ ਵੱਲੋਂ ਭਾਰਤੀ ਦੂਤਾਵਾਸ ਦੁਆਰਾ ਲਈ ਜਾਂਦੀ ਸੀ ।ਮਲੇਸ਼ੀਆ ਦੇ ਸਰਕਾਰੀ ਸਕੂਲਾਂ ਵਿਚ ਵੀ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਸੀ । ਕਲਾਸ ਵਿੱਚ ਇੱਕ ਵਿਸ਼ੇਸ਼ ਗਿਣਤੀ ਹੋਣ ਤੇ ਸਰਕਾਰ ਵੱਲੋਂ ਪੰਜਾਬੀ ਦੇ ਅਧਿਆਪਕ ਦੀ ਨਿਯੁਕਤੀ ਕੀਤੀ ਜਾਂਦੀ ਸੀ । ਪ੍ਰੰਤੂ ਪੰਜਾਬੀ ਪੜ੍ਹਨ ਵਾਲਿਆਂ ਦੀ ਘਟਦੀ ਜਾਂਦੀ ਗਿਣਤੀ ਕਾਰਨ ਇਹ ਪੜ੍ਹਾਈ ਬੰਦ ਹੋ ਚੁੱਕੀ ਸੀ । ਤੱਤ ਖਾਲਸਾ ਦੀਆਂ ਪੰਜਾਬੀ ਕਲਾਸਾਂ ਵੀ ਘੱਟ ਰਹੀਆਂ ਸਨ । ਉਥੇ ਮਾਸਟਰ ਅਮਰ ਸਿੰਘ ਬੀ:ਏ ਬੀ:ਟੀ: ਅਧਿਆਪਕ ਸਨ ਜੋ ਮਗਰੋਂ ਕੈਨੇਡਾ ਪ੍ਰਵਾਸ ਕਰ ਗਏ ਸਨ ਤੇ ਵੈਨਕੁਵਰ ਦੇ ਖਾਲਸਾ ਸਕੂਲ ਦੇ ਪ੍ਰਿੰਸੀਪਲ ਲੱਗ ਗਏ ਸਨ ।

ਸੰਨ 2001 ਤੋਂ ਖਾਲਸਾ ਦੀਵਾਨ ਮਲੇਸ਼ੀਆ ਨੇ ਮਲੇਸ਼ੀਆ ਭਰ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਅਤੇ ਸਿਖਲਾਈ ਦਾ ਬੀੜਾ ਚੁੱਕਿਆ ਹੈ।ਮਲੇਸ਼ੀਅਨ ਭਾਸ਼ਾ ਸਿਸਟਮ ਅਧੀਨ ਸਰਕਾਰ ਵੱਲੋਂ ਤਿੰਨ ਮੁੱਖ ਇਮਤਿਹਾਨ ਰੱਖੇ ਜਾਂਦੇ ਹਨ ਜੋ ਕਿ ਛੇਵੀਂ ਜਮਾਤ, ਨੌਵੀਂ ਜਮਾਤ ਅਤੇ ਯਾਰਵੀਂ ਜਮਾਤ ਵਿੱਚ ਹੁੰਦੇ ਹਨ ।ਸਰਕਾਰ ਵੱਲੋਂ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਅਤੇ ਸਿਖਲਾਈ ਨਹੀਂ ਕਰਾਈ ਜਾਂਦੀ । ਇਹ ਜਿੰਮੇਵਾਰੀ ਕੌਮ ਦੇ ਜਿੰਮੇ ਛੱਡੀ ਹੋਈ ਹੈ । ਸੰਨ 2000 ਤੋਂ ਪਹਿਲਾਂ ਵਿਦਿਆਰਥੀ ਗੁਰਦਵਾਰਿਆਂ ਵਿੱਚ ਹੀ ਪੜ੍ਹ ਕੇ ਪੰਜਾਬੀ ਇਮਤਿਹਾਨ ਦਿਆ ਕਰਦੇ ਸਨ ।

ਸੰਨ 2001 ਤੋਂ ਖਾਲਸਾ ਦੀਵਾਨ ਮਲੇਸ਼ੀਆ ਨੇ ਵਿਦਿਆਥੀਆਂ ਨੂੰ ਸਿਲੇਬਸ ਅਨੁਸਾਰ ਮਾਂ ਬੋਲੀ ਪੰਜਾਬੀ ਦੀ ਪੜ੍ਹਾਈ ਅਤੇ ਸਿਖਲਾਈ ਦੇਣੀ ਸ਼ੁਰੂ ਕੀਤੀ ਹੈ । ਐਸ ਵਕਤ ਮਲੇਸ਼ੀਆ ਭਰ ਵਿੱਚ ਪੰਜਾਬੀ ਭਾਸ਼ਾ ਦੇ 50 ਕੇਂਦਰ ਹਨ । ਖਾਲਸਾ ਦੀਵਾਨ ਵੱਲੋਂ ਪੰਜਾਬੀ ਅਧਿਆਪਨ ਕੋਰਸ (ਟੀਚਰ ਟ੍ਰੇਨਿੰਗ) ਦੇ ਕੇ 300 ਤੋਂ ਵੱਧ ਅਧਿਆਪਕ ਤਿਆਰ ਕੀਤੇ ਗਏ ਹਨ । ਬਾਲਵਾੜੀ ਤੋਂ ਲੈ ਕੇ ਯਾਰਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀਆਂ ਪਾਠ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ । ਦੀਵਾਨ ਸਾਰੇ ਪੰਜਾਬੀ ਵਿਦਿਅਕ ਕੇਂਦਰਾਂ ਦੀ ਨਿਗਰਾਨੀ ਕਰਦਾ ਅਤੇ ਪ੍ਰੀਖਿਆ ਪਰਚੇ ਤਿਆਰ ਕਰਕੇ ਸਾਰੇ ਕੇਂਦਰਾਂ ਨੂੰ ਭੇਜਦਾ ਹੈ ।

ਪੰਜਾਬ ਤੋਂ ਬਾਹਰ ਸਿੱਖਾਂ ਦਾ ਇਹ ਸਭ ਤੋਂ ਵੱਡਾ ਪਰੋਜੈਕਟ ਹੈ । ਸਰਦਾਰ ਸੰਤੋਖ ਸਿੰਘ ਜੀ ਦੀਵਾਨ ਦੇ ਕਈ ਸਾਲਾਂ ਤੋਂ ਮੁਖ ਜਥੇਦਾਰ ਹਨ ।ਉਨ੍ਹਾ ਦੀ ਸਰਪ੍ਰਸਤੀ ਵਿਚ ਖਾਲਸਾ ਦੀਵਾਨ ਦੁਆਰਾ  ਇਸ ਤਰ੍ਹਾਂ ਮਲੇਸ਼ੀਆ ਦੇ ਸਿੱਖਾਂ ਵਿੱਚ ਆਪਣੇ ਵਿਰਸੇ ਦੀ ਸੰਭਾਲ ਲਈ ਸ਼ਲਾਘਾ ਯੋਗ ਕੋਸ਼ਿਸ਼ਾਂ ਹੋ ਰਹੀਆਂ ਸਨ। ਲਗਭਗ ਦੋ ਮਹੀਨੇ ਦੀ ਇਹ ਆਖ਼ਰੀ ਫੇਰੀ ਪੂਰੀ ਕਰਕੇ ਮੈਂ ਇਸ ਧਰਤ ਸੁਹਾਵੀ ਤੇ ਸਨੇਹੀ ਸੱਜਣਾਂ ਨੂੰ ਅਲਵਿਦਾ ਕਹਿ ਕੇ ਅਕਤੂਬਰ 200 ਦੇ ਦੂਜੇ ਹਫ਼ਤੇ ਵਾਪਸ ਕੈਲਗਰੀ ਪਰਤ ਆਇਆ ।



**(ਖਾਲਸਾ ਦੀਵਾਨ ਈਪੋਹ ਵੱਲੋਂ ਵਿਦਾਈ ਦਾ ਦ੍ਰਿਸ਼)**

## ਵੈਨਕੁਵਰ ਦੇ ਮਿੱਤਰ ਪਰਵਾਰਾਂ ਦਾ ਮੇਲ

ਮੁੜਦੀ ਵਾਰ ਮੈਂ ਕੁਝ ਦਿਨਾਂ ਲਈ ਵੈਨਕੁਵਰ ਤੇ ਸਰੀ ਦੇ ਆਪਣੇ ਧਨਬਾਦ ਦੇ ਪੁਰਾਣੇ ਸਤਿਸੰਗੀ ਪ੍ਰਵਾਰਾਂ ਪਾਸ ਠਹਿਰਿਆ ।ਸ੍ਰ: ਹਰਸਿਮਰਨ ਸਿੰਘ ਔਜਲਾ ਨੇ ਮੈਨੂੰ ਹਵਾਈ ਅੱਡੇ ਤੇ ਰੀਸੀਵ ਕੀਤਾ ਤੇ ਇਕ ਰਾਤ ਮੈਂ ਇਨ੍ਹਾ ਦੇ ਘਰ ਰਿਹਾ । ਇਹ ਪਹਿਲਾਂ ਧਨਬਾਦ ਦੇ ਨੇੜੇ ਸਥਿਤ ਇਕ ਮੋਟਰਾਂ ਦੇ ਪੁਰਜ਼ੇ ਬਣਾਉਣ ਵਾਲੀ ਫ਼ੈਕਟਰੀ ਦੇ ਮੈਨਜਰ ਸਨ । ਧਨਬਾਦ ਵਿਖੇ ਮੇਰੇ ਨਿਵਾਸ ਦੌਰਾਨ ਉਹ ਸਾਡੇ ਪ੍ਰਚਾਰ ਕਾਰਜਾਂ ਵਿਚ ਲਈ ਸਾਨੂੰ ਬੜਾ ਸਹਿਯੋਗ ਦੇਂਦੇ ਸਨ ।

ਇਥੇ ਸ੍ਰ: ਇੰਦਰਜਤਿ ਸਿੰਘ ਦਾ ਪ੍ਰਵਾਰ ਸਰੀ ਸ਼ਹਿਰ ਵਿਚ ਰਹਿ ਰਿਹਾ ਹੈ । ਸ੍ਰਦਾਰ ਸਾਹਿਬ ਪਹਿਲਾਂ ਧਨਬਾਦ ਵਿਚ ਮਾਈਨਿੰਗ ਇੰਜਨੀਅਰ ਸਨ ਤੇ ਸੰਗਤ ਵਿਚ ਬੜਾ ਰਸਭਿੰਨਾ ਕੀਰਤਨ ਕਰਦੇ ਸਨ ।ਇਨ੍ਹਾ ਦਾ ਘਰ ਲੁਧਿਆਣਾ ਮਾਡਲ ਟਾਊਨ ਵਿਖੇ ਸੀ ਜਿੱਥੇ ਮੈ ਕਈ ਵਾਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਮਾਗਮਾਂ ਦੀ ਹਾਜ਼ਰੀ ਭਰਦਿਆ ਇਨ੍ਹਾਂ ਪਾਸ ਠਹਿਰਿਆਂ ਸਾਂ ਇਥੇ ਵੀ ਇਨ੍ਹਾ ਕਈ ਵਾਰ ਮੈਂਨੂੰ



(ਉਤਰੀ ਅਮਰਰੀਲਾ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਵਿਚ ਸ਼੍ਰ: ਇੰਦਰਜੀਤ ਸਿੰਘ ਤੇ ਉਨ੍ਹਾ ਦੀ ਸੁਪਤਨੀ ਨਾਲ)

ਆਂਉਣ ਦਾ ਸਦਾ ਦਿੱਤਾ ਸੀ । ਹੁਣ ਮਲੇਸ਼ੀਆਂ ਤੋਂ ਮੁੜਦੀ ਵਾਰ ਮੈਨੂੰ ਇਨ੍ਹਾ ਦਾ ਸਦਾ ਪ੍ਰਵਾਨ ਕਰਨ ਦਾ ਸਹਿਜੇ ਹੀ ਮੌਕਾ ਮਿਲ ਗਿਆ । ਤਿੰਨ ਕੁ ਦਿਨ ਮੈਂ ਇਨ੍ਹਾ ਪਾਸ ਰਿਹਾ ਤੇ ਕਈ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ । ਇਨ੍ਹਾ ਦੀ ਸੁਪੱਤਨੀ ਸ੍ਰਦਾਰਨੀ ਸੁਰਿੰਦਰ ਕੌਰ ਵੀ ਬੜੀ ਮਿਲਾਪੜੀ ਤੇ ਸਨੇਹਮਈ ਬੀਬੀ ਹੈ ।ਇਸ ਪ੍ਰਵਾਰ ਨੇ ਬੜੇ ਆਦਰ ਸਤਿਕਾਰ ਸਹਿਤ ਮੈਨੂੰ ਰੱਖਿਆ ।

ਸਰੀ, ਵੈਨਕੁਵਰ ਤੇ ਐਬਟਸਫ਼ੋਰਡ ਦੇ ਕਈ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ ਅਤੇ ਨੇੜੇ ਦੇ ਕਈ ਸੈਲਾਨੀ ਸਥਾਨ ਵੀ ਦਿਖਾਏ ।

ਇਹ ਦੋਵੇਂ ਪ੍ਰਵਾਰ ਪਹਿਲੀ ਵਾਰ ਮੇਰੇ ਵੈਬਕੁਵਰ ਨਿਵਾਸ ਦੋਰ੍ਹਾਨ ਵੀ ਮੈਨੂੰ ਆਕੇ ਮਿਲਦੇ ਰਹਿੰਦੇ ਸਨ ਤੇ ਲੋੜ ਅਨੁਸਾਰ ਇਨ੍ਹਾ ਮੇਰੀ ਸਹਾਇਥਾ ਵੀ ਕੀਤੀ ਸੀ । ਮਗਰੋਂ ਕੈਲਗਰੀ ਜਾਣ ਤੇ ਵੀ ਇਨ੍ਹਾ ਨਾਲ ਮੇਰਾ ਸੰਪਰਕ ਲਗਾਤਾਰ ਬਣਿਆ ਰਿਹਾ



(ਵੈਨਕੁਵਰ ਦੇ Capilano Suspension Bridge ਤੇ ਸ੍ਰ: ਇੰਦਰਜੀਤ ਸਿੰਘ ਹੁਰਾਂ ਦੇ ਨਾਲ)

ਸਿੱਖ ਸੋਸਾਇਟੀ ਕੈਲਗਰੀ ਦੇ ਪ੍ਰਬੰਧ ਹੇਠ ਚਲ ਰਹੇ ਗੁਰਦੁਆਰਾ ਸਾਹਿਬ ਵਿਚ ਮੈਂ ਅਗੱਸਤ 2005 ਤਕ ਲਗਭਗ ਸੱਤ ਸਾਲ ਗ੍ਰੰਥੀ ਦੀ ਸੇਵਾ ਨਿਭਾਈ । ਇਸ ਦੌਰ੍ਹਾਨ ਆਪਣੀ ਸੇਵਾ ਦੇ ਨਾਲ ਗੁਰਮਤਿ ਪੰਜਾਬੀ ਕਲਾਸਾਂ ਵੀ ਲਗਾਂਦਾ ਰਿਹਾ ਜਿਸ ਵਿਚ ਕੁਝ ਹੋਰ ਵੀਰ ਤੇ ਬੀਬੀਆਂ ਪੜ੍ਹਾਉਣ ਦੀ ਸੇਵਾ ਕਰਦੇ ਰਹੇ । ਇਨ੍ਹਾ ਵਿਚੋਂ ਕਈਆਂ ਦੇ ਬੱਚੇ ਵੀ ਕਲਾਸਾਂ ਦੀ ਹਾਜ਼ਰੀ ਭਰਦੇ ਸਨ । ਆਉਣ ਵਾਲੇ ਪਵ੍ਹਾਰਾਂ ਦੀ ਸਹਿਮਤੀ ਨਾਲ ਅਸੀਂ ਸ਼ੁੱਕਰਵਾਰ ਸ਼ਾਮ ਨੂੰ ਦੋ ਤਿੰਨ ਘੰਟੇ ਇਹ ਕਲਾਸਾਂ ਕਰਦੇ ਸਾਂ ।ਲਗਭਗ ਸਠ ਸੱਤਰ ਵਿਦਿਆਰਥੀ ਇਨ੍ਹਾ ਕਲਾਸਾਂ ਦੀ ਹਾਜ਼ਰੀ ਭਰਦੇ ਸਨ ।ਪ੍ਰਵਾਰਾਂ ਵੱਲੋਂ ਸ਼ਾਮ ਦਾ ਲੰਗਰ ਵੀ ਹੋਣ ਲਗ ਪਿਆ । ਕਲਾਸਾਂ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਦੀਵਾਨ ਹੁੰਦਾ ਜਿਸ ਵਿਚ ਵਿਦਿਆਰਥੀਆਂ ਪਾਸੋਂ ਜਪੁਜੀ ਅਤੇ ਸੋਦਰੁ ਰਹਿਰਾਸ ਦੇ ਪਾਠ ਕਰਵਾਏ ਜਾਂਦੇ । ਉਪ੍ਰੰਤ ਅਰਦਾਸ ਵੀ ਵਿਦਿਆਰਥੀ ਆਪ ਕਰਦੇ ਸਨ । ਇਸਤਰ੍ਹਾ ਕਈ ਵਿਦਿਆਰਥੀ ਪਾਠ ਤੇ ਅਰਦਾਸ ਕਰਨਾ ਸਿੱਖ ਗਏ । ਗਰਮੀ ਦੀਆਂ ਛੁੱਟੀਆਂ ਵਿਚ ਗੁਰਮਤਿ ਟੈਨਿੰਗ ਕੈਂਪ ਲਾਇਆ ਜਾਂਦਾ ਰਿਹਾ ।

ਏਸ਼ੀਅਨ ਮੈਗਜ਼ੀਨ ਟੀਵੀ ਦੇ ਸੰਚਾਲਕ ਸ੍ਰ: ਜਗਤਾਰ ਸਿੰਘ ਨਾਲ ਮੇਰਾ ਸੰਪਰਕ ਸਿੱਖ ਸੋਸਾਇਟੀ ਦੀ ਸੇਵਾ ਸੰਭਾਲਣ ਵੇਲੇ ਦਾ ਬਣਿਆ ਹੋਇਆ ਸੀ । ਉਹ ਹਫ਼ਤਾਵਾਰ ਭਾਰਤੀ ਸਭਿਆਚਾਰ ਨਾਲ ਸੰਬੰਧਤ ਪ੍ਰੋਗਰਾਮ ਅਤੇ ਸਥਾਨਕ ਸਮਾਚਾਰ ਸ਼ਾਅ ਟੈਲੀਕਮਯੁਨਿਕੇਸ਼ਨ ਕੰਪਨੀ (ਸ਼ਹੳ ਟੲਲੲਚੋਮਮੁਨਚਿੳਟੋਨਿਸ ਚੋਮਪੳਨੇ) ਪਾਸੋਂ ਖਰੀਦੇ ਗਏ ਚੈਨਲ ਤੇ ਚਲਾਂਉਂਦੇ ਸਨ ।ਇਨ੍ਹਾ ਦੀ ਪ੍ਰੇਰਨਾ ਤੇ ਸਹਿਯੋਗ ਨਾਲ ਮੈਂ ਸ੍ਰੀ ਸੁਖਮਨੀ ਸਾਹਿਬ ਦੀ ਪਦ–ਵਾਰ ਸਰਲ ਵਿਆਖਿਆ ਆਰੰਭ ਕਰ ਦਿੱਤੀ ਇਸਨੂੰ

ਪੂਰਾ ਹੋਣ ਤੇ ਲਗਭਗ ਚਾਰ ਸਾਲ ਦਾ ਸਮਾ ਲਗਾ । ਉਪ੍ਰੰਤ ਗੁਰਮਤਿ ਦੇ ਇਕ ਇਕ ਵਿਸ਼ੇ ਦੀ ਵੀਚਾਰ ਵੀ ਕੀਤੀ ਜੋ ਮਗਰੋਂ ਐਡਮਿੰਟਨ ਤੋਂ ਆਕੇ ਵੀ ਕਰਦਾ ਰਿਹਾ । ਇਸਤਰ੍ਹਾਂ ਸਿੱਖ ਸੋਸਾਇਟੀ ਦੀ ਸੇਵਾ ਦੇ ਲਗਭਗ ਸਾਰੇ ਸਮੇ ਦੌਰ੍ਹਾਨ ਏਸ਼ੀਅਨ ਮੈਗਜ਼ੀਨ ਦੇ ਚੈਨਲ ਤੇ ਇਹ ਗੁਰਬਾਣੀ ਵਿਆਖਿਆ ਚਲਦੀ ਰਹੀ ।

## ਐਡਮਿੰਟਨ ਖਾਲਸਾ ਸਕੂਲ

ਸੰਨ 2003 ਵਿਚ ਮੈਨੂੰ ਦੋ ਹਫ਼ਤੇ ਦੇ ਲਈ ਗੁਰਦੁਆਰਾ ਸਿੰਘ ਸਭਾ ਮਿਲਵੁਡਜ਼ ਐਡਮਿੰਟਨ ਨੇ ਪ੍ਰਚਾਰ ਲਈ ਬੁਲਾਇਆ ਸੀ। ਉਥੇ ਵੀ ਗੁਰਬਾਣੀ ਵਿਚਾਰ ਦੇ ਨਾਲ ਮੈਂ ਵਿਦਿਆਰਥੀਆਂ ਦੀ ਇਕ ਪੰਜਾਬੀ ਕਲਾਸ ਵੀ ਲੈਂਦਾ ਰਿਹਾ ਸਾਂ । ਅਗਲੇ ਸਾਲ ਉਥੋਂ ਦੀ ਪ੍ਰਬੰਧਕ ਮਕੇਟੀ ਦੇ ਸੱਦੇ ਤੇ ਸਿੰਘ ਸਭਾ ਐਡਮਿੰਟਨ ਵੱਲੋਂ ਲਾਏ ਗਏ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਵੀ ਸ਼ਾਮਿਲ ਹੋਇਆ । ਇਸਤਰ੍ਹਾਂ ਇਸ ਸੰਸਥਾ ਨਾਲ ਮੇਰਾ ਸੰਪਰਕ ਹੋ ਗਿਆ ।ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ ਐਡਮਿੰਟਨ ਖਾਲਸਾ ਸਕੂਲ ਲਈ ਕਮਰੇ ਬਣੇ ਹੋਏ ਸਨ। ਇਥੇ ਸਥਾਨਕ ਐਜੂਕੇਸ਼ਨ ਬੋਰਡ ਦੇ ਪਾਠਕ੍ਰਮ ਅਨੁਸਾਰ ਹੋਰ ਵਿਸ਼ਿਆਂ ਦੇ ਨਾਲ ਪੰਜਾਬੀ ਵੀ ਪੜ੍ਹਾਈ ਜਾਂਦੀ ਸੀ । ਸਕੂਲ ਕਮੇਟੀ ਨੇ ਮੈਨੂੰ ਉਥੇ ਪੰਜਾਬੀ ਅਧਿਆਪਕ ਦੀ ਸੇਵਾ ਦੀ ਪੇਸ਼ਕਸ਼ ਕੀਤੀ । ਮੇਰੀ ਵੀ ਰੁਚੀ ਪੜ੍ਹਾਈ ਵਲ ਵਧੇਰੇ ਸੀ । ਸੋ ਮੈਂ ਸਿੱਖ ਸੋਸਾਇਟੀ ਕੈਲਗਰੀ ਤੋਂ ਤਿਆਗ ਪੱਤਰ ਦੇਕੇ ਅਗੱਸਤ 2005 ਵਿਚ ਖਾਲਸਾ ਸਕੂਲ ਐਡਮਿੰਟਨ ਵਿਚ ਪੰਜਾਬੀ ਅਧਿਆਪਕ ਦੀ ਸੇਵਾ ਸੰਭਾਲ ਲਈ । ਸਕੂਲ ਕਮੇਟੀ ਨੇ ਤਨਖਾਹ ਦੇ ਨਾਲ ਮੇਰੀ ਰਿਹਾਇਸ਼ ਦਾ ਜਿੰਮਾ ਵੀ ਲੈ ਲਿਆ ਤੇ ਮੇਰੇ ਲਈ ਸਕੂਲ ਦੇ ਨੇੜੇ ਹੀ ਇਕ ਅਪਾਰਟਮੈਂਟ ਵਿਚ ਘਰ ਕਿਰਾਏ ਤੇ ਲੈ ਦਿੱਤਾ ।

ਇਸ ਅਪਾਰਟਮੈਂਟ ਵਿਚ ਰਹਿਣ ਸਾਰ ਹੀ ਤੀਜੇ ਚੋਥੇ ਦਿਨ ਇਕ ਮਾੜੀ ਘਟਨਾ ਵਾਪਰ ਗਈ ।ਕਿਚਨ ਦੀ ਬੇਸਿਨ ਵਿਚੋਂ ਪਾਣੀ ਪੂਰੀ ਤਰ੍ਹਾ ਹੇਠਾਂ ਨਹੀਂ ਸੀ ਸਿੰਚਰਦਾ ਜਿਸਦੀ ਸੂਚਨਾ ਮੈਂ ਅਪਾਰਟਮੈਂਟ ਦੀ ਮੈਨੇਜਰ ਨੂੰ ਵੀ ਨਾਲ ਦੇ ਨਾਲ ਦੇ ਦਿੱਤੀ ਸੀ । ਰਿਹਾਇਸ਼ ਆਰੰਭ ਕਰਨ ਦੇ ਤੀਜੇ ਕੁ ਦਿਨ ਜਦ ਸਵੇਰੇ ਉਠਿਆ ਤਾਂ ਕਿਚਨ ਸਮੇਤ ਸਾਰਾ ਆਲੇ ਦੁਆਲੇ ਦਾ ਫ਼ਰਸ਼ ਪਾਣੀ ਨਾਲ ਭਰਿਆ ਪਿਆ ਸੀ । ਰਾਤੀ ਸੌਂਣ ਤੋਂ ਪਹਿਲਾਂ ਮੇਰੇ ਪਾਸੋਂ ਖ਼ਰਾਬ ਨਿਕਾਸ ਵਾਲੇ ਬੇਸਿਨ ਦੀ ਟੂਟੀ ਕੁਝ ਖੁਲ੍ਹੀ ਰਹਿ ਗਈ ਸੀ ।ਜਿਸ ਨਾਲ ਬੇਸਿਨ ਦੀ ਟੂਟੀ ਦਾ ਪਾਣੀ ਸਾਰੀ ਰਾਤ ਉਪਰੋਂ ਦੀ ਵਗਦਾ ਰਿਹਾ । ਮੈ ਤੁਰਤ ਟੂਟੀ ਬੰਦ ਕੀਤੀ ਤੇ ਖਲੋਤੇ ਪਾਣੀ ਨੂੰ ਭਰ ਭਰ ਕੇ ਕਢਿਆ। ਇਤਨੇ ਵਿਚ ਦਰਵਾਜ਼ੇ ਤੇ ਖੱਟ ਖੱਟ ਹੋਈ ।ਕੁਝ ਪੁਲਿਸਮੈਨ ਬਾਹਰ ਖੜੇ ਸਨ ਜਿਨ੍ਹਾ ਅੰਦਰ ਆਕੇ ਵੇਖਿਆ ਪਰ ਮੈਨੂੰ ਕੁਝ ਨਾ ਜਿਹਾ । ਮਗਰੋਂ ਇਕ ਹੋਰ ਬੰਦਾ ਆ ਗਿਆ ਉਹ ਪੰਜਾਬੀ ਲਗਦਾ ਸੀ ਉਸਨੇ ਪੁੱਛਿਆ ਕਿ ਮੈ ਆਪ ਟੂਟੀ ਖੁਲ੍ਹੀ ਛੱਡੀ ਹੋਈ ਸੀ । ਮੈਂ ਕਿਹਾ ਕਿ ਹੋ ਸਕਦਾ ਹੈ ਬੇਧਿਆਨੀ ਵਿਚ ਮੈਥੋਂ ਖੁਲ੍ਹੀ ਰਹਿ ਗਈ ਹੋਵੇ । ਦੂਜੀ ਛੱਤ ਤੇ ਹੋਣ ਕਾਰਨ ਹੇਠਲੇ ਘਰ ਵਿਚ ਵੀ ਪਾਣੀ ਚਲਾ ਗਿਆ ਸੀ । ਮਗਰੋਂ ਅਪਾਰਟਮੈਟ ਦੀ ਮੈਨੇਜਮੈਂਟ ਵੱਲੋਂ ਰਸੋਈ ਤੇ ਕਮਰੇ ਵਿਚ ਪਾਣੀ ਸੁਕਾਉਣ ਲਈ ਵੱਡੇ ਵੱਡੇ ਪੱਖੇ ਲਾ ਦਿੱਤੇ ਗਏ ।ਇਹ ਪੱਖੇ ਫ਼ਰਸ਼ ਦਾ ਗ਼ਲੀਚਾ ਸੁੱਕਣ ਤਕ ਕਈ ਦਿਨ ਚਲਦੇ ਰਹੇ ।

ਮਗਰੋਂ ਮੈ ਮੈਨੇਜਰ ਨੂੰ ਬੇਸਿਨ ਦੀ ਨਿਕਾਸੀ ਪਾਈਪ ਦੀ ਸਫ਼ਾਈ ਕਰਵਾਉਣ ਨੂੰ ਕਿਹਾ ।ਕਾਫ਼ੀ ਜ਼ੋਰ ਦੇਣ ਮਗਰੋਂ ਉਸਨੇ ਇਕ ਪਾਈਪ ਮਿਸਤਰੀ ਭੇਜਿਆ ਜਿਸਨੇ ਕਈ ਘੰਟੇ ਲਾਕੇ ਪਾਈਪ ਸਾਫ਼ ਕੀਤੀ । ਇਸ ਮਗਰੋਂ ਮੈਨੂੰ ਹੋਏ ਨੁਕਸਾਨ ਦੇ ਬਿਲ ਆਉਣੇ ਸ਼ੁਰੂ ਹੋ ਗਏ ।ਮੈਂ ਆਪਣੀ ਸਕੂਲ ਦੀ ਮੈਨੇਜਮੈਂਟ ਨੂੰ ਇਸ ਬਾਰੇ ਦੱਸਿਆ ਤਾਂ ਉਹ ਮੈਨੂੰ ਇਕ ਪੰਜਾਬੀ ਵਕੀਲ ਪਾਸ ਲੈ ਗਏ । ਜਿਸਨੇ ਸਾਰੀ ਗਲ ਸੁਣਕੇ ਕਿਹਾ ਕਿ ਅਪਾਰਟਮੈਂਟ ਕੰਪਨੀ ਵਾਲੇ ਇਹ ਖਰਚਾ ਮੇਰੇ ਤੇ ਨਹੀ ਪਾ ਸਕਦੇ ਤੇ ਮੇਰੀ ਕਾਨੂੰਨੀ ਮਦਦ ਕਰਨ ਦਾ ਭਰੋਸਾ ਦਿੱਤਾ ।

ਮਗਰੋਂ ਮੈਨੂੰ ਅਪਾਰਟਮੈਂਟ ਕੰਪਨੀ ਦੀ ਆਪਣੀ ਕੋਰਟ ਦੇ ਜੱਜ ਨੇ ਬੁਲਾਇਆ । ਮੈ ਸਾਰੀ ਘਟਨਾ ਨੂੰ ਵਿਸਥਾਰ ਨਾਲ ਪ੍ਰਿੰਟ ਕਰ ਲਿਆ ਜਿਸ ਵਿਚ ਲਿਖਿਆ ਕਿ ਬੇਸਿਨ ਦੀ ਨਿਕਾਸੀ ਪਾਈਪ ਦੇ ਜਾਮ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ ਜਿਸ ਵਿਚ ਅਪਾਰਟਮੈਟ ਦੀ ਮੈਨੇਜਮੈਂਟ ਦਾ ਵੀ ਦੋਸ਼ ਹੈ । ਉਸਨੇ ਮੇਰਾ ਸਟੇਟਮੈਂਟ ਪੜ੍ਹਕੇ ਕਿਹਾ ਕਿ ਇਸਦਾ ਫ਼ੈਸਲਾ ਹੁਣ ਪ੍ਰੋਵਿੰਸ਼ਿਅਲ ਕੋਰਟ ਹੀ ਕਰੇਗੀ । ਮੈ ਸਾਰੀ ਗਲ ਆਪਣੇ ਵਕੀਲ ਨੂੰ ਦੱਸੀ ਤਾਂ ਉਸਨੇ ਮੇਰੀ ਪੈਰਵੀ ਕਰਨੀ ਮੰਨ ਲਈ ।ਕੋਰਟ ਦੀ ਤਾਰੀਖ਼ ਪੈਣ ਤੇ

ਮੈ ਵਕੀਲ ਨੂੰ ਸੂਚਿਤ ਕੀਤਾ ਤਾਂ ਉਸਨੇ ਉਸ ਤਾਰੀਖ਼ ਤੇ ਹਾਜ਼ਰ ਹੋਣ ਦੀ ਮਜਬੂਰੀ ਦੱਸੀ ਤੇ ਅਗਲੀ ਤਾਰੀਖ਼ ਲੈਣ ਲਈ ਕਿਹਾ । ਮੌਕੇ ਤੇ ਕੋਰਟ ਵਿਚ ਹਾਜ਼ਰ ਹੋਕੇ ਮੈ ਅਗਲੀ ਤਾਰੀਖ਼ ਲੈ ਲਈ ਜਿਸ ਲਈ ਵਿਰੋਧੀ ਪਾਰਟੀ ਦੇ ਵਕੀਲ ਦੀ ਫ਼ੀਸ ਵੀ ਮੈਨੂੰ ਹੀ ਦੇਣੀ ਪਈ ।

ਅਗਲੀ ਤਾਰੀਖ਼ ਤੋਂ ਇਕ ਦਿਨ ਪਹਿਲਾਂ ਹੀ ਪਤਾ ਲੱਗਾ ਕਿ ਮੇਰਾ ਵਕੀਲ ਦੇਸ ਚਲਾ ਗਿਆ ਹੈ । ਮੇਰੀ ਬੇਨਤੀ ਕਰਨ ਤੇ ਸਕੂਲ ਦੇ ਸਕੱਤਰ ਸਾਹਿਬ ਤੇ ਉਨ੍ਹਾ ਦੇ ਸੱਦੇ ਤੇ ਇਕ ਹੋਰ ਸੱਜਣ ਵੀ ਦੁਭਾਸ਼ੀਏ ਵਜੋਂ ਮੇਰੇ ਨਾਲ ਕੋਰਟ ਗਏ । ਉਥੇ ਜੱਜ ਨੇ ਟੂਟੀ ਖੁਲ੍ਹੀ ਰੱਖਣ ਬਾਰੇ ਵਾਰ ਵਾਰ ਪੁਛਿਆ ਪਰ ਮੇਰੀ ਪਾਈਪ ਬੰਦ ਹੋਣ ਦੀ ਦਲੀਲ ਵਲ ਗੌਰ ਨਾ ਕੀਤਾ । ਵਿਰੋਧੀ ਧਿਰ ਦੇ ਵਕੀਲ ਨੇ ਆਪਣੀ ਵਕੀਲੀ ਚਤਰਾਈ ਨਾਲ ਮੇਰਾ ਦੋਸ਼ ਦੱਸਿਆ । ਜੱਜ ਉਸਦੀਆਂ ਗੱਲਾਂ ਨਾਲ ਪਤੀਜ ਗਿਆ ਤੇ ਉਸਨੇ ਮੇਰੇ ਜ਼ਿੰਮੇ ਸਤ-ਅੱਠ ਹਜ਼ਾਰ ਦਾ ਹਰਜਾਨਾ ਦੇਣ ਦਾ ਹੁਕਮ ਸੁਣਾ ਦਿੱਤਾ । ਇਤਨੀ ਰਕਮ ਆਪਣੇ ਸੀਮਤ ਵਸੀਲਿਆਂ ਨਾਲ ਮੇਰੇ ਲਈ ਦੇਣੀ ਅਸੰਭਵ ਸੀ । ਮਗਰੋਂ ਮੈ ਅਪਾਰਟਮੈਂਰ ਦੀ ਮੈਨੇਜਮੈਂਟ ਨਾਲ ਗਲ ਕਰਕੇ 200 ਡਾਲਰ ਪ੍ਰਤਿ ਮਾਹ ਦੇਣ ਦਾ ਵਾਇਦਾ ਕਰ ਲਿਆ ਜੋ ਲਗਾਤਾਰ 7 ਮਹੀਨੇ ਦਿੰਦਾ ਰਿਹਾ ।

ਫ਼ਿਰ ਅਚਾਨਕ ਇਕ ਹੋਰ ਵੱਡੀ ਰਕਮ "ਪੇਡ ਅਪ ਇੰਸ਼ੋਰੈਂਸ"ਭਰਨ ਦਾ ਨੋਟਿਸ ਗਿਆ । ਮੈਂ ਇਸ ਬਾਰੇ ਕੈਲਗਰੀ ਨਿਵਾਸੀ ਆਪਣੇ ਇਕ ਮਿੱਤਰ ਨਾਲ ਫ਼ੋਨ ਤੇ ਗਲ ਕੀਤੀ । ਉਹ ਉਸ ਸਮੇ ਕਿਸੇ ਇੰਸ਼ੋਰੈਂਸ ਕੰਪਨੀ ਨਾਲ ਹੀ ਕੰਮ ਕਰਦੇ ਸਨ । ਉਨ੍ਹਾ ਇਸ ਕੇਸ ਨਾਲ ਸੰਬੰਧਤ ਸਾਰੇ ਪੇਪਰ ਭੇਜਣ ਲਈ ਆਖਿਆਂ ਜੋ ਮੈਂ ਡਾਕ ਦੁਆਰਾ ਭੇਜ ਦਿੱਤੇ । ਉਨ੍ਹਾ ਅਪਣੀ ਜਾਣਕਾਰੀ ਦੇ ਕਿਸੇ ਵਕੀਲ ਨੂੰ ਮੇਰਾ ਕੇਸ ਸੌਂਪ ਦਿੱਤਾ । ਉਸ ਵਕੀਲ ਨੇ ਸਾਰੀ ਘਟਨਾ ਤੇ ਕਾਰਵਾਈ ਨੂੰ ਵਾਚ ਕੇ ਮੇਰੀ ਅਪਾਰਟਮੈਂਟ ਕੰਪਨੀ ਅਤੇ ਇੰਸ਼ੋਰੈਨ ਦੀ ਮੰਗ ਕਰਨ ਵਾਲਿਆਂ ਨੂੰ ਨੋਟਿਸ ਭੇਜ ਦਿੱਤੇ ਕਿ ਉਂਨ੍ਹਾ ਦੀ ਮੰਗ ਨਾਜਾਇਜ਼ ਹੈ ਤੇ ਪਹਿਲਾਂ ਹਰਜਾਨੇ ਦਾ ਫ਼ੈਸਲਾ ਵੀ ਮੇਰੇ ਵਕੀਲ ਦੀ ਲਾਪਰਵਾਹੀ ਨਾਲ ਠੀਕ ਨਹੀ ਹੋਇਆ । ਮਰਗੋਂ ਵਕੀਲਾਂ ਦੀ ਇੰਸ਼ੋਰੈਸ ਕੰਪਨੀ ਨਾਲ ਸੰਪਰਕ ਕਰਕੇ ਉਸਨੇ ਮੇਰੇ ਹਰਜਾਨੇ ਦੀ ਸਾਰੀ ਰਕਮ ਵਕੀਲ ਦੇ ਖਾਤੇ ਪਵਾ ਦਿੱਤੀ ਤੇ ਮੇਰੇ ਪਹਿਲਾਂ ਦਿੱਤੇ ਪੈਸੇ ਵੀ ਵਾਪਸ ਦਿਵਾ ਦਿੱਤੇ । ਇਹ ਸਾਰੀ ਕਾਰਵਾਈ ਲਈ ਮੈ ਆਪਣੇ ਮਿੱਤਰ ਦਾ ਹਮੇਸ਼ਾ ਕ੍ਰਿਤਯਗ ਰਹਾਂਗਾ ।ਇਸ ਤੋਂ ਇਲਾਵਾ ਹੁਣ ਤਕ ਹੋਰ ਵੀ ਕਈ ਕੰਮ ਪੂਰੇ ਕਰਨ ਵਿਚ ਉਹ ਮੇਰੀ ਸਹਾਇਤਾ ਕਰਦੇ ਰਹਿੰਦੇ ਹਨ।

ਇਸ ਸਾਰੀ ਘਟਨਾ ਵਿਸ਼ੇਸ਼ ਕਰਕੇ ਮੇਰੇ ਅਣਜਾਣਪੁਣੇ ਕਾਰਨ ਹੋਈ ।ਮਗਰੋਂ ਹੋਰ ਥਾਵਾਂ ਤੇ ਕਿਰਾਏ ਤੇ ਰਹਿਣ ਸਮੇਂ ਮੈਨੂੰ ਪਤਾ ਲਗਾ ਕਿ ਕਿਰਾਏ ਦੇ ਮਕਾਨ ਦੀ ਵੀ ਇੰਸ਼ੋਰੈਂਸ ਲੈਣੀ ਪੈਂਦੀ ਹੈ ਜੋ ਸੰਬੰਧਤ ਰਿਹਾਇਸ਼ੀ ਨਿਵਾਸਾਂ ਵਿਚ ਵਾਪਰਦੇ ਹਾਦਸਿਆਂ ਨੂੰ ਕਵਰ ਕਰਦੀ ਹੈ । ਇਸ ਬਾਰੇ ਮੈਨੂੰ ਨਾਹ ਤਾਂ ਅਪਾਰਟਮੈਂਟ ਕਿਰਾਏ ਤੇ ਲੈਣ ਲਗਿਆਂ ਉਥੋਂ ਦੀ ਮੈਨੇਜਰ ਨੇ ਦੱਸਿਆ ਤੇ ਨਾ ਮੇਰੀ ਆਪਣੀ ਨੌਕਰੀ ਦੇ ਪ੍ਰਬੰਧਕਾਂ ਕੋਈ ਗੌਰ ਕੀਤਾ ।

ਸਕੂਲ ਵਿਚ ਉਦੋਂ ਪੰਜਵੀਂ ਤਕ ਕਲਾਸਾਂ ਚਲਦੀਆਂ ਸਨ । ਕੇ:ਜੀ: ਤੋਂ ਲੈਕੇ ਪੰਜਵੀਂ ਤਕ ਸਾਰੀਆਂ ਕਲਾਸਾਂ ਨੂੰ ਹੀ ਪੰਜਾਬੀ ਪੜ੍ਹਾਈ ਜਾਂਦੀ ਸੀ । ਵਿਸ਼ੇਸ਼ ਕਰਕੇ ਸਕੂਲ ਦੀ ਹੈਡ ਟੀਚਰ ਮਿਸਿਜ਼ ਲੌਰੀ ਸਿਮੋਨਾਰ ਨੇ ਮੈਨੂੰ ਆਪਣੇ ਨਾਲ ਕੇ:ਜੀ: ਦੀਆ ਕਲਾਸਾਂ ਦੇ ਸਾਰੇ ਪੜ੍ਹਾਈ ਦੇ ਸਮੇ ਲਈ ਸਹਾਇਕ ਰੱਖ ਲਿਆ ।ਬਾਕੀ ਰਹਿੰਦੇ ਸਮੇ ਮੈ ਦੂਜੀਆਂ ਕਲਾਸਾ ਪੜ੍ਹਾਉਣ ਲੱਗਾ । ਮਿਸਿਜ਼ ਸਿਮੋਨਾਰ ਚੰਗੀ ਨਿਗਰਾਨ ਤੇ ਪ੍ਰਬੰਧਕ ਸੀ । ਉਹ ਹਰੇਕ ਟੀਚਰ ਨਾਲ ਬੜੇ ਸਲੀਕੇ ਨਾਲ ਬੋਲਦੀ ਪਰ ਕੰਮ ਦੇ ਸੰਬੰਧ ਵਿਚ ਕਿਸੇ ਨਾਲ ਰੂ ਰਆਇਤ ਨਹੀਂ ਸੀ ਕਰਦੀ । ਉਸ ਨਾਲ ਮੈਨੂੰ ਇਥੋਂ ਦੀ ਪੜ੍ਹਾਈ ਦੀ ਤਕਨੀਕ ਤੇ ਸਕੂਲਾਂ ਦੇ ਵਿਧੀ ਵਿਧਾਨ ਦਾ ਕੁਝ ਗਿਆਨ ਹੋਇਆ ।

ਰੋਜ਼ਾਨਾ ਸਕੂਲ ਦੀਆਂ ਕਲਾਸਾਂ ਆਰੰਭ ਹੋਣ ਤੋਂ ਪਹਿਲਾਂ ਸਾਰੀਆਂ ਕਲਾਸਾਂ ਨੂੰ ਗੁਰਦੁਆਰਾ ਹਾਲ ਵਿਚ ਬਿਠਾਕੇ ਸਿੱਖੀ ਸੰਬੰਧੀ ਕੁਝ ਮੁਢਲੀ ਜਾਣਕਾਰੀ ਦਿੱਤੀ ਜਾਂਦੀ । ਮੈਂ ਪੰਜ ਪਉੜੀਆਂ ਜਪੁਜੀ ਸਾਹਿਬ ਦਾ ਪਾਠ. ਦਸ ਗੁਰੂ ਸਾਹਿਬਾਨ.ਪੰਜ ਪਿਆਰਿਆਂ,ਚਾਰ ਸਾਹਿਜ਼ਾਦਿਆਂ ਤੇ ਪੰਜ ਤਖ਼ਤਾਂ ਦੇ ਨਾਮ ਵਿਦਿਆਰਥੀਆਂ ਪਾਸੋਂ ਬੁਲਵਾਣੇ ਆਰੰਭ ਕਰ ਦਿੱਤੇ । ਸ਼ੁਰੂ ਸ਼ੁਰੂ ਵਿਚ ਮੈਨੂੰ ਵੱਡੇ ਵਿਦਿਆਰਥੀਆਂ ਨਾਲ ਸਿੱਝਣ ਲਈ ਕੁਝ ਮੁਸ਼ਕਲਾਂ ਵੀ ਆਈਆਂ । ਇਥੇ ਅਧਿਆਪਕ ਵਿਦਿਆਰਥੀਆਂ ਨੂੰ ਕੋਈ ਸਰੀਰਕ ਸਜ਼ਾ ਨਹੀਂ ਦੇ ਸਕਦੇ । ਕੇਵਲ ਉਨ੍ਹਾ ਨੂੰ ਖੜਾ ਕਰ ਦੇਣਾ ਜਾਂ ਖੇਡਣ ਦੇ ਪੀਰੀਅਡ ਤੋਂ ਵਰਜ ਦੇਣਾ ਆਦਿਕ ਹੀ ਮੁਖ ਸਜ਼ਾਵਾਂ

ਹਨ । ਸੋ ਅਧਿਆਪਕ ਦਾ ਕੋਈ ਰੋਅਬ ਜਾਂ ਡਰ ਵਿਦਿਆਰਥੀ ਨਹੀਂ ਮੰਨਦੇ ।ਕਈ ਅੱਥਰੇ ਵਿਦਿਆਰਥੀ ਚਲਦੀ ਕਲਾਸ ਵਿਚ ਨਿਝੱਕ ਹੋਕੇ ਸ਼ਰਾਰਤਾਂ ਤੇ ਬੇਅਦਬੀਆਂ ਕਰਦੇ ਹਨ । ਹੌਲੀ ਹੌਲੀ ਮੈ ਉਨ੍ਹਾ ਨੂੰ ਸਿਧਾਉਣਾ ਸਿੱਖ ਗਿਆ । ਸਕੂਲ ਵਿਚ ਕਦੇ ਕਦੇ ਅੱਗ ਲੱਗਣ ਦੀ ਸਾਵਧਾਨੀ ਦੀ ਤਿਆਰੀ ਵੱਜੋਂ ਸਾਇਰਨ ਵਜਾਏ ਜਾਂਦੇ ਤੇ ਅਧਿਆਪਕਾਂ ਨੂੰ ਆਪਣੀ ਪੜ੍ਹਾਈ ਫ਼ੌਰਨ ਬੰਦ ਕਰਕੇ ਵਿਦਿਆਰਥੀਆਂ ਨੂੰ ਬਾਹਰ ਲਿਜਾਂਣਾ ਪੈਂਦਾ । ਕਦੇ ਕਦੇ ਵਿਦਿਆਰਥੀਆਂ ਨੂੰ ਬਾਹਰ ਕਿਸੇ ਫ਼ਾਰਮ. ਪਾਰਕ ਜਾਂ ਮਾਲ ਵਿਚ ਵੀ ਲਿਜਾਇਆ ਜਾਂਦਾ । ਵਿਖਾਉਣ ਵਾਲੇ ਸੰਬੰਧਤ ਸਥਾਨ ਦੇ ਪ੍ਰਬੰਧਕਾਂ ਪਾਸੋਂ ਪਹਿਲਾਂ ਇਸਦੀ ਪ੍ਰਵਾਨਗੀ ਲਈ ਜਾਂਦੀ । ਉਥੇ ਪਹੁੰਚਣ ਤੇ ਉਸ ਸਥਾਨ ਦੇ ਵਰਕਰ ਵਿਦਿਆਰਥੀਆਂ ਨੂੰ ਆਪਣੇ ਸਥਾਨ ਦੇ ਕੰਮ ਦੀ ਜਾਣਕਾਰੀ ਦਿੰਦੇ ਸਨ ।ਆਮ ਤੌਰ ਤੇ ਇਹ ਵਿਦਿਆਰਥੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਦੇ ਵਰਤੋਂ ਵਿਹਾਰ ਸੰਬੰਧੀ ਸੂਚਿਤ ਕਰਨ ਲਈ ਕੀਤਾ ਜਾਂਦਾ ਤਾਕਿ ਵੱਡੇ ਹੋਕੇ ਉਹ ਚੰਗੇ ਵਿਹਾਰਕ ਸ਼ਹਿਰੀ ਬਣ ਸਕਣ ।

ਐਡਮਿੰਟਨ ਖਾਲਸਾ ਸਕੂਲ ਦੀ ਸੇਵਾ ਕਰਦਿਆਂ ਸਾਲ ਵਿਚ ਇਕ ਵਾਰ International & Heritage Languages Association ਵੱਲੋਂ ਸਾਰੀਆਂ ਭਾਸ਼ਾਈ ਕੰਮਿਉਨਿਟੀਆਂ ਦੀਆਂ ਵਿਦਿਅਕ ਸੰਸਥਾਂਵਾਂ ਦਾ ਇਕ ਸੰਮੇਲਨ ਆਯੋਜਿਤ ਕੀਤਾ ਜਾਂਦਾ ਸੀ । ਇਸ ਵਿਚ ਸਾਰੀਆਂ ਕੌਮਾਂ ਦੇ ਵਿਦਿਅਕ ਅਦਾਰੇ ਆਪਣਾ ਆਪਣਾ ਸਟਾਲ ਲਗਾ ਕੇ ਆਪਣੇ ਵਿਰਸੇ ਬੋਲੀ, ਧਰਮ, ਮਹਾਪੁਰਸ਼ਾਂ ਤੇ ਪਵਿੱਤਰ ਅਸਥਾਨਾ ਦੇ ਚਿੱਤਰ ਪਹਿਰਾਵੇ ਕਾਰੋਬਾਰੀ ਸੰਦ, ਭਾਂਡੇ ਤੇ ਸਾਹਿਤ ਆਦਿਕ ਦਾ ਪ੍ਰਦਰਸ਼ਨ ਕਰਦੇ ਸਨ । ਸ਼ਹਿਰ ਦੇ ਕਿਸੇ ਜਨਤਕ ਹਾਲ ਵਿਚ ਇਹ ਇਕੱਠ ਫ਼ਰਵਰੀ ਦੇ ਮਹੀਨੇ ਕੀਤਾ ਜਾਂਦਾ ਸੀ । ਇਸ ਵਿਚ ਅਸੀਂ ਵੀ ਖਾਲਸਾ ਸਕੂਲ ਵੱਲੋਂ ਆਪਣਾ ਸਟਾਲ ਲਗਾ ਕੇ ਸਿੱਖ ਧਰਮ ਤੇ ਪੰਜਾਬੀ ਖਾਣ-ਪਾਣ ਰਹਿਣ ਸਹਿਣ ਵਰਤੋਂ ਵਿਹਾਰ ਤੇ ਸਿੱਖ ਸਭਿਆਚਾਰ ਦਾ ਪ੍ਰਦਰਸ਼ਨ ਕਰਦੇ ਸਾਂ । ਇਸ ਮੌਕੇ ਤੇ ਵਿਦਿਆਰਥੀਆਂ ਦੇ ਸਟੇਜ ਪ੍ਰੋਗਰਾਮ ਵੀ ਹੁੰਦੇ ।

ਇਕ ਵਾਰ ਮੈਨੂੰ ਐਲਬਰਟਾ ਟੀਚਰਜ਼ ਐਸੋਸੀਏਸ਼ਨ ਦੇ ਸੈਮਨਾਰ ਦੀ ਹਾਜ਼ਰੀ ਭਰਨ ਦਾ ਅਵਸਰ ਵੀ ਮਿਲਿਆ । ਜਿਸ ਵਿਚ ਅਧਿਆਪਕ ਆਪਣੀਆਂ ਅਧਿਐਨ ਵਿਧੀਆਂ ਤੇ ਪਾਠ ਪੁਸਕਤਾਂ ਦਾ ਪ੍ਰਦਰਸ਼ਨ ਕਰਦੇ ਸਨ । ਇਥੇ ਹਰੇਕ ਕਲਾਸ ਲਈ ਪੜ੍ਹਾਏ ਜਾਂਦੇ ਵਿਸ਼ਿਆਂ ਲਈ ਪਹਿਲਾਂ ਤੋਂ ਨਿਰਧਾਰਤ ਵਿਸ਼ੇਸ ਪੁਸਤਕਾਂ ਨਹੀ ਵਰਤੀਆਂ ਜਾਂਦੀਆਂ । ਹਰੇਕ ਵਿਸ਼ੇ ਦਾ ਅਧਿਆਪਕ ਆਪਣੀਆ ਰਚੀਆਂ ਜਾਂ ਚੋਣ ਕੀਤੀਆਂ ਪੁਸਤਰਾਂ ਤੋਂ ਪੜ੍ਹਾ ਸਕਦਾ ਹੈ ।ਸਾਲ ਵਿਚ ਇਕ ਵਾਰ ਸਕੂਲ ਦਾ ਸਾਲਾਨਾ ਸਮਾਗਮ ਕਿਸੇ ਪਬਲਿਕ ਹਾਲ ਵਿਚ ਕੀਤਾ ਜਾਂਦਾ । ਇਸ ਵਿਚ ਸਕੂਲ ਦੀਆਂ ਕਲਾਸਾਂ ਦੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਭਿਆਚਾਰਕ ਪ੍ਰੋਗਰਾਮ ਤਿਆਰ ਕਰਵਾਕੇ ਪੇਸ਼ ਕੀਤੇ ਜਾਂਦੇ ਸਨ । ਬਹੁਤੇ ਪਰੋਗਰਾਮਾਂ ਦਾ ਰੰਗ ਰੂਪ ਗੋਰਿਆਂ ਵਾਲਾ ਤੇ ਪ੍ਰਦਰਸ਼ਨ ਅੰਗ੍ਰੇਜ਼ੀ ਵਿਚ ਹੀ ਹੁੰਦਾ ।ਪੰਜਾਬੀ ਦਾ ਭੰਗੜਾ ਜਾਂ ਗਿੱਧਾ ਹੀ ਪ੍ਰਮੁਖ ਹੁੰਦਾ । ਮੈ ਆਪਣੀਆਂ ਕਲਾਸਾਂ ਨੂੰ ਸਿੱਖ ਸਭਿਆਚਾਰ ਤੇ ਮਰਿਆਦਾ ਦੇ ਵਿਸ਼ੇ ਤਿਆਰ ਕਰਵਾਕੇ ਪੰਜਾਬੀ ਵਿਚ ਹੀ ਬੁਲਵਾਉਂਦਾ ਰਿਹਾ ਜਿਸ ਦੇ ਸਿਖਾਉਣ ਲਈ ਮੈਨੂੰ ਕੋਈ ਵਿਸ਼ੇਸ਼ ਔਕੜ ਨਹੀਂ ਆਈ ।

ਇਸ ਮੌਕੇ ਤੇ ਸਕੂਲ ਦੇ ਪ੍ਰਬੰਧਕ ਵੀ ਅੰਗ੍ਰੇਜ਼ੀ ਵਿਚ ਹੀ ਭਾਸ਼ਣ ਦੇਂਦੇ ਹਾਲਾਂਕਿ ਸੁਣਨ ਵਾਲੇ ਮਾਪੇ ਸਾਰੇ ਹੀ ਪੰਜਾਬੀ ਹੁੰਦੇ । ਕੇਵਲ ਕੁਝ ਗੋਰੇ ਅਧਿਕਾਰੀ ਜਾਂ ਸੱਜਣ ਮਿੱਤਰ ਹੀ ਹਾਜ਼ਰ ਹੁੰਦੇ । ਸਕੂਲ ਵਿਚ ਵੀ ਕ੍ਰਿਸਮਿਸ ਦੇ ਮੌਕੇ ਤੇ ਇਥੇ ਚਲਦੀ ਆਮ ਕਾਰੋਬਾਰੀ ਰਵਾਇਤ ਅਨੁਸਾਰ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਸਕੂਲ ਸਟਾਫ਼ ਦੀ ਕਿਸੇ ਰੈਸਟੋਰੈਂਟ ਵਿਚ ਪਾਰਟੀ ਕੀਤੀ ਜਾਂਦੀ ਹੈ । ਪਰੰਤੂ ਵਿਸਾਖੀ ਜਾਂ ਹੋਰ ਕਿਸੇ ਗੁਰਪੁਰਬ ਤੇ ਗੈਰ ਸਿੱਖਾਂ ਨੂੰ ਆਪਣੀ ਪਹਿਚਾਣ ਕਰਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ । ਇਕ ਸਾਲ ਕ੍ਰਿਸਮਿਸ ਦੇ ਅਵਸਰ ਤੇ ਇਕ ਗੋਰੀ ਟੀਚਰ ਸੈਂਟਾ ਕਲਾਜ਼ ਬਣ ਕੇ ਵੀ ਸਕੂਲ ਆਈ ਤੇ ਬੱਚਿਆਂ ਨਾਲ ਕਲੋਲ ਕਰਦੀ ਰਹੀ । ਮਗਰੋਂ ਸਕੂਲ ਦੇ ਪ੍ਰਧਾਨ ਦੇ ਮਨ੍ਹਾ ਕਰਨ ਤੇ ਉਸਦਾ ਆਉਣਾ ਬੰਦ ਕੀਤਾ ਗਿਆ ।

ਖਾਲਸਾ ਸਕੂਲ ਵਿਚ ਸਾਰੇ ਵਿਦਿਆਰਥੀ ਪੰਜਾਬੀ ਪ੍ਰਵਾਰਾਂ ਦੇ ਹੀ ਦਾਖ਼ਲ ਹੁੰਦੇ ਸਨ । ਭਾਵੇਂ ਦੂਜੀਆਂ ਕੌਮਾਂ ਲਈ ਕੋਈ ਮਨਾਹੀ ਨਹੀਂ ਸੀ ਪਰ ਫ਼ਿਰ ਵੀ ਉਨਾਂ ਦਾ ਕੋਈ ਵਿਦਿਆਰਤੀ ਮੇਰੇ ਵੇਖਣ ਵਿਚ ਨਹੀਂ ਆਇਆ।ਇਸ ਸਾਰੇ ਬੱਚੇ ਪੰਜਾਬੀ ਸਮਝ ਲੈਂਦੇ ਸਨ ਪਰ ਆਪਸ ਵਿਚ ਅੰਗ੍ਰੇਜ਼ੀ ਵਿਚ ਹੀ ਗੱਲਾਂ ਕਰਦੇ ਸਨ । ਕ੍ਰਿਸਮਸ ਦੇ ਮੌਕੇ ਤੇ ਗੌਰੀ ਮੁਖ ਅਧਿਆਪਕਾ ਆਪਣੀ ਕਲਾਸ ਦੇ ਸਾਰੇ ਵਿਦਿਆਰਥੀਆਂ ਪਾਸੋਂ ਪ੍ਰਿੰਟ ਕੀਤੀਆਂ ਚਿੱਠੀਆਂ ਤੇ ਹਰੇਕ ਵਿਦਿਆਰਥੀ ਪਾਸੋਂ ਉਸਦਾ ਨਾਮ ਲਿਖਵਾਂਦੀ ਤੇ ਦਸਦੀ ਕਿ

ਇਹ ਚਿੱਠੀ ਉਸ ਵੱਲੋਂ ਸੈਂਟਾਕਲਾਜ਼ ਦੇ ਨਾਮ ਲਿਖੀ ਗਈ ਹੈ ਜਿਸ ਵਿਚ ਉਸਨੂੰ ਕ੍ਰਿਸਮਿਸ ਦਾ ਗਿਫ਼ਟ ਭੇਜਣ ਲਈ ਬੇਨਤੀ ਕੀਤੀ ਜਾ ਰਹੀ ਹੈ । ਮਗਰੋਂ ਲਿਫ਼ਾਫ਼ਿਆਂ ਵਿਚ ਬੰਦ ਕਰਕੇ ਸਾਰੇ ਵਿਦਿਆਰਥੀਆਂ ਨੂੰ ਨੇੜਲੇ ਲੈਟਰਬਕਸ ਵਿਚ ਪੁਆਉਣ ਲਈ ਲੈ ਜਾਂਦੀ ।ਇਸ ਨਾਲ ਮੈਨੂੰ ਇਨ੍ਹਾ ਇਸਾਈ ਲੋਕਾਂ ਦੀ ਆਪਣੇ ਧਰਮ ਦੇ ਪ੍ਰਚਾਰ ਪ੍ਰਤਿ ਪ੍ਰਤਿਬੱਧਤਾ ਤੇ ਅਸਾਂ ਪੰਜਾਬੀਆਂ ਦੀ ਬੇਪਰਵਾਹੀ ਦਾ ਅਹਿਸਾਸ ਹੋਇਆ ।

ਐਡਮਿੰਟਨ ਰਹਿੰਦਿਆਂ ਹੀ ਮੈਨੂੰ ਸੰਨ 2006 ਵਿਚ ਪਹਿਲਾਂ ਭੇਜੀ ਦਰਖਾਸਤ ਤੇ ਕੈਨੇਡਾ ਦੀ ਨਗਰਿਕਤਾ ਪ੍ਰਾਪਤ ਹੋਈ । ਇਸ ਲਈ ਸਰਕਾਰੀ ਭਵਨ ਵਿਚ ਜਾਕੇ ਜੱਜ ਦੇ ਸਾਹਮਣੇ ਕੈਨੇਡਾ ਦੇਸ ਦੀ ਵਫ਼ਾਦਾਰੀ ਦੀ ਕਸਮ ਲੈਣ ਦਾ ਸਮਾਗਮ ਹੋਇਆ ਤੇ ਉਥੋਂ ਨਾਗਰਿਕਤਾ ਦਾ ਸਰਟੀਫ਼ਿਕੇਟ ਪ੍ਰਾਪਤ ਹੋਇਆ । ਕੁਝ ਸਮੇ ਬਾਦ ਮੈ ਕੈਨੇਡਾ ਦਾ ਪਾਸਪੋਰਟ ਵੀ ਬਣਵਾ ਲਿਆ ।

ਕਈ ਸਾਲ ਪਹਿਲਾਂ ਪ੍ਰਵਾਰ ਦੇ ਪ੍ਰਵਾਸ ਦੇ ਬੇਨਤੀ ਪੱਤਰ ਤੇ ਸੰਨ 2006 ਵਿਚ ਮੇਰੀ ਸੁਪਤਨੀ ਤੇ ਛੋਟੇ ਸਪੁੱਤਰ ਨੂੰ ਕੈਨੇਡਾ ਦੀ ਪੱਕੀ ਰਿਹਾਇਸ਼ (ਪੀ: ਆਰ:) ਮਿਲ ਗਈ ।ਇਹ ਦੋਵੇਂ 12 ਜੁਲਾਈ 2006 ਨੂੰ ਮੇਰੇ ਪਾਸ ਐਡਮਿੰਟਨ ਆ ਗਏ। ਵੱਡੇ ਲੜਕੇ ਦੀ ਉਮਰ ਵੱਧ ਹੋਣ ਤੇ ਵਿਦਿਆਰਥੀ ਨਾਹ ਹੋਣ ਕਾਰਨ ਇਸ ਵਿਚ ਸ਼ਾਮਿਲ ਨਹੀਂ ਕੀਤਾ ਗਿਆ । ਛੋਟੇ ਲੜਕੇ ਚਰਨਦੀਪ ਸਿੰਘ ਨੂੰ ਪਹਿਲਾਂ ਦੋ ਤਿੰਨ ਸਾਲ ਆਪਣੇ ਰੋਜ਼ਗਾਰ ਲਈ ਬੜੀ ਸਰੀਰਕ ਮੁਸ਼ੱਕਤ ਵਾਲੇ ਕੰਮ ਕਰਨੇ ਪਏ ।ਸ਼ੁਰੂ ਵਿਚ ਉਹ ਕਿਸੇ ਲਕੜੀ ਦੇ ਕਾਰਖ਼ਾਨੇ ਵਿਚ ਕੰਮ ਕਰਦਾ ਰਿਹਾ।ਉਸਦੇ ਨਾਲ ਹੀ ਇਕ ਪੰਜਾਬ ਸਿੰਧ ਬੈਂਕ ਦਾ ਮੈਨੇਜਰ ਤੇ ਦੂਜਾ ਪੰਜਾਬ ਦੇ ਨਹਿਰੀ ਮਹਿਕਮੇ ਦਾ ਇਕ ਅਫ਼ਸਰ ਵੀ ਇਹੋ ਕੰਮ ਕਰਦੇ ਸਨ । ਕੈਨੇਡਾ ਵੱਸਣ ਲਈ ਆਪਣੀ ਪਹਿਲੀ ਯੋਗਤਾ ਤੇ ਪੇਸ਼ੇ ਨੂੰ ਭੁੱਲ ਜਾਣਾ ਪੈਂਦਾ ਹੈ । ਇਥੇ ਰਹਿੰਦਿਆਂ ਹੀ ਮਗਰੋਂ ਦੋਹਾਂ ਬੇਟਿਆਂ ਦਾ ਆਨੰਦ ਕਾਰਜ ਕਰਵਾਉਣ ਲਈ ਅਸੀਂ ਮਈ–ਜੂਨ 2007 iਵਚ ਪਟਿਆਲੇ ਆਪਣੇ ਘਰ ਗਏ ।

ਐਡਮਿੰਟਨ ਵਿਖੇ ਪੰਜ ਛੇ ਸਾਲ ਦੇ ਨਿਵਾਸ ਦੌਰ੍ਹਾਨ ਉਥੋਂ ਦੇ ਪੰਜਾਬੀਆਂ ਦੀਆਂ ਕਈ ਸਭਿਆਚਾਰਕ ਗਤਿਵਿਧੀਆਂ ਵਿਚ ਸ਼ਾਮਿਲ ਹੋਣ ਦਾ ਅਵਸਰ ਮਿਲਿਆ। ਉਥੇ ਸਿੱਖ ਭਾਈਚਾਰੇ ਵੱਲੋਂ ਇਕ ਸਾਲਾਨਾ ਸਭਿਆਚਾਰਕ ਉਤਸਵ ਮਨਾਇਆ ਜਾਂਦਾ ਸੀ ਜਿਸ ਵਿਚ ਸਥਾਨਕ ਦੇ ਨਾਲ ਬਾਹਰੋਂ ਬੁਲਾਏ ਗਏ ਕਲਾਕਾਰ ਵੀ ਆਪਣਾ ਹੁਨਰ ਪ੍ਰਸਤੁਤ ਕਰਦੇ ਸਨ ।ਇਸ ਤੋਂ ਇਲਾਵਾ ਕਈ ਪੰਜਾਬੀਆਂ ਦੇ ਸੰਗਠਨ ਕਦੇ ਕਦੇ ਨਾਟਕਾਂ ਦਾ ਪ੍ਰਦਰਸ਼ਨ ਵੀ ਕਰਦੇ ਸਨ । ਮੇਰਾ ਲੜਕਾ ਚਰਨਦੀਪ ਸਿੰਘ ਵੀ ਪਹਿਲਾਂ ਪਹਿਲ ਇਨ੍ਹਾ ਨਾਟਕਾਂ ਵਿਚ ਹਿੱਸਾ ਲੈਂਦਾ ਰਿਹਾ । ਭਾਰਤ ਤੋਂ ਬੁਲਾਏ ਕਈ ਕਲਾਕਾਰਾਂ ਦੇ ਪ੍ਰੋਗਰਾਮ ਵੀ ਚਲਦੇ ਰਹਿੰਦੇ ਸਨ । ਧਾਰਮਕ ਖੇਤਰ ਵਿਚ ਵੀ ਕੁਝ ਪ੍ਰੋਗ੍ਰਾਮ ਹੋਏ । ਇਕ ਵਾਰੀ ਯੂਨੀਵਰਸਿਟੀ ਦੇ ਵਿਦਿਆਥੀਆਂ ਸਿੱਖੀ ਬਾਰੇ ਇਕ ਸੈਮੀਨਾਰ ਕੀਤਾ । ਜਿਸ ਵਿਚ ਪੰਜਾਬ ਤੋਂ ਪ੍ਰੋਫ਼ੈਸਰ ਮਨਜੀਤ ਸਿੰਘ ਤੇ ਕੈਨੇਡਾ ਤੋਂ ਇਕ ਗੋਰਾ ਬਜ਼ੁਰਗ ਸਿੱਖ ਵਿਦਵਾਨ ਵੀ ਸ਼ਾਮਿਲ ਹੋਇਆ ।ਇਸ ਵਿਚ ਮੈਨੂੰ ਵੀ ਬੋਲਣ ਦਾ ਅਵਸਰ ਦਿੱਤਾ ਗਿਆ । ਯੂਨੀਵਰਸਿਟੀ ਦੇ ਮੈਡੀਕਲ ਮਹਿਕਮੇ ਵੱਲੋਂ ਬਿਮਾਰਾਂ ਦੀ ਦੇਖਭਾਲ ਤੇ ਮ੍ਰਿਤਕ ਸੰਸਕਾਰ ਸੰਬੰਧੀ ਮਰਿਆਦਾ ਬਾਰੇ ਵਿਭਿੰਨ ਧਰਮਾਂ ਦੇ ਵਿਦਵਾਨਾ ਦੇ ਸੈਮਨਾਰ ਵਿਚ ਸ਼ਾਮਿਲ ਹੋਣ ਦਾ ਅਵਸਰ ਵੀ ਮੈਨੂੰ ਮਿਲਿਆ। ਇਸ ਲਈ ਮੇਰੇ ਨਾਲ ਮੂਲ ਨਾਨਕਸ਼ਾਹੀ ਕੈਲੰਡਰ ਦੇ ਖੋਜੀ ਤੇ ਰਚੇਤਾ ਵਿਦਵਾਨ ਸ੍ਰ: ਪਾਲ ਸਿੰਘ ਪੁਰੇਵਾਲ ਵੀ ਗਏ ਸਨ । ਇਕ ਵਾਰ ਗੁਰਦੁਆਰਾ ਮਕੇਟੀਆਂ ਦੇ ਸਾਝੇ ਉੱਦਮ ਨਾਲ ਪੰਜਾਬ ਤੋਂ ਸਿੱਖ ਵਿਦਵਾਨ ਬੁਲਾਕੇ ਸਿੱਖ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਯੁਨੀਵਰਸਿਟੀ ਦੇ ਪ੍ਰਸਿੱਧ ਵਿਦਵਾਨ ਡਾ: ਜੋਧ ਸਿੰਘ ਵੀ ਸ਼ਾਮਿਲ ਹੋਏ ਸਨ । ਐਡਮਿੰਟਨ ਦੀ ਸਿਟੀ ਕੌਸਲ ਵੱਲੋਂ ਵੀ ਟਾਉਨ ਹਾਲ ਵਿਚ ਵਿਭਿੰਨ ਧਰਮਾਂ ਦੀ ਨੁਮਾਇਸ਼ ਲਗਾਈ ਗਈ ਜਿਸ ਵਿਚ ਗੁਰਦੁਆਰਾ ਕਮੇਟੀਆਂ ਵੱਲੋਂ ਅਸੀਂ ਸਿੱਖ ਧਰਮ ਸੰਬੰਧੀ ਪੋਸਟਰ ਛਪਾਕੇ ਲਗਾਏ ਤੇ ਕੁਝ ਸਿੱਖ ਧਾਰਮਿਕ ਚਿਨ੍ਹਾਂ ਤੇ ਹਰਿਮੰਦਰ ਸਾਹਿਬ ਦੇ ਮਾਡਲ ਪ੍ਰਦਰਸ਼ਿਤ ਕੀਤੇ ਸਨ ।

ਵੈਸਾਖੀ ਦੇ ਅਵਸਰ ਤੇ ਹਰ ਸਾਲ ਐਡਮਿੰਟਨ ਦੀਆਂ ਤਿੰਨ ਗੁਰਦੁਆਰਾ ਕਮੇਟੀਆਂ ਦੇ ਸਾਂਝੇ ਉਪਰਾਲੇ ਨਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ । ਵੈਸਾਖ ਦੇ ਮਹੀਨੇ ਠੰਡ ਹੋਣ ਕਾਰਨ ਇਹ ਨਗਰ ਕੀਰਤਨ ਮਈ ਦੇ ਦੂਜੇ ਤੀਜੇ ਹਫ਼ਤੇ ਕੱਢਿਆ ਜਾਂਦਾ ।ਹਰ ਸਾਲ ਇਹ ਨਗਰ ਕੀਰਤਨ ਵਾਰੀ ਵਾਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਤੇ ਗੁਰਦੁਆਰਾ ਮਿਲਵੁਡਜ਼ ਤੋਂ ਆਰੰਭ ਹੋਕੇ ਉਥੇ ਹੀ ਸਮਾਪਤ ਹੁੰਦਾ ਹੈ ।ਐਡਮਿੰਟਨ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਗੁਰਮਤਿ ਉਤੇ ਬੋਲਣ ਲਈ ਕਵਿਤਾਵਾਂ ਗੀਤ ਅਤੇ ਛੋਟੇ ਭਾਸ਼ਣ ਤਿਆਰ ਕਰਵਾਕੇ ਸ਼ਾਮਿਲ ਕੀਤਾ ਜਾਂਦਾ ਸੀ ਜਿਸ ਲਈ ਉਨ੍ਹਾ ਦਾ ਇਕ ਵੱਖਰਾ ਫ਼ਲੋਟ ਹੁੰਦਾ ਸੀ । ਨਗਰ ਕੀਰਤਨ ਵਿਚ ਸੰਗਤਾਂ

ਦਾ ਇਕੱਠ ਹੋਰ ਸਾਰੇ ਸਮਾਗਮਾਂ ਨਾਲੋਂ ਵੱਧ ਹੁੰਦਾ ਹੈ ।ਸੜਕ ਦੇ ਕਿਨਾਰੇ ਅਣਗਿਣਤ ਖਾਣ ਪੀਣ ਦੀਆਂ ਵਸਤੂਆਂ ਦੇ ਸਟਾਲ ਲਗਦੇ ਹਨ । ਇਸ ਸਮੇ ਕਾਰੋਬਾਰੀ ਅਦਾਰਿਆਂ ਨੂੰ ਵੀ ਆਪਣੀ ਨੁਮਾਇਸ਼ ਅਤੇ ਪ੍ਰਚਾਰ ਕਰਨ ਦਾ ਅਵਸਰ ਮਿਲ ਜਾਂਦਾ ਹੈ ਜਿਸਦਾ ਉਹ ਭਰਪੂਰ ਲਾਹਾ ਲੈਂਦੇ ਹਨ।ਇਤਨਾ ਉਦਮ ਤੇ ਦਿਖਾਵਾ ਕਰਨ ਤੇ ਵੀ ਕਿਧਰੇ ਦੂਜੀਆਂ ਕੌਮਾਂ ਨੂੰ ਸਿੱਖੀ ਦਾ ਸੁਨੇਹਾ ਦੇਣ ਦਾ ਉਪਰਾਲਾ ਘਟ ਹੀ ਵੇਖਣ ਵਿਚ ਆਇਆ । ਜਿਵੇਂ ਇਕ ਵੀ ਪੁਸਤਕਾਂ ਦਾ ਸਟਾਲ ਕਿਧਰੇ ਲਗਿਆ ਹੋਵੇ ਜਾਂ ਅੰਗ੍ਰੇਜ਼ੀ ਵਿਚ ਕੋਈ ਚੰਗਾ ਵਿਦਵਾਨ  ਲੈਕਚਰ ਦਿੰਦਾ ਹੋਵੇ ।ਰਾਗੀ ਢਾਡੀ ਜੱਥੇ ਗੁਰੂ ਜੱਸ ਕਰਦੇ ਸ਼ਾਮਿਲ ਹੁੰਦੇ ਹਨ ਪਰੰਤੂ ਅਨਮੱਤੀਆਂ ਨੂੰ ਉਨ੍ਹਾ ਦੇ ਕੀਰਤਨ ਪ੍ਰਚਾਰ ਦੀ ਕਿਤਨੀ ਕੁ ਸਮਝ ਪੈਂਦੀ ਹੈ ?

* * * * * * * * *

## ਨੀਊ ਯਾਰਕ ਦਾ ਗੁਰਮਤਿ ਟ੍ਰੇਨਿੰਗ ਕੈਂਪ

ਜੁਲਾਈ 2009 ਵਿਚ ਮੈਨੂੰ ਨੀਊ ਯਾਰਕ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸ਼ਾਖਾ ਵੱਲੋਂ ਲਗਾਏ ਗਏ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਸ਼ਾਮਿਲ ਹੋਣ ਦਾ ਅਵਸਰ ਮਿਲਿਆ ।ਉਥੇ ਬੰਬਈ ਤੋਂ ਆਕੇ ਵੱਸੇ ਸ੍ਰ: ਸਰਬਜੀਤ ਸਿੰਘ ਦਾ ਮੈਨੂੰ ਕੈਂਪ ਵਿਚ ਆਉਣ ਲਈ ਫ਼ੋਨ ਆਇਆ । ਸ਼ਾਇਦ ਉਨ੍ਹਾਂ ਨੂੰ ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਲੁਧਿਆਣਾ ਕੇਂਦਰ ਤੋਂ ਮੇਰੇ ਇੱਥੇ ਹੋਣ ਦਾ ਪਤਾ ਲਗਾ ਹੋਵੇ ।ਮੈਂ 4 ਜੁਲਾਈ ਦੀ ਸ਼ਾਮ ਨੂੰ ਨੇਵਾਰਕ ਹਵਾਈ ਅੱਡੇ ਤੇ ਉਤਰਿਆ । ਕਾਫ਼ੀ ਉਡੀਕ ਮਗਰੋਂ ਉਸ ਸਮੇ ਨੀਊਜਰਸੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਕਰਦੇ ਸ੍ਰ: ਸੁਰਜੀਤ ਸਿਘ ਮੈਨੂੰ ਲੈਣ ਆਏ । ਮੈਂ ਉਨ੍ਹਾ ਨੂੰ ਪਹਿਲਾਂ ਤੋਂ ਜਾਣਦਾ ਸਾਂ। ਉਹ ਗੁਰਮਤਿ ਗਿਆਨ ਸਿੱਖ ਮਿਸ਼ਨਰੀ ਕਾਲਜ ਜਵੱਦੀ ਕਲਾਂ ਲੁਧਿਆਣੇ ਤੋਂ ਪੜ੍ਹੇ ਸਨ । ਇਕ ਰਾਤ ਮੈਂ ਉਨ੍ਹਾ ਪਾਸ ਰਿਹਾ । ਅਗਲੀ ਸਵੇਰ ਸ੍ਰ: ਸਰਬਜੀਤ ਸਿੰਘ ਮੈਨੂੰ ਲੈਣ ਆ ਗਏ ।ਉਨ੍ਹਾ ਨਾਲ ਮੇਰਾ ਵੱਡਾ ਲੜਕਾ ਜਗਦੀਪ ਸਿੰਘ ਵੀ ਆਇਆ ਜੋ ਬੀ ਐਚ-1 ਵੀਜ਼ੇ ਤੇ ਉਥੇ ਅਇਆ ਹੋਇਆ ਸੀ । ਪਹਿਲਾਂ ਉਹ ਸਾਨੂੰ ਆਪਣੇ ਘਰ ਲੈ ਗਏ ਤੇ ਮਗਰੋਂ ਸ਼ਾਮੀ ਕੈਂਪ ਦੀ ਤਿਆਰੀ ਲਈ ਸੱਦੀ ਇਕ ਮੀਟਿੰਗ ਦੀ ਹਾਜ਼ਰੀ ਭਰੀ ਜਿਸ ਵਿਚ ਕੈਂਪ ਲਈ ਇਕੱਤਰ ਹੋਏ ਸਾਰੇ ਵਾਲੰਟੀਅਰਾਂ ਨਾਲ ਮੇਲ ਹੋਇਆ ।ਸ੍ਰ: ਸਰਬਜੀਤ ਸਿੰਘ ਨੇ ਆਪਣੇ ਇਕ ਗੁਰਸਿੱਖ ਮਿੱਤਰ ਸ੍ਰ: ਨਿਰਮਲ ਸਿੰਘ ਦੇ ਘਰ ਦੀ ਬੇਸਮੈਂਟ ਵਿਚ ਸਾਨੂੰ ਰਿਹਾਇਸ਼ ਦੁਆ ਦਿੱਤੀ ਜੋ ਕਵੀਨਜ਼ ਦੇ ਇਲਾਕੇ ਵਿਚ ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਦੇ ਨੇੜੇ ਸਥਿਤ ਹੈ ।

ਕੈਂਪ ਚਾਰ ਹਫ਼ਤਿਆਂ ਦਾ ਰੱਖਿਆ ਗਿਆ ਸੀ ਜੋ ਗੁਦੁਆਰਾ ਸਾਹਿਬ ਰਿਚਮੰਡ ਹਿੱਲ ਦੇ ਨੇੜੇ ਇਕ ਸਕੂਲ ਦੀ 3-4 ਮੰਜ਼ਲੀ ਇਮਾਰਤ ਵਿਚ ਹੋਇਆ । ਉਸ ਸਮੇ ਗੁਰਦੁਆਰਾ ਸਹਿਬ ਦੀ ਨਵੀਂ ਇਮਾਰਤ ਉਸਾਰੀ ਅਧੀਨ ਸੀ । ਗੁਰਦੁਆਰਾ ਸਾਹਿਬ ਨਾਲ ਵਾਲੀ ਥਾਂ ਤੇ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਜਿੱਥੇ ਰੋਜ਼ਾਂਨਾ ਸਵੇਰੇ  ਕੈਂਪ ਦੇ ਵਿਦਿਆਰਥੀਆਂ ਦਾ ਇਕੱਠ ਕੀਤਾ ਜਾਂਦਾ ਤੇ ਉਨ੍ਹਾ ਪਾਸੋਂ ਪਾਠ ਕੀਰਤਨ ਦੇ ਅਰਦਾਸ ਕਰਵਾਈ ਜਾਂਦੀ ।ਮਗਰੋਂ ਕੈਂਪ ਦੀਆਂ ਕਲਾਸਾਂ ਸਕੂਲ ਦੀ ਇਮਾਰਤ ਦੀ ਉਪਰਲੀ ਮੰਜ਼ਲ ਤੇ ਲਾਈਆਂ ਜਾਂਦੀਆਂ ।ਹਰ ਰੋਜ਼ ਦੁਪਹਿਰ ਤਕ ਇਹ ਕਲਾਸਾਂ ਚਲਦੀਆਂ ।ਕੈਂਪ ਵਿਚ ਲਗਭਗ ਦੋ ਸੌ ਵਿਦਿਆਰਥੀ ਸ਼ਾਮਿਲ  ਹੋਏ ਜੋ ਆਸ ਪਾਸ ਦੇ ਬਾਹਰਲੇ ਸ਼ਹਿਰਾਂ ਤੋਂ ਵੀ ਆਏ ਹੋਏ ਸਨ । ਉਨ੍ਹਾ ਨਾਲ ਪ੍ਰਵਾਰ ਦਾ ਵੀ ਕੋਈ ਨਿਗਰਾਨ ਵਿਅੱਕਤੀ ਆਇਆ ਹੋਇਆ ਸੀ ।

ਮੈਨੂੰ  ਇਕ ਵਡੇ ਤੇ ਇਕ ਛੋਟੇ  ਜੱਥੇ ਦੇ ਵਿਦਿਆਥੀਆਂ ਦੀ ਕਲਾਸ ਵਿਚ ਸਿੱਖ ਇਤਿਹਾਸ ਪੜ੍ਹਾਉਣ  ਦੀ ਸੇਵਾ ਮਿਲੀ । ਮੇਰੀ ਵੱਡੀ ਕਲਾਸ ਵਿਚ ਲਗਭਗ 15, 16 ਵਿਦਿਆਰਥੀ ਸਨ ਤੇ ਛੋਟੀ ਵਿਚ ਲਗਭਗ 20 । ਵੱਡੀ ਕਲਾਸ  ਵਿਚ ਕੁਝ ਖਰੂਦੀ ਮੁੰਡੇ ਵੀ ਸਨ ਜੋ ਚਲਦੀ ਕਲਾਸ ਵਿਚ ਆਪ ਹੁਦਰੀਆਂ ਆਵਾਜ਼ਾ ਕੱਢਣ ਲਗ ਜਾਂਦੇ।ਬੀਬੀਆਂ ਸਿਆਣੀਆਂ ਸਨ ਜੋ ਬੜੇ ਧਿਆਨ ਨਾਲ ਸੁਣਦੀਆਂ ਤੇ  ਸਮਝਣ ਦੀ ਕੋਸ਼ਿਸ਼ ਕਰਦੀਆਂ । ਕੈਂਪ ਵਿਚ ਸ਼ਾਮਿਲ ਹੋਏ ਪ੍ਰਵਾਰਾਂ ਵੱਲੋਂ  ਆਪਣੀ ਵਾਰੀ ਸਿਰ  ਦੁਪਹਿਰ ਦਾ ਲੰਗਰ ਤਿਆਰ ਕਰਕੇ ਸਕੂਲ ਦੇ ਹੇਠਲੇ ਹਾਲ ਵਿਚ ਵਰਤਾਇਆ ਜਾਂਦਾ ।ਦੋਪਹਿਰ ਬਾਅਦ ਸਕੂਲ ਦੇ ਧਰਾਤਲ ਤੇ ਸਥਿਤ ਜਿੰਮ

ਵਿਚ  ਖੇਡਾਂ ਕਰਵਾਈਆ ਜਾਂਦੀਆਂ । ਇਸੇ ਥਾਂ ਤੇ ਕੁਝ ਗੁਰਮਤਿ ਵਿਸ਼ਿਆ ਬਾਰੇ ਪਾਵਰ ਪੁਆਇੰਟ ਪ੍ਰਦਰਸ਼ਨ ਤੇ ਸਿੱਖੀ ਇਤਿਹਾਸਕ ਫ਼ਿਲਮਾਂ ਵੀ ਵਿਖਾਈਆਂ ਜਾਂਦੀਆਂ । ਮੈਨੂੰ ਇਕ ਵਾਰੀ ਸਿੱਖ ਅਰਦਾਸ ਲਈ ਬਣਾਈ  ਗਈ ਪਾਵਰ ਪੁਆਇੰਟ ਦਿਖਾਉਣ ਦੀ ਸੇਵਾ ਦਿੱਤੀ ਗਈ ।

ਜਗਦੀਪ ਸਿੰਘ ਵੀ ਇਨ੍ਹਾ ਕਲਾਸਾਂ ਵਿਚ ਪੜ੍ਹਾਂਦਾ ਰਿਹਾ । ਪਿਛੇ ਧਨਬਾਦ ਵਿਖੇ ਕਈ ਕੈਂਪਾਂ ਤੇ ਗੁਰਮਤਿ ਕਲਾਸਾਂ ਦੀ ਹਾਜ਼ਰੀ ਭਰਨ ਕਰਕੇ ਉਸਨੂੰ ਇਸ ਕੰਮ ਵਿਚ ਕੋਈ ਔਕੜ ਨਹੀਂ ਹੋਈ ।ਵਿਚ ਵਿਚ ਕਦੇ ਅਸੀਂ ਸ੍ਰ: ਸਰਬਜੀਤ ਸਿੰਘ ਹੁਰਾਂ ਦੇ ਘਰ ਵੀ ਚਲੇ ਜਾਂਦੇ ਜੋ ਬੜੇ ਪਿਆਰ ਸਤਿਕਾਰ ਨਾਲ ਸਾਡੀ ਲੰਗਰ ਪਾਣੀ ਨਾਲ ਸੇਵਾ ਕਰਦੇ ਸਨ ।ਉਨ੍ਹਾਂ ਦੇ ਬਜ਼ੁਰਗ ਪਿਤਾ ਜੀ ਵੀ ਬੜੀ ਸੁਹਿਰਦਤਾ ਨਾਲ ਸਾਡੇ ਨਾਲ ਗਲਬਾਤ ਕਰਦੇ ਤੇ ਲੰਗਰ ਲਈ ਆਉਂਦੇ ਰਹਿਣ ਨੂੰ ਪ੍ਰੇਰਦੇ ਰਹਿੰਦੇ ।

ਪੰਜਾਬ ਤੋਂ ਆਈ ਇਕ ਗਤਕਾ ਪਾਰਟੀ ਵੀ ਕੈਂਪ ਵਿਚ ਸ਼ਾਮਿਲ ਕੀਤੀ ਗਈ ਸੀ । ਉਹ ਆਪਣੇ ਕਰਤਬ ਵਿਖਾਉਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਗਤਕਾ ਵੀ ਸਿਖਾਉਂਦੇ ਸਨ ।ਇਕ ਦਿਨ ਸਵੇਰੇ ਸਵੇਰੇ ਨਗਰ ਕੀਰਤਨ ਕੱਢਣ ਦਾ ਪ੍ਰੋਗਰਾਮ ਵੀ ਕੀਤਾ ਗਿਆ ।ਇਕ ਦਿਨ ਗੁਦੁਆਰਾ ਸਾਹਿਬ ਰਿਚਮੰਡ ਹਿੱਲ ਤੋਂ ਗੁਰਦੁਆਰਾ ਸਾਹਿਬ ਮੱਖਣ ਸ਼ਾਹ ਲੁਬਾਣਾ ਤਕ ਇਹ ਨਗਰ ਕੀਰਤਨ ਕੱਢਿਆ ਗਿਆ ।ਕੈਂਪ ਦੇ ਸਮਾਪਨ ਦੀਵਾਨ ਵਿਚ ਵਿਦਿਆਰਥੀਆਂ ਨੇ ਅਧਿਆਪਕਾਂ ਦੁਆਰਾ ਤਿਆਰ ਕਰਵਾਏ ਸਟੇਜੀ ਪ੍ਰੋਗਰਾਮ ਪੇਸ਼ ਕੀਤੇ ਗਏ ।ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ ਅਤੇ ਅਧਿਆਪਕਾਂ ਤੇ ਹੋਰ ਪ੍ਰਬੰਧਕ ਸੇਵਕਾਂ ਨੂੰ ਮਾਣ-ਪੱਤਰ ਦਿੱਤੇ ਗਏ । ਇਸ ਕੈਂਪ ਵਿਚ ਕਈ ਗੁਰਦੁਆਰਿਆਂ ਨੇ ਸਹਿਯੋਗ ਕੀਤਾ ਤੇ ਆਖ਼ਰੀ ਸਮਾਗਮ ਵਿਚ ਸਾਰੇ ਸਹਿਯੋਗੀਆਂ ਦੀ ਫ਼ੋਟੋ ਖਿੱਚੀ ਗਈ ਜੋ ਯਾਦਗਾਰ ਵੱਜੋਂ ਮੇਰੇ ਪਾਸ ਸੰਭਾਲੀ ਪਈ ਹੈ ।ਕੈਂਪ ਵਿਚ ਸੂਝਵਾਨ ਪ੍ਰਬੰਧਕਾਂ ਤੇ ਮਾਪਿਆਂ ਨੇ ਚੰਗਾਂ ਸਹਿਯੋਗ ਕੀਤਾ ਜਿਸ ਕਰਕੇ ਇਹ ਕੈਂਪ ਚੰਗੀਆਂ ਯਾਦਾਂ ਛੱਡ ਗਿਆ ।

ਕੈਂਪ ਦੇ ਪਿੰਸੀਪਲ ਸੰਤ ਰਣਧੀਰ ਸਿੰਘ ਕੀਰਤਨੀ ਜੱਥੇ ਨਾਲ ਸੰਬੰਧਤ ਸਨ । ਉਨ੍ਹਾ ਦਾ ਛੇ ਸੱਤ ਸਾਲ ਦਾ ਪੋਤਰਾ ਉਸਦੀ ਮਾਤਾ ਨੇ ਸਿੱਖੀ ਵਿਚ ਚੰਗਾ ਪ੍ਰਪੱਕ ਕੀਤਾ  ਹੋਇਆ ਸੀ । ਉਹ ਨਿਤਨੇਮ ਕਰ ਲੈਂਦਾ ਤੇ ਸ੍ਰੀ ਗੁਰੂ ਗ੍ਰੰਥ ਸਹਿਬ ਦਾ ਹੁਕਮਨਾਮਾ ਵੀ ਲੈ ਲੈਂਦਾ ਸੀ ।  ਸਾਨੂੰ ਆਪਣੇ ਘਰ ਟਿਕਾਣਾ ਦੇਣ ਵਾਲੇ ਸ੍ਰ: ਨਿਰਮਲ ਸਿੰਘ ਚੰਗੇ ਨੇਮੀ ਪ੍ਰੇਮੀ ਸਿੱਖ ਸਨ । ਉਨ੍ਹਾ ਇਕ ਦਿਨ ਅੰਮ੍ਰਿਤ ਵੇਲੇ ਆਪਣੇ ਘਰ ਕੀਤੇ ਸਤਿਸੰਗ ਵਿਚ ਸਾਨੂੰ ਵੀ ਬੁਲਾਇਆ । ਇਸ ਸਮੇ ਉਨ੍ਹਾ ਦੀ ਆਪਣੀ ਬੇਟੀ ਨੇ ਕੀਰਤਨ ਕੀਤਾ ।ਇਨ੍ਹਾ ਪੱਛਮੀ ਦੇਸ਼ਾਂ ਵਿਚ ਵੀ ਕਈ ਪ੍ਰਵਾਰਾਂ ਨੇ ਆਪਣੀ ਗੁਰਸਿੱਖੀ ਵਿਰਾਸਤ ਨੂੰ ਸੰਭਾਲਿਆ ਹੋਇਆ ਹੈ ਜਿਸ ਪਾਸੋਂ ਹੋਰ ਗੁਰਸਿੱਖ ਵੀ ਪ੍ਰੇਰਨਾ ਲੈ ਸਕਦੇ ਹਨ ।ਇਸੇ ਤਰਾਂ ਐਡਮਿੰਟਨ ਖਾਲਸਾ ਸਕੂਲ ਵਿਚ ਪੜ੍ਹਾਉਂਦਿਆਂ  ਮੈਨੂੰ ਕੁਝ ਹੋਰ ਗੁਰਸਿੱਖ ਪ੍ਰਵਾਰਾਂ ਦੇ ਦਰਸ਼ਨ ਹੋਏ ।ਪਰੰਤੂ ਬਹੁਤੇ  ਸਿੱਖ ਪ੍ਰਵਾਰ ਤਾਂ ਇਧਰ ਦੇ ਪੱਛਮੀ ਰਹਿਣ ਸਹਿਣ ਵਿਚ ਡੂੰਘੇ ਖਚਿਤ ਹੋਏ ਹੋਏ ਹਨ। ਉਹ  ਬੋਲਣ, ਖਾਣ ਪਾਣ ਤੇ ਵਰਤੋਂ ਵਿਹਾਰ ਵਿਚ ਗੋਰਿਆਂ ਵਾਂਗ ਹੀ  ਵਿਚਰਦੇ ਹਨ । ਕਈਆਂ ਨੇ ਆਪਣੇ ਸੰਖੇਪ ਨਾਮ ਵੀ ਗੋਰਿਆਂ ਦੀ ਤਰਜ਼ ਤੇ ਬਦਲ ਹੋਏ ਹਨ । ਹੋਰ ਤਾਂ ਹੋਰ ਘਰਾਂ ਦੇ ਬਜ਼ੁਰਗ ਵੀ ਇਸ ਵਹਿਣ ਵਿਚ ਵਹਿ ਰਹੇ ਹਨ ।ਸਕੂਲਾਂ ਤੇ ਕਈ ਗੁਰਦੁਆਰਿਆਂ ਵਿਚ ਵੀ  ਇਸਾਈਆ ਦੇ ਪੱਛਮੀ ਪੁਰਬ ਤਿਉਹਾਰ ਮਨਾਏ ਜਾਂਦੇ ਵੇਖੇ ਹਨ । ਇਕ ਗੁਰਦੁਆਰਾ ਸਾਹਿਬ ਵਿਚ ਕ੍ਰਿਸਮਿਸ ਦੇ ਮੌਕੇ ਤੇ ਕ੍ਰਿਸਮਿਸ ਟ੍ਰੀ ਲਗਾਇਆ ਗਿਆ ਸੀ । ਇਕ ਵਾਰੀ ਮੈਨੂੰ ਗਰਦੁਆਰੇ ਵਿਚ ਮੱਦਰ ਡੇ ਮਨਾਉਣ ਦੇ ਸਮਾਗਮ ਵਚ ਸ਼ਾਮਿਲ  ਹੋਣ ਦਾ  ਅਵਸਰ ਮਿਲਿਆ ।

ਪ੍ਰੰਤੂੰ ਵਿਚ ਵਿਚ ਕੋਈ ਹਰਿਆ ਬੂਟ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ ।ਐਡਮਿੰਟਨ ਖਾਲਸਾ ਸਕੂਲ ਦੀ ਇਕ ਪ੍ਰਾਈਮਰੀ ਕਲਾਸ ਵਿਚ ਇਕ ਬੱਚਾ ਹਾਕਮ ਸਿੰਘ ਪੜ੍ਹਦਾ ਸੀ । ਹੈਲੋਵਿਨ ਦੇ ਮੌਕੇ ਤੇ ਹੋਰ ਸਾਰੇ ਵਿਦਿਆਰਥੀ ਭੂਤਾਂ ਪ੍ਰੇਤਾਂ ਤੇ ਜਾਨਵਰਾਂ ਦਾ  ਵੇਸ ਧਾਰਕੇ ਆਉਂਦੇ ਹਨ । ਪ੍ਰੰਤੂ ਹਾਕਮ ਸਿੰਘ ਦਾ ਪ੍ਰਵਾਰ ਉਸਨੂੰ ਸਿੱਖੀ ਬਾਣੇ ਅਤੇ ਸੋਹਣੀ ਖੰਡੇ ਵਾਲੀ ਕੇਸਰੀ ਦਸਤਾਰ ਸਜਾ ਕੇ ਭੇਜਦਾ । ਇਸਤਰ੍ਹਾਂ ਪੱਛਮੀ ਸਭਿਆਚਾਰ ਵਿਚ ਵੀ ਸਿੱਖੀ ਦਾ ਸੁਹਾਵਾ ਸਿਦਕੀ ਰੰਗ ਘੋਲਿਆ ਜਾ ਸਕਦਾ ਹੈ । ਪ੍ਰੰਤੂ ਇਸ ਲਈ ਹਿਰਦੇ ਵਿਚ ਗੁਰੂ ਦੀ ਭੈ ਭਾਵਨੀ ਦਾ ਹੋਣਾ ਜ਼ਰੂਰੀ  ਹੈ । ਇਹ ਸੁਣ ਕੇ ਮਨ ਤੇ ਗਹਿਰੀ ਸੱਟ ਵੱਜਦੀ ਹੈ ਕਿ ਸਿੱਖੀ ਦੇ ਹੋਮਲੈਂਡ ਪੰਜਾਬ ਦੇ ਕਈ ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੰਜਾਬੀ ਵਿਚ ਗਲ ਕਰਨਾ ਮਨ੍ਹਾ ਕੀਤਾ ਜਾਂਦਾ ਹੈ ।

ਸੰਨ 2007 ਵਿਚ ਮੇਰੇ ਖੱਬੇ ਗੋਡੇ ਦੀ ਸਰਜਰੀ ਹੋਈ ਜਿਸ ਲਈ ਕੁਝ ਦਿਨਾ ਦੀ ਸਕੂਲੋਂ ਛੁੱਟੀ ਲਈ ।ਛੇਤੀ ਹੀ ਮੈਂ ਚਲਣ ਫ਼ਿਰਨ ਦੇ ਯੋਗ ਹੋ ਗਿਆ ਤੇ ਫ਼ਿਰ ਸਕੂਲ ਵਿਚ ਪੜ੍ਹਾਉਣ ਲੱਗਾ । ਪਰੰਤੂ ਹੁਣ ਪ੍ਰਬੰਧਕ ਮੈਨੂੰ ਰਿਟਾਇਰ ਹੋਣ ਲਈ ਪ੍ਰੇਰਨ ਲਗ ਪਏ । ਉਨ੍ਹਾ ਪੰਜਾਬ ਤੋਂ ਆਈ ਇਕ ਖਾਲਸਾ ਸਕੂਲ ਦੀ ਪ੍ਰਿੰਸੀਪਲ ਨੂੰ ਮੇਰੀ ਥਾਂ ਤੇ ਨਿਯੁੱਕਤ ਕਰ ਦਿੱਤਾ ।ਸਕੂਲ ਦੀਆਂ ਪ੍ਰਿੰਸੀਪਲ ਬੀਬੀਆਂ ਮੇਰੇ ਕੰਮ ਤੋਂ ਪ੍ਰਸੰਨ ਸਨ ਤੇ ਉਨ੍ਹਾ ਦੀ ਮੇਰੇ ਨਾਲ ਹਮਦਰਦੀ ਸੀ । ਉਨ੍ਹਾ ਦੇ ਜ਼ੋਰ ਦੇਣ ਤੇ ਮੈਨੂੰ ਦੋ ਸਾਲ ਹੋਰ ਪੜ੍ਹਾਉਣ ਦਾ ਮੌਕਾ ਮਿਲ ਗਿਆ ਪ੍ਰੰਤੂ ਮੈਨੇਜਮੈਂਟ ਨੇ ਮੇਰੀ ਰਿਹਾਇਸ਼ ਦਾ ਭਾੜਾ ਦੇਣਾ ਬੰਦ ਕਰ ਦਿੱਤਾ ਤੇ ਮੇਰੀ ਮਾਸਿਕ ਤਨਖਾਹ ਵੀ ਘਟਾ ਦਿੱਤੀ । ਹੋਰ ਕੋਈ ਕਮਾਈ ਦਾ ਵਸੀਲਾ ਨਾ ਹੋਣ ਕਾਰਨ ਮੈ ਇਸੇ ਹਾਲਾਤ ਵਿਚ ਹੀ ਪੜ੍ਹਾਂਦਾ ਰਿਹਾ । ਹੁਣ ਸਕੂਲ ਦੀਆਂ ਕਲਾਸਾਂ ਵੀ ਵੱਧ ਗਈਆਂ ਸਨ ਤੇ ਕਈ ਕਲਾਸਾਂ ਦੇ ਦੋ ਦੋ ਸੈਕਸ਼ਨ ਬਣ ਗਏ ਸਨ ।ਆਪਸ ਵਿਚ ਦੂਜੀ ਟੀਚਰ ਨਾਲ ਕਲਾਸਾਂ ਵੰਡ ਕੇ ਮੈਂ ਦੋ ਸਾਲ ਪੜ੍ਹਾਇਆ । ਇਸ ਦੌਰਾਨ ਮੇਰੇ ਲੜਕੇ ਨੇ ਬੈਂਕ ਤੋਂ ਮੋਰਟਗੇਜ ਲੈਕੇ ਮਕਾਨ ਲੈ ਲਿਆ ਤੇ ਅਸੀਂ 2009 ਵਿਚ ਕਿਰਾਏ ਦਾ ਮਕਾਨ ਛੱਡ ਦਿੱਤਾ ।

* * * * * * * * *

## ਮੁੜ ਕੈਲਗਰੀ

ਮੇਰੀ ਐਡਮਿੰਟਨ ਖਾਲਸਾ ਸਕੂਲ ਦੀ ਰਿਟਾਇਰਮੈਂਟ ਮਗਰੋਂ ਅਸੀਂ ਕੁਝ ਮਹੀਨਿਆਂ ਲਈ ਸੰਨ 2010 ਦੇ ਆਖੀਰ ਵਿਚ ਦੇਸ ਚਲੇ ਗਏ । ਵਾਪਸ ਆਉਣ ਤੇ ਕੈਲਗਰੀ ਸਿੱਖ ਸੋਸਾਇਟੀ ਦੇ ਪ੍ਰਧਾਨ ਨੇ ਮੈਨੂੰ ਫ਼ਿਰ ਉਥੇ ਆਕੇ ਪੰਜਾਬੀ ਦੀਆਂ ਕਲਾਸਾਂ ਚਲਾਉਣ ਲਈ ਆਖਿਆ । ਉਨ੍ਹਾ ਮੇਰੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਚ ਕਰ ਦਿੱਤਾ ਤੇ ਮੈਨੂੰ ਖਰਚੇ ਲਈ ਵੀ ਕੁਝ ਮਾਸਿਕ ਸੇਵਾ ਭੱਤਾ ਦੇਣਾ ਮੰਨ ਲਿਆ । ਹੁਣ ਓਲਡ ਏਜ ਸਿਕੁਇਰਟੀ ਵਜੋਂ ਵੀ ਕੁਝ ਰਕਮ ਮਿਲਣ ਲੱਗੀ । ਮੈਂ ਅਪ੍ਰੈਲ 2011 ਵਿਚ ਦੋਬਾਰਾ ਕੈਲਗਰੀ ਸਿੱਖ ਸੋਸਾਇਟੀ ਦੁਆਰਾ ਚਲਾਏ ਜਾ ਰਹੇ ਗੁਰੂ ਨਾਨਕ ਪੰਜਾਬੀ ਸਕੂਲ ਵਿਚ ਪੰਜਾਬੀ ਪੜ੍ਹਾਉਣ ਲੱਗਾ ।ਇਸ ਵਿਚ ਮੇਰੇ ਕਈ ਪੁਰਾਣੇ ਮਿੱਤਰਾਂ ਨੇ ਭਰਵਾਂ ਸਹਿਯੋਗ ਕੀਤਾ ਜਿਨ੍ਹਾ ਨਾਲ ਰਲਕੇ ਅਸੀਂ ਪਹਿਲਾਂ ਪੰਜਾਬੀ ਕਲਾਸਾਂ ਪੜ੍ਹਾਂਉਦੇ ਸਾਂ ।

ਗੁਰੂ ਨਾਨਕ ਪੰਜਾਬੀ ਸਕੂਲ ਵਿਚ ਪਹਿਲਾਂ ਹਰੇਕ ਸ਼ੁੱਕਰਵਾਰ ਨੂੰ ਪੰਜਾਬੀ ਕਲਾਸਾਂ ਲਗਦੀਆਂ ਸਨ ਪ੍ਰੰਤੂ ਹੁਣ ਪੁਰਾਣੇ ਸਾਰੇ ਟੀਚਰ ਹੱਟ ਗਏ ਸਨ ।ਪਹਿਲਾਂ ਪੜ੍ਹਾਉਂਦੀ ਇਕ ਪੰਜਾਬ ਤੋਂ ਬੀਐਡ ਦੀ ਡਿਗਰੀ ਲੈਕੇ ਆਈ ਬੀਬੀ ਨੇ ਦੱਸਿਆ ਕਿ ਹੁਣ ਇਥੇ ਅੰਗ੍ਰੇਜ਼ੀ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ । ਮੈ ਵੀ ਦੇਖਿਆ ਕਿ ਵਾਲੰਟੀਅਰ ਵੱਜੋਂ ਪੜ੍ਹਾਉਣ ਵਾਲੇ ਕਈ ਮੁੰਡਿਆਂ ਕੁੜੀਆਂ ਨੂੰ ਆਪ ਵੀ ਸਹੀ ਤਰ੍ਹਾਂ ਪੰਜਾਬੀ ਬੋਲਣੀ ਤੇ ਪੜ੍ਹਨੀ ਨਹੀਂ ਸੀ ਆਉਂਦੀ ਤਾਂ ਪੜ੍ਹਨ ਵਾਲਿਆਂ ਨੂੰ ਕਿਥੋਂ ਆਂਉਣੀ ਸੀ । ਇੰਚਾਰਜ ਕੁਝ ਬੀਬੀਆਂ ਨੇ ਮੈਨੂੰ ਦੱਸਿਆ ਕਿ ਪੰਜਾਬੀ ਬੋਲਣ ਦਾ ਘਰੇਲੂ ਤੇ ਸਕੂਲੀ ਵਾਤਾਵਰਨ ਨਾਹ ਮਿਲਣ ਕਾਰਨ ਇਥੋਂ ਦੇ ਬਚਿਆਂ ਲਈ ਗਰਮੁਖੀ ਸਿੱਖਣੀ, ਪੰਜਾਬੀ ਬੋਲਣੀ ਤੇ ਪੜ੍ਹਨੀ ਮੁਸ਼ਕਲ ਹੈ। ਪਰੰਤੂ ਆਪਣੇ ਪਿਛਲੇ ਕਈ ਸਾਲਾਂ ਦੇ ਅਨੁਭਵ ਨਾਲ ਮੈਨੂੰ ਇਹ ਗਲ ਸਹੀ ਨਹੀਂ ਲੱਗੀ ।ਪਿਛਲੀਆਂ ਕੈਲਗਰੀ ਅਤੇ ਐਡਮਿੰਟਨ ਖਾਲਸਾ ਸਕੂਲ ਦੀਆਂ ਕਲਾਸਾਂ ਦੇ ਮੇਰੇ ਵਿਦਿਆਰਥੀ ਚੰਗੀ ਤਰ੍ਹਾ ਪੰਜਾਬੀ ਸਿੱਖ ਗਏ ਸਨ।ਪਰ ਇਥੇ ਦੂਜੀ ਤੀਜੀ ਕਲਾਸ ਵਿਚ ਪੜ੍ਹਦੇ ਵਿਦਿਆਰਥੀ ਅਜੇ ਪੂਰੀ ਪੈਂਤੀ ਅੱਖਰੀ ਵੀ ਨਹੀਂ ਸੀ ਜਾਣਦੇ ।ਕਿਸੇ ਨੂੰ ਕੁਝ ਕਹਿਣ ਸੁਣਨ ਦੀ ਬਜਾਏ ਮੈ ਆਪਣਾ ਕੰਮ ਜਾਰੀ ਰੱਖਿਆ ਅਤੇ ਸ਼ੁੱਰਕਰਵਾਰ ਦੇ ਨਾਲ ਐਤਵਾਰ ਨੂੰ ਵੀ ਪੰਜਾਬੀ ਕਲਾਸਾਂ ਸ਼ੁਰੂ ਕਰ ਦਿੱਤੀਆਂ ।ਕੁਝ ਪੁਰਾਣੇ ਸਾਥੀ ਵੀ ਦੁਬਾਰਾ ਨਾਲ ਸ਼ਾਮਿਲ ਹੋ ਗਏ । ਮੈਨੇਜਮੈਂਟ ਦੇ ਪ੍ਰਧਾਨ ਨੇ ਮੇਰਾ ਪੂਰਾ ਸਾਥ ਦਿੱਤਾ ।ਕਲਾਸਾਂ ਦੇ ਨਾਲ ਅਸੀਂ ਗਰਮੀ ਦੀਆਂ ਛੁੱਟੀਆਂ ਵਿਚ ਗੁਰਮਤਿ ਕੈਂਪ ਲਗਾਉਣੇ ਵੀ ਸ਼ੁਰੂ ਕਰ ਦਿੱਤੇ ।

ਹੁਣ ਭਾਵੇਂ ਪੜ੍ਹਾਉਣ ਵਿਚ ਸਹਿਯੋਗ ਕਰਨ ਵਾਲੇ ਸਾਰੇ ਟੀਚਰ ਜਿਨ੍ਹਾ ਵਿਚ ਬਹੁਤੀਆਂ ਬੀਬੀਆਂ ਸਨ ਪੂਰੀ ਤਰ੍ਹਾਂ ਸਿਖਿਅਤ ਨਹੀਂ ਸਨ ਪਰ ਫ਼ਿਰ ਵੀ ਉਨ੍ਹਾ ਮੇਰੇ ਦੁਆਰਾ ਨਿਰਧਾਰਤ ਪਾਠਕ੍ਰਮ ਅਪਨਾਉਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਵਿਦਿਆਰਥੀ ਸਹੀ ਅਰਥਾਂ ਵਿਚ ਪੰਜਾਬੀ ਸਿੱਖਣ ਲਗ ਪਏ ।ਦੋ ਕੁਝ ਸਾਲਾ ਦੀ ਪੜ੍ਹਾਈ ਮਗਰੋਂ ਕਈ ਵਿਦਿਆਰਥੀ ਚੰਗੀ ਤਰ੍ਹਾਂ ਸ਼ੁਧ ਬੋਲਣ ਪੜ੍ਹਨ

ਤੇ ਲਿੱਖਣ ਲਗ ਪਏ ।ਆਉਣ ਜਾਣ ਲਈ ਮਾਪਿਆ ਉਤੇ ਆਧਾਰਤ ਹੋਣ ਕਾਰਨ ਕਈ ਵਿਦਿਆਰਥੀਆਂ ਦੀ ਹਾਜ਼ਰੀ ਵੀ ਘਟਦੀ ਵੱਧਦੀ ਰਹਿੰਦੀ ਸੀ । ਇਸਤੋਂ ਇਲਾਵਾ ਸਰਦੀਆਂ ਵਿਚ ਵੀ ਕਈ ਵਾਰ ਠੰਡ ਤੇ ਬਰਫ਼ਬਾਰੀ ਵੱਧ ਜਾਣ ਕਾਰਨ ਕਲਾਸਾਂ ਬੰਦ ਕਰਨੀਆਂ ਪੈਂਦੀਆਂ । ਇਹ ਵੀ ਅਨੁਭਵ ਹੋਇਆ ਕਿ ਬਹੁਤੇ ਮਾਪੇ ਆਪਣੇ ਬੱਚਿਆਂ ਦੀ ਬਾਕਾਇਦਾ ਹਾਜ਼ਰੀ ਤੇ ਪੜ੍ਹਾਈ ਪ੍ਰਤੀ ਸੰਜੀਦਾ ਨਹੀਂ ਰਹਿੰਦੇ ਸਨ ।ਉਹ ਲੰਗਰ ਦੀ ਸੇਵਾ ਵਿਚ ਤਾਂ ਬੜੀ ਦਿਲਚਸਪੀ ਲੈਂਦੇ ਪਰ ਇਸ ਗਲ ਵੱਲੋਂ ਬੇਪਰਵਾਰ ਹੁੰਦੇ ਕਿ ਉਨ੍ਹਾ ਦੇ ਬੱਚੇ ਬਾਕਾਇਦਾ ਕਲਾਸਾਂ ਦੀ ਹਾਜ਼ਰੀ ਭਰਦੇ ਹਨ ਤੇ ਕੁਝ ਸਿੱਖਦੇ ਵੀ ਹਨ ਕਿ ਨਹੀਂ ।ਕਈ ਪਰਵਾਰਾਂ ਦੇ ਬੱਚੇ ਬਾਹਰ ਖੇਡਦੇ ਰਹਿੰਦੇ । ਇਥੇ ਅਧਿਆਪਕ ਵਿਦਿਆਰਥੀਆਂ ਨੂੰ ਨਾ ਸਿੱਖਣ ਤੇ ਕਲਾਸ ਵਿਚ ਆਪ ਹੁਦਰੀਆਂ ਕਰਨ ਲਈ ਕੋਈ ਸਰੀਰਕ ਸਜ਼ਾ ਵੀ ਨਹੀ ਦੇ ਸਕਦੇ। ਕਈ ਵਾਰੀ ਤਾਂ ਉਨ੍ਹਾ ਨੂੰ ਝੰਬਣ ਝਿੜਕਣ ਤੇ ਵੀ ਕੁਝ ਮਾਪੇ ਗੁੱਸਾ ਕਰ ਜਾਂਦੇ ਸਨ।

ਇਸਦੇ ਵਿਪਰੀਤ ਜਿਨ੍ਹਾਂ ਬੱਚਿਆ ਦੇ ਮਾਪੇ ਪੰਜਾਬੀ ਦੀ ਪੜ੍ਹਾਈ ਲਈ ਸੰਜੀਦਾ ਹੁੰਦੇ ਹਨ ਉਹ ਵਿਦਿਆਰਥੀ ਚੰਗੀ ਤਰ੍ਹਾ ਪੜ੍ਹ ਲਿਖ ਲੈਂਦੇ ਹਨ। ਤਿੰਨ ਕੁ ਸਾਲ ਲਗਾਤਰ ਕਲਾਸਾਂ ਕਰਨ ਮਗਰੋਂ ਕੁਝ ਬੱਚੇ ਤਾਂ ਪੰਜ ਗ੍ਰੰਥੀ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਵੀ ਸਿੱਖ ਗਏ । ਅੱਗੇ ਜਾਕੇ ਸਕੂਲ ਵਿਚ ਲਗਾਤਾਰ ਪੜ੍ਹ ਰਹੀਆਂ ਕੁਝ ਬੀਬੀਆਂ ਛੋਟੀਆਂ ਕਲਾਸਾਂ ਨੂੰ ਪੜ੍ਹਾਉਣ ਵੀ ਲਗ ਪਈਆਂ।ਜੇਕਰ ਮਾਪੇ ਅਤੇ ਪ੍ਰਬੰਧਕ ਕਮੇਟੀ ਧਿਆਨ ਰਖਦੀ ਰਹੀ ਤਾਂ ਇਹ ਪੰਜਾਬੀ ਸਕੂਲ ਆਪਣੇ ਨਿਜੀ ਵਸੀਲਿਆਂ ਨਾਲ ਹੀ ਚਲਦਾ ਰਹੇਗਾ ।ਇਸ ਗਲ ਦਾ ਮੈਨੂੰ ਭਾਰਤ ਵਿਚ ਕੀਤੇ ਕੰਮ ਤੋਂ ਵੀ ਅਨੁਭਵ ਹੋਇਆ ਕਿ ਉਥੇ ਸ਼ੁਰੂ ਕੀਤੀਆਂ ਪੰਜਾਬੀ ਤੇ ਗੁਰਮਤਿ ਕਲਾਸਾਂ ਤੇ ਕੈਂਪ ਪਹਿਲਾਂ ਸਿੱਖੇ ਨੌਜਵਾਨ ਹੁਣ ਵੀਹ ਸਾਲ ਲੰਘਣ ਮਗਰੋਂ ਵੀ ਸਫ਼ਲਤਾ ਸਹਿਤ ਚਲਾਈ ਜਾ ਰਹੇ ਹਨ ਜਿਸਦੀ ਕਈ ਥਾਵਾਂ ਤੋਂ ਸੂਚਨਾ ਮਿਲਦੀ ਰਹਿੰਦੀ ਹੈ ।

## ਨੌਜਵਾਨ ਸਿੱਖ ਪੀੜੀ ਦਾ ਭਵਿੱਖ

ਆਪਣੀ ਬੋਲੀ ਤੇ ਵਿਰਸਾ ਸੰਭਾਲਣ ਲਈ ਅਸੀਂ ਸਿੱਖ ਤੇ ਪੰਜਾਬੀ ਲੋਕ ਬਹੁਤੇ ਸੰਜੀਦਾ ਨਹੀ ਹਾਂ ।ਗੁਰਦੁਆਰਾ ਸਾਹਿਬ ਹੀ ਸਾਡੇ ਸਿੱਖਾਂ ਦੇ ਧਾਰਮਕ, ਸਮਾਜਕ ਤੇ ਸਭਿਆਚਾਰਕ ਮੇਲ ਜੋਲ ਦਾ ਕੇਂਦਰ ਹੈ । ਇਥੇ ਹਰ ਪੱਖੋਂ ਆਪਣੇ ਸ਼ਾਨਦਾਰ ਵਿਰਸੇ ਦੀ ਸੰਭਾਲ ਕਰਨ ਦੇ ਉਪਰਾਲੇ ਹੋਣੇ ਚਾਹਦੇ ਹਨ। ਪਰੰਤੂ ਰੋਜ਼ਾਨਾ ਦੀ ਧਾਰਮਿਕ ਮਰਿਆਦਾ.ਪਾਠ,ਕੀਰਤਨ,ਕਥਾ ਅਤੇ ਗੁਰੂ ਕਾ ਲੰਗਰ ਚਲਾਉਣ, ਗਰਪੁਰਬ ਮਨਾਉਣ, ਤੇ ਨਗਰ ਕੀਰਤਨਾਂ ਤੇ ਗੋਲਕ ਦੀ ਸਮੁੱਚੀ ਮਾਇਆ ਖ਼ਰਚ ਹੋ ਰਹੀ ਹੈ ।ਗੁਰਦੁਆਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਵਿਚ ਦਿਨ ਪ੍ਰਤਿਦਿਨ ਵਾਧਾ ਹੋ ਰਿਹਾ ਹੈ ਪ੍ਰੰਤੂ ਸਿੱਖ ਸਮਾਜ ਗੁਰਬਾਣੀ ਤੇ ਗੁਰੂ ਮਹਾਰਾਜ ਦੀ ਦੱਸੀ ਰਹਿਣੀ ਵਲੋਂ ਅਵੇਸਲਾ ਹੀ ਨਜ਼ਰ ਆਉਂਦਾ ਹੈ । ਗੁਰਬਾਣੀ ਵਿਚ ਜਿਨ੍ਹਾ ਗੁਣਾ ਨੂੰ ਗ੍ਰਹਿਣ ਕਰਨ ਤੇ ਅਉਗੁਣਾ ਨੂੰ ਤਿਆਗਣ ਦੀ ਸਿੱਖਿਆ ਦਿੱਤੀ ਗਈ ਹੈ ਉਸ ਪ੍ਰਤੀ ਵੀ ਅਸੀਂ ਬਿਲਕੁਲ ਬੇਪਰਵਾਹ ਹਾਂ ।

ਖਾਸ ਕਰਕੇ ਭਵਿੱਖ ਦੀ ਪੀੜ੍ਹੀ, ਆਪਣੇ ਬੱਚਿਆਂ ਤੇ ਨੌਜਵਾਨਾ ਨੂੰ ਅਸੀਂ ਸਿੱਖੀ ਬਾਰੇ ਕਿਤਨਾ ਸਿਖਿਅਤ ਅਤੇ ਸੁਚੇਤ ਕਰ ਰਹੇ ਹਾਂ? ਇਸਦਾ ਤਸੱਲੀ ਬਖ਼ਸ਼ ਉਪਰਾਲਾ ਘਟ ਹੀ ਕਿਧਰੇ ਵੇਖਣ ਵਿਚ ਆਉਂਦਾ ਹੈ ।ਦੇਸੋਂ ਉਚ ਕੋਟੀ ਦੇ ਰਾਗੀ ਜੱਥੇ ਤੇ ਪ੍ਰਚਾਰਕ ਗੁਰਦਆਰਿਆਂ ਵਿਚ ਕੀਰਤਨ ਪ੍ਰਚਾਰ ਕਰਨ ਆਉਂਦੇ ਹਨ । ਪਰ ਸੰਗਤਾਂ ਵਿਚ ਨੌਜਵਾਨ ਤੇ ਬੱਚੇ ਬਹੁਤ ਘਟ ਦਿਸਦੇ ਹਨ ।ਇਸਦਾ ਵੱਡਾ ਕਾਰਨ ਇਹ ਹੈ ਕਿ ਉਨ੍ਹਾ ਨੂੰ ਪੰਜਾਬੀ ਬੋਲੀ ਦੀ ਅਗਿਆਨਤਾ ਕਾਰਣ ਕੀਰਤਨ ਪ੍ਰਚਾਰ ਦੀ ਸਮਝ ਹੀ ਨਹੀਂ ਆਉਂਦੀ ।

ਸਭ ਤੋਂ ਉਪਰ ਸਿੱਖੀ ਸੰਭਾਲਣ ਦੇ ਅਵੇਸਲੇਪਨ ਦੇ ਜ਼ਿੰਮੇਵਾਰ ਵਿਸ਼ੇਸ਼ ਕਰਕੇ ਕੌਮ ਦੇ ਕਹੇ ਜਾਂਦੇ ਪਹਿਰੇਦਾਰ ਹੀ ਹੁੰਦੇ ਹਨ। ਇਨ੍ਹਾ ਵਿਚ ਕੌਮੀ ਧਾਰਮਿਕ ਲੀਡਰ, ਗੁਰਦੁਆਰਾ ਪ੍ਰਬੰਧਕ.ਪ੍ਰਚਾਰਕ ਤੇ ਮਾਪਿਆਂ ਨੂੰ ਹੀ ਸ਼ਾਮਿਲ ਕੀਤਾ ਜਾ ਸਕਦਾ ਹੈ । ਭਾਰਤ ਵਿਚ ਸਿੱਖੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਅਤੇ ਅਖੌਤੀ ਜੱਥੇਦਾਰਾਂ ਤੋਂ ਕੌਮ ਨੂੰ ਕੋਈ ਸੁਚੱਜੀ ਸੇਧ ਨਹੀਂ ਮਿਲ ਰਹੀ । ਹੋਰ ਤਾਂ ਹੋਰ ਸਿੱਖ ਪ੍ਰਚਾਰਕ ਟਕਸਾਲਾਂ ਤੇ ਜੱਥੇਬੰਦੀਆਂ ਵਿਚ ਵੀ ਲਗਾਤਾਰ ਵਾਦ ਵਿਵਾਦ ਦੀਆਂ ਖ਼ਬਰਾਂ ਹੀ ਆ ਰਹੀਆਂ ਹਨ । ਕਈ ਵਾਰ ਤਾਂ ਨਿਊਜ਼ ਮੀਡੀਆਂ ਤੇ ਆਪਸੀ ਝੜੱਪਾਂ ਵਿਚ ਸਿੱਖਾਂ ਦੀਆਂ ਪੱਗਾਂ ਲਹਿਦੀਆਂ ਵਿਖਾਈਆਂ ਜਾਂਦੀਆਂ

ਹਨ । ਅਕਾਲੀ ਪਾਰਟੀ ਦੇ ਲੀਡਰਾਂ ਤੇ ਕੁਝ ਪ੍ਰਚਾਰਕਾਂ ਦਾ ਲਗਾਤਾਰ ਚਲ ਰਿਹਾ ਆਪਸੀ ਵਾਦ ਵਿਵਾਦ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਦੇ ਮਨਾਂ ਵਿਚ ਸਿੱਖੀ ਲਈ ਨਾਹ ਪੱਖੀ ਪ੍ਰਭਾਵ ਪਾ ਰਿਹਾ ਹੈ । ਉਨ੍ਹਾ ਪਾਸੋ ਕੋਈ ਉਸਾਰੂ ਪ੍ਰੇਰਨਾ ਲੈਣ ਦੀ ਬਜਾਏ ਸਿੱਖ ਸੰਗਤਾਂ ਸਿੱਖੀ ਤੋਂ ਦੂਰ ਜਾ ਰਹੀਆਂ ਹਨ ।

ਸਿੱਖੀ ਪ੍ਰਚਾਰ ਵੀ ਮੁਖ ਤੌਰ ਤੇ ਇਕ ਰੋਜ਼ਗਾਰ ਹੀ ਬਣ ਗਿਆ ਹੈ । ਇਸਦੀ ਸਫ਼ਲਤਾ ਦੀ ਕਸੌਟੀ ਵੀ ਪ੍ਰਚਾਰਕਾਂ ਨੂੰ ਮਿਲਦੀ ਭੇਟਾ ਦੀ ਰਕਮ ਹੀ ਬਣ ਗਈ ਹੈ । ਆਪਣੇ ਗਾਇਨ ਤੇ ਵਿਆਖਿਆਨ ਦੀ ਕਲਾ ਦੇ ਸ਼ਬਦ ਸ਼ਿੰਗਾਰ ਤੋਂ ਹੀ ਚੰਗੇ ਪ੍ਰਚਾਰਕਾਂ ਦੀ ਪਰਖ ਕੀਤੀ ਜਾ ਰਹੀ ਹੈ । ਜੀਵਨ ਕਲਾ ਵਲ ਕਿਸੇ ਦਾ ਧਿਆਨ ਨਹੀਂ । ਭਾਵੇਂ ਕਈ ਹਰੇ ਬੂਟ ਵੀ ਹਨ ਜੋ ਸਟੇਜੀ ਪ੍ਰਚਾਰ ਦੇ ਨਾਲ ਸਿੱਖੀ ਦੇ ਵਾਧੇ ਲਈ ਅਮਲੀ ਕਾਰਜ ਵੀ ਕਰ ਰਹੇ ਹਨ ਪਰੰਤੂ ਉਨ੍ਹਾ ਦਾ ਵੀ ਆਪਸੀ ਤਾਲਮੇਲ ਨਹੀਂ ਦਿਸਦਾ ।ਬਲਕਿ ਕਈ ਵਾਰ ਵਿਰੋਧ ਤੇ ਮਤਭੇਦ ਉਭਰ ਆਉਂਦਾ ਹੈ ।ਕੁਝ ਯੁਨੀਵਰਸਿਟੀਆਂ ਤੇ ਵਿਦਿਅਕ ਅਦਾਰਿਆ ਨਾਲ ਜੁੜੇ ਖੋਜੀ ਵਿਦਵਾਨ ਵੀ ਸਦੀਆਂ ਤੋਂ ਸਥਾਪਤ ਸਿੱਖੀ ਪਰੰਪਰਾਵਾਂ ਤੇ ਵਿਸ਼ਵਾਸ਼ਾਂ ਬਾਰੇ ਸ਼ੰਕੇ ਉਤਪਨ ਕਰ ਰਹੇ ਹਨ ਜਿਨ੍ਹਾ ਕਾਰਨ ਆਮ ਸਿੱਖ ਸੰਗਤਾਂ ਭੰਬਲ ਭੂਸਿਆਂ ਵਿਚ ਭਟਕ ਜਾਂਦੀਆਂ ਹਨ ।ਚਾਹੀਦਾ ਤਾ ਇਹ ਸੀ ਕਿ ਸ਼੍ਰੋਮਣੀ ਕਮੇਟੀ ਅਥਵਾ ਅਕਾਲ ਤਖ਼ਤ ਵੱਲੋਂ ਵਿਦਵਾਨ ਤੇ ਸ਼ਰਧਾਵਨ ਗੁਰਸਿੱਖਾਂ ਦੀ ਕੋਈ ਨਿਗਰਾਨ ਕਮੇਟੀ ਬਣਾ ਕੇ ਉਨ੍ਹਾ ਦੀ ਸਰਬ ਸੰਮਤ ਰਾਏ ਅਨੁਸਾਰ ਵਿਵਾਦਿਤ ਮਸਲਿਆਂ ਬਾਰੇ ਉਸਾਰੂ ਨਿਰਣੇ ਲਏ ਜਾਂਦੇ । ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਸਰਬ ਉਚ ਸੰਸਥਾਵਾਂ ਵੀ ਅਪਣੇ ਰਾਜਨੈਤਿਕ ਆਕਾਵਾਂ ਦੇ ਇਸ਼ਾਰਿਆਂ ਤੇ ਨੱਚਦੀਆਂ ਪ੍ਰਤੀਤ ਹੁੰਦੀਆਂ ਹਨ । ਜਿਸ ਕਾਰਨ ਸਿੱਖ ਸੰਗਤਾਂ ਦਾ ਇਨ੍ਹਾ ਤੋਂ ਵੀ ਵਿਸ਼ਵਾਸ ਉਠਦਾ ਜਾਂਦਾ ਹੈ ।

ਦੇਸ ਵਿਦੇਸ਼ ਵਿਚ ਥਾਓਂ ਥਾਈ ਵੱਸੇ ਸਿੱਖਾਂ ਨੇ ਵਿਅੱਕਤੀਗਤ ਤੌਰ ਤੇ ਹਰੇਕ ਮਨੁਖੀ ਵਿਕਾਸ ਦੇ ਖੇਤਰ ਵਿਚ ਹੈਰਾਨਜਨਕ ਮਾਹਰਕੇ ਮਾਰੇ ਹਨ । ਆਟੇ ਵਿਚ ਲੂਣ ਵਰਗੀ ਵੱਸੋਂ ਹੋਣ ਦੇ ਬਾਵਜੂਦ ਵੀ ਕਈ ਵਿਦੇਸ਼ੀ ਸਿੱਖ, ਰਾਜਨੀਤੀ ਕਾਰੋਬਾਰ, ਸਨਅਤਕਾਰੀ, ਵਿਗਿਆਨ, ਅਕਾਦਮਿਕ ਵਿਦਿਆ, ਕਾਨੂੰਨ, ਉਦਯੋਗ, ਡਾਕਟਰੀ, ਕੰਪਯੂਟਰ-ਤਕਨੀਕ ਤੇ ਖੇਡ ਜਗਤ ਦੀਆਂ ਸਿੱਖਰਾਂ ਛੋਹ ਰਹੇ ਹਨ। ਪਰੰਤੂ ਸਿੱਖੀ ਕਦਰਾਂ ਕੀਮਤਾਂ ਦੇ ਵਿਹਾਰ ਤੇ ਪ੍ਰਚਾਰ ਬਾਰੇ "ਸਫ਼ਾ ਵਿਛਾਕੇ ਕੇ ਬੈਠਣ"ਦੀ ਭਾਵਨਾ ਕਿਧਰੇ ਵੇਖਣ ਵਿਚ ਨਹੀਂ ਮਿਲਦੀ ।

ਸਿੱਖ ਪਰਵਾਰਾਂ ਦਾ ਆਪਣੇ ਬੱਚਿਆ ਪ੍ਰਤੀ ਬਹੁਤਾ ਧਿਆਨ ਉਨ੍ਹਾ ਦੀ ਸਕੂਲੀ ਵਿਦਿਆ ਵਲ ਹੋਣਾ ਇਕ ਚੰਗਾ ਰੁਝਾਨ ਹੈ । ਇਸਤੋਂ ਇਲਾਵਾ ਮਾਪੇ ਉਨ੍ਹਾ ਨੂੰ ਖੇਡਾਂ ਅਤੇ ਹੋਰ ਕਲਾਵਾਂ ਸਿੱਖਾਉਣ ਬਾਰੇ ਵੀ ਜਤਨਸ਼ੀਲ ਹਨ। ਪਰੰਤੂ ਬੱਚਿਆ ਨੂੰ ਆਪਣੀ ਮਾਂ ਬੋਲੀ ਤੇ ਸਿੱਖ ਸਭਿਆਚਾਰ ਵਲ ਰੁਚਿਤ ਕਰਨ ਵਿਚ ਉਹ ਅਵੇਸਲੇ ਹਨ । ਘਰਾਂ ਵਿਚ ਆਪਣੇ ਬੱਚਿਆਂ ਨਾਲ ਗਲਬਾਤ ਵੀ ਬਹੁਤੇ ਮਾਪੇ ਤੇ ਬਜ਼ੁਰਗ ਅੰਗ੍ਰੇਜ਼ੀ ਵਿਚ ਹੀ ਕਰਦੇ ਹਨ। ਜਿਸ ਕਾਰਨ ਸਿੱਖ ਬੱਚਿਆ ਨੂੰ ਰੋਜ਼ਾਨਾ ਵਰਤੋਂ ਵਿਚ ਆਉਂਦੀ ਪੰਜਾਬੀ ਸ਼ਬਦਾਵਲੀ ਦਾ ਗਿਆਨ ਵੀ ਨਹੀਂ ਹੁੰਦਾ । ਪੰਜਾਬੀ ਪੜ੍ਹਾਉਦਿਆਂ ਵੀ ਉਨ੍ਹਾ ਨੂੰ ਪੰਜਾਬੀ ਬੋਲੀ ਦੇ ਸ਼ਬਦਾਂ ਦੇ ਅਰਥ ਪਹਿਲਾਂ ਅੰਗ੍ਰਜ਼ੀ ਵਿਚ ਦਸਣੇ ਪੈਂਦੇ ਹਨ ।ਰੋਜ਼ਾਨਾ ਜੀਵਨ ਨਾਲ ਸੰਬੰਧਿਤ ਸਿੱਖੀ ਰਹਿਤ ਬਹਿਤ ਭਾਵੇਂ ਦਸੀ ਤੇ ਸਮਝਾਈ ਵੀ ਜਾਵੇ ਪ੍ਰੰਤੂ ਘਰਾਂ ਪ੍ਰਵਾਰਾਂ ਵਿਚ ਇਸਦੀ ਵਰਤੋਂ ਵਿਹਾਰ ਨਾ ਹੋਣ ਕਾਰਨ ਇਸਨੂੰ ਆਪਨਾਉਣ ਤੇ ਧਾਰਨ ਕਰਨ ਦਾ ਅਮਲ ਨਹੀਂ ਹੁੰਦਾ । ਜੇਕਰ ਪਿਓ ਹੀ ਮੋਨਾ ਹੈ ਤਾਂ ਪੁੱਤਰ ਨੂੰ ਕੇਸ ਰਖਣ ਦੀ ਪ੍ਰੇਰਨਾ ਕਿਥੋਂ ਮਿਲੇਗੀ ? ਨਾਲੇ ਸਕੂਲਾਂ ਤੇ ਆਲੇ ਦੁਆਲੇ ਦਾ ਵਾਤਾਵਰਨ ਵੀ ਸਿੱਖੀ ਲਈ ਉਤਸ਼ਾਹਿਤ ਨਹੀਂ ਕਰਦਾ । ਸਕੂਲਾਂ ਵਿਚ ਕੇਸਾਧਾਰੀ ਸਿੱਖ ਬੱਚਿਆਂ ਦੀ ਗਿਣਤੀ ਤਾਂ ਆਟੇ ਵਿਚ ਲੂਣ ਵਰਗੀ ਹੈ । ਇਕਾ ਦੁੱਕਾ ਕੇਸਾਧਾਰੀ ਬੱਚਾ ਸਾਰੇ ਹੀ ਮੋਨੇ ਸਾਥੀਆਂ ਦੀ ਸੰਗਤ ਵਿਚ ਆਪਣੇ ਆਪ ਨੂੰ ਅਜਨਬੀ ਮਹਿਸੂਸ ਕਰਦਾ ਹੈ। ਕਈ ਵਾਰੀ ਉਹ ਉਨ੍ਹਾ ਦੇ ਮਜ਼ਾਕ ਤੇ ਅਪਮਾਨ ਦਾ ਕੇਂਦਰ ਵੀ ਬਣ ਜਾਂਦਾ ਹੈ। ਇਸ ਲਈ ਉਸਨੂੰ ਆਪਣੇ ਪ੍ਰਵਾਰ ਤੇ ਧਾਰਮਿਕ ਅਦਾਰਿਆਂ ਵੱਲੋਂ ਆਪਣੀ ਰਹਿਤ ਪ੍ਰਤੀ ਸਿਖਿਅਤ, ਸੁਚੇਤ ਤੇ ਦ੍ਰਿੜ ਕਰਨਾ ਜ਼ਰੂਰੀ ਹੈ ।

ਸਮੱਸਿਆ ਨੂੰ ਨਜਿੱਠਣ ਦੇ ਜ਼ਿੰਮੇਵਾਰ ਜੇ ਆਪ ਹੀ ਕੁਰਾਹੇ ਪਏ ਹੋਣ ਤਾਂ ਵਿਚਾਰੇ ਬੱਚਿਆ ਦੀ ਬਹੁੜੀ ਕੌਣ ਕਰੇਗਾ । ਦੇਖਣ ਵਿਚ ਆ ਰਿਹਾ ਕੌੜਾ ਸੱਚ ਇਹ ਹੈ ਕਿ ਕਿਸੇ ਵੀ ਸ਼ਹਿਰ ਵਿਚ ਰਹਿਣ ਵਾਲੇ ਸਿੱਖਾਂ ਦੀ ਆਬਾਦੀ ਵਿਚੋਂ ਕੁਝ ਪ੍ਰਤਿਸ਼ਤ ਗੁਰਦੁਆਰਿਆਂ ਦੀ ਸੰਗਤ ਕਰਨ ਵਾਲੇ ਸਿੱਖਾਂ ਵਿਚੋਂ ਵੀ ਮਸਾਂ ਦਸ ਬਾਰਾਂ ਪ੍ਰਤਿਸ਼ਤ ਕੇਸਾਂ ਤੇ ਦਸਤਾਰਾਂ ਵਾਲੇ ਦਿਸਦੇ ਹਨ, ਅੰਮ੍ਰਿਤਧਾਰੀਆਂ ਦੀ ਤਾਂ ਗਲ ਹੀ ਛੱਡੋ । ਇਹ ਵੀ ਵੇਖਿਆ ਗਿਆ ਹੈ ਕਿ ਕਦੇ ਗੁਰਦੁਆਰਾ ਕਮੇਟੀਆਂ ਦੁਆਰਾ ਕੀਤੇ ਜਾ ਰਹੇ ਅੰਮ੍ਰਿਤ ਸੰਚਾਰ ਲਈ ਪੰਜ ਪਿਆਰੇ ਲੱਭਣੇ ਦੀ ਵੀ ਸਮੱਸਿਆ ਬਣ ਜਾਂਦੀ ਹੈ ।ਅਗਲੀ ਗਲ ਇਹ ਹੈ ਕਿ ਕਈ ਵਾਰ ਤਾਂ ਅੰਮ੍ਰਿਤ ਅਭਿਲਾਖੀ ਅੰਮ੍ਰਿਤ ਛਕਾਉਣ ਵਾਲੇ ਪਿਆਰਿਆ ਦੀ ਗਿਣਤੀ ਨਾਲੋਂ ਵੀ ਘਟ ਹੁੰਦੇ ਹਨ । ਗੁਰਦੁਆਰਾ ਕਮੇਟੀਆਂ ਦੇ ਮੈਂਬਰਾਂ ਲਈ ਵੀ ਅੰਮਿਤਧਾਰੀ ਹੋਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ ।

ਆਪਣੇ ਮਹਾਨ ਵਿਰਸੇ ਵੱਲੋਂ ਬੇਪਰਵਾਹ ਹੋਣ ਦਾ ਖ਼ੁਮਿਆਜ਼ਾ ਅਸੀਂ ਆਏ ਦਿਨ ਭੁਗਤ ਰਹੇ ਹਾਂ ।ਹੁਣ ਪਰਵਾਰਕ ਸਾਂਝਾਂ ਤਾਂ ਕੇਵਲ ਰਸਮੋ ਰਿਵਾਜਾਂ ਤਕ ਹੀ ਸੀਮਤ ਹੋ ਗਈਆਂ ਹਨ । ਦਿਲੀ ਸਾਂਝ ਤੇ ਆਪਸੀ ਪ੍ਰੇਮ ਪਿਆਰ ਦੇ ਸੋਮੇ ਸੁੱਕ ਰਹੇ ਹਨ ।ਘਰਾਂ ਵਿਚ "ਬਿਰਧਾਂ ਦੀ ਪੈਜ"ਖੰਭ ਲਾ ਕੇ ਉਡ ਗਈ ਹੈ । ਬਜ਼ੁਰਗ ਤਾਂ ਘਰਾਂ ਵਿਚ ਨਾਲ ਨਾਲ ਰਹਿੰਦਿਆਂ ਵੀ ਧੀਆਂ ਪੁੱਤਰਾਂ ਨੂੰ ਮਿਲਣ ਤੋਂ ਵੀ ਸਹਿਕ ਜਾਂਦੇ ਹਨ । ਇੱਥੇ ਕੈਨੇਡਾ ਵਿਚ ਬਜ਼ੁਰਗੀ ਦੀ ਪੈਨਸ਼ਨ ਦੇ ਪੈਸੇ ਮਿਲਦੇ ਹਨ। ਇਸਦੀ ਲਾਲਚ ਕਰਕੇ ਕਈ ਬਜ਼ੁਰਗਾਂ ਨੂੰ ਧੀਆਂ ਪੁੱਤਰ ਭਾਵੇਂ ਨਾਲ ਰੱਖ ਲੈਂਦੇ ਹਨ ਪ੍ਰੰਤੂ ਉਨ੍ਹਾ ਦੀਆਂ ਰੋਜ਼ਾਨਾ ਲੋੜਾਂ ਤੇ ਸਰੀਰਕ ਦੇਖ ਭਾਲ ਵਲ ਘੱਟ ਹੀ ਧਿਆਨ ਦਿੱਤਾ ਜਾਂਦਾ ਹੈ ।ਪਤੀ ਪਤਨੀ ਦੋਵੇਂ ਕੰਮ ਤੇ ਜਾਂਦੇ ਹਨ। ਪਿੱਛੇ ਬਜ਼ੁਰਗ ਉਨ੍ਹਾ ਦੇ ਛੋਟੇ ਬੱਚਿਆਂ ਦੀ ਸੰਭਾਲ ਕਰਦੇ ਹਨ । ਕੁਝ ਵੱਡੇ ਹੋਣ ਤੇ ਇਹ ਬੱਚੇ ਵੀ ਆਪ ਹੁਦਰੇ ਹੋ ਜਾਂਦੇ ਹਨ ਤੇ ਦਾਦਾ ਦਾਦੀ ਦੀ ਵੀ ਪਰਵਾਹ ਨਹੀ ਕਰਦੇ । ਬਜ਼ੁਰਗ ਕਿਸੇ ਬੇਸਮੈਂਟ ਜਾਂ ਘਰ ਦੇ ਖੂੰਜੇ ਵਿਚ ਬੈਠੇ ਆਪਣੇ ਪੁਰਾਣੇ ਦਿਨਾ ਨੂੰ ਯਾਦ ਕਰਦੇ ਰਹਿੰਦੇ ਹਨ । ਕਈ ਪ੍ਰਵਾਰਾਂ ਨੇ ਤਾਂ ਬਜ਼ੁਰਗਾਂ ਨੂੰ ਓਲਡ ਏਜ ਕੇਅਰ ਸੈਂਟਰਾਂ ਵਿਚ ਭੇਜਕੇ ਨਿਬੇੜਾ ਹੀ ਕਰ ਦਿੱਤਾ ਹੈ । ਹਾਂ ਉਨ੍ਹਾ ਦੇ ਚਲਾਣੇ ਤੇ ਦਿਖਾਵੇ ਦੇ ਪਾਠ ਤੇ ਅੰਤਿਮ ਅਰਦਾਸ ਮੌਕੇ ਚੰਗਾ ਇਕੱਠਾ ਹੋ ਜਾਂਦਾ ਹੈ ।ਇਕ ਸਿੱਕ ਟੇਕਸੀ ਡ੍ਰਾਈਵਰ ਦੀ ਕੰਨੀ ਸੁਣੀ ਦਾਸਤਾਨ ਦਾ ਇਥੇ ਜ਼ਿਕਰ ਕਰਦਾ ਹਾਂ :-

ਮੈ ਆਪਣਾ ਸਭ ਕੁਝ ਵੇਚ ਵਟਾ ਕੇ ਕੈਨੇਡਾ ਆਇਆ-
- ਇਥੇ ਸੈਟ ਹੋਣ ਲਈ ਕਈ ਘਾਲਾਂ ਘਾਲੀਆਂ-
ਲਕੀਨ-ਅਪ ਕੀਤੇ, ਭਾਰ ਚੁੱਕੇ, ਪਹਿਰੇ ਦਿੱਤੇ, ਮਜ਼ਦੂਰੀਆਂ ਕੀਤੀਆਂ -
ਦਿਨ-ਰਾਤ ਠੰਡਾਂ ਬਰਫ਼ਾਂ ਵਿਚ ਟੈਕਸੀ ਚਲਾਈ-
ਆਪਣੇ ਪੈਰੀਂ ਖੜੇ ਹੋਣ ਲਈ ਕੀਤੀ ਕਮਾਈ-
ਮੌਰਟਗੇਜ ਲੈਕੇ ਘਰ ਲਿਆ-
ਬੱਚੇ ਨੂੰ ਚੰਗੇ ਸਕੂਲਾਂ ਵਿਚ ਪੜ੍ਹਨ ਪਾਇਆ-
ਜੋ ਕੁਝ ਆਸੇ ਪਾਸੇ ਸੁਣਿਆ ਵੇਖਿਆ ਸਭ ਸਿਖਾਇਆ-
ਅੰਗ੍ਰਜ਼ੀ ਘੋਟ ਘੋਟ ਕੇ ਸਿਖਾਈ ਪੜ੍ਹਾਈ
ਪਰ ਨਾਹ ਕਦੇ ਗੁਰਦੁਆਰੇ ਲੈ ਗਿਆ-
ਨਾਹ ਪੰਜਾਬੀ ਪੜ੍ਹਨੇ ਪਾਇਆ-
ਵੱਡਾ ਹੋਇਆ ਤਾਂ ਮੈਡੀਸਨ ਪੜ੍ਹਨੇ ਪਾਇਆ, ਡਾਕਟਰ ਬਣਾਇਆ-
ਉਸਦੀ ਮਰਜ਼ੀ ਨਾਲ ਗੋਰੀ ਨਾਲ ਉਸਦਾ ਵਿਆਹ ਕਰਵਾਇਆ-
ਉਨ੍ਹਾਂ ਲਈ ਹੋਰ ਨਵਾਂ ਵਧੀਆ ਘਰ ਬਣਵਾਇਆ-
ਆਪਣੀ ਮੁਸ਼ੱਕਤਾਂ ਨਾਲ ਕਮਾਈ ਦੌਲਤ ਨੂੰ ਦਾਅ ਤੇ ਲਾਇਆ-
ਕੁਝ ਦਿਨ ਨਵੀਂ ਜੋੜੀ ਘਰ ਰਹੀ -
ਹਰ ਮੰਗ ਪੂਰੀ ਕੀਤੀ ਜੋ ਉਨ੍ਹਾਂ ਕਹੀ -
ਇਕ ਦਿਨ ਡਾਕਟਰ ਪੁੱਤਰ ਨੇ ਫ਼ੁਰਮਾਇਆ-

"ਸ਼ੌਰੀ ਡੈਡ ਵੀ ਕੈਨ ਨੋ ਲੌਂਗਰ ਸਟੇਅ ਵਿਦ ਯੂ"
ਵੀ ਵਾਂਟ ਅਵਰ ਪ੍ਰਾਈਵੇਸੀ
ਵੀ ਗੋਟ ਅਨੋਦਰ ਹਾਊਸ
ਵੀ ਸ਼ੈਲ ਬੀ ਮੂਵਿੰਗ ਸੂਨ"
ਘਰ ਛਡ ਕੇ ਜਾਂਦੇ ਨੂੰਹ-ਪੁੱਤਰ ਨੂੰ ਵੇਖਕੇ ਮਨ ਮੁਰਝਾਇਆ-
ਗੱਚ ਭਰ ਆਇਆ-
ਸੋਚਦੇ ਰਹੇ ਕੀ ਖੱਟਿਆ ਤੇ ਕੀ ਗਵਾਇਆ-
ਹੁਣ ਕਦੇ ਫ਼ਾਦਰ ਮਦਰ ਜਾਂ ਫ਼ੇਮਿਲੀ ਡੇ ਤੇ ਆਉਂਦੇ ਨੇ-
ਰਸਮੀ ਜਿਹਾ ਸਨੇਹ ਦਿਖਾਉਂਦੇ ਨੇ-
ਕੋਈ ਬੇਲੋੜਾ ਜਿਹਾ ਗਿਫ਼ਟ ਦੇ ਜਾਂਦੇ ਨੇ-
ਸੋਚਦਾ ਹਾਂ ਕੀ ਹੈ ਸਾਰੀ ਜ਼ਿੰਦਗੀ ਦੀ ਕਮਾਈ ?
ਜਿਸ ਲਈ ਸਾਰੀ ਉਮਰ ਇਤਨੀ ਜਾਨ ਲੜਾਈ ।

ਨੌਜਵਾਨ ਮੁੰਡੇ ਕੁੜੀਆਂ ਨੂੰ ਆਪਣੇ ਸਿੱਖ ਸਭਿਆਚਾਰ ਦੀ ਤਾਂ ਕੋਈ ਜਾਣਕਾਰੀ ਨਹੀਂ ਹੁੰਦੀ । ਉਹ ਦੇਖਾ ਦੇਖੀ ਗੋਰਿਆਂ ਦਾ ਪੱਛਮੀ ਕਲਚਰ ਸਹਿਜੇ ਹੀ ਸਿੱਖ ਲੈਂਦੇ ਹਨ। ਲਿਬਾਸ, ਬੋਲ ਬਾਣੀ ਤੇ ਵਰਤੋਂ ਵਿਹਾਰ ਵਿਚ ਉਹ ਪੂਰੇ ਗੋਰੇ ਹੀ ਦਿਸਦੇ ਹਨ ।ਸੰਜੁਤਕ ਪ੍ਰਵਾਰਾਂ ਦੀ ਗਲ ਛੱਡੋ ਆਪਣੇ ਨਿੱਜੀ ਪ੍ਰਵਾਰ ਵਿਚ ਪਤੀ ਪਤਨੀ ਦੇ ਰਿਸ਼ਤੇ ਵੀ ਸਿਥਲ ਹੋ ਗਏ ਹਨ । ਸਾਡੀ ਪੀੜੀ ਵਿਚ ਇਹ ਵਿਸ਼ਵਾਸ ਸੀ ਕਿ ਵਿਹਾਇਕ ਰਿਸ਼ਤੇ ਵਾਹਿਗੁਰੂ ਵੱਲੋਂ ਹੀ ਬਣਾਏ ਜਾਂਦੇ ਹਨ ਤੇ ਜ਼ਿੰਦਗੀ ਦੀ ਧੁੱਪ ਛਾਂ ਵਿਚ ਇਨ੍ਹਾ ਨੂੰ ਨਿਭਾਉਣਾ ਰੱਬੀ ਨੇਮ ਸਮਝਿਆ ਜਾਂਦਾ ਸੀ ।ਸਿੱਖ ਆਨੰਦ ਕਾਰਜ ਦੀ ਮਰਿਆਦਾ ਵਿਚ ਤਲਾਕ ਦਾ ਕੋਈ ਵਿਧਾਨ ਨਹੀਂ। ਪਰ ਹੁਣ ਤਾਂ ਕਈ ਵਿਆਹਕ ਸੰਬੰਧ ਕੁਝ ਮਹੀਨਿਆ ਵਿਚ ਵੀ ਤਲਾਕ ਤਕ ਪੁੱਜ ਜਾਂਦੇ ਹਨ । ਇਨ੍ਹਾ ਦੀ ਗਿਣਤੀ ਦਿਨ ਬਦਿਨ ਵੱਧ ਰਹੀ ਹੈ । ਹੈਰਾਨੀ ਦੀ ਗਲ ਇਹ ਹੈ ਕਿ ਜ਼ਿੰਦਗੀ ਦੀ ਰੰਗੀਨ ਘਾਟੀ ਪਾਰ ਕਰਨ ਮਗਰੋਂ ਕਈ ਵੱਡੀ ਉਮਰ ਦੇ ਜੋੜੇ ਵੀ ਵੱਖ ਹੁੰਦੇ ਦੇਖੇ ਜਾਂਦੇ ਹਨ ।ਇਸਦਾ ਮੁੱਖ ਕਾਰਨ ਦਿਨੋ ਦਿਨ ਵੱਧਦਾ ਨਿੱਜਵਾਦ ਹੈ ਜੋ ਆਪਣੇ ਜੀਵਨ ਸਾਥੀ ਦੀਆਂ ਰੋਜ਼ਾਨਾ ਵਰਤੋਂ ਵਿਹਾਰ ਦੀਆ ਆਮ ਆਦਤਾਂ ਨਾਲ ਵੀ ਸਹਿਮਤ ਹੋਣ ਲਈ ਰਾਜ਼ੀ ਨਹੀਂ ।

ਵਿਆਹਕ ਸੰਬੰਧਾਂ ਪ੍ਰਤੀ ਇਕ ਹੋਰ ਰੁਝਾਨ ਸਿੱਖੀ ਨੂੰ ਢਾਹ ਲਾਈ ਜਾ ਰਿਹਾ ਹੈ ਉਹ ਹੈ ਸਿੱਖ ਨੌਜਵਾਨਾ ਦਾ ਦੂਜੇ ਧਰਮਾਂ ਦੇ ਪੁਰਸ਼ ਇਸਤ੍ਰੀਆਂ ਨਾਲ ਵਿਵਾਹਕ ਸੰਬੰਧ ਜੋੜਨਾ । ਅਜਿਹੇ ਸੰਬੰਧ ਵੀ ਪੜ੍ਹੇ ਲਿਖੇ ਤੇ ਚੰਗੀਆਂ ਨੌਕਰੀਆਂ ਜਾਂ ਕਿੱਤਿਆਂ ਵਿਚ ਲੱਗੇ ਨੌਜਵਾਨ ਮੁੰਡੇ ਕੁੜੀਆਂ ਹੀ ਕਰਦੇ ਹਨ । ਉਨ੍ਹਾਂ ਦਾ ਸਹਿਜੇ ਹੀ ਆਪਣੇ ਸਹਿਕਰਮੀ ਨਾਲ ਸੰਬੰਧ ਸਥਾਪਤ ਹੋ ਜਾਂਦਾ ਹੈ । ਇਸਤਰ੍ਹਾਂ ਕੌਮ ਦੀ ਉਚ ਪੱਧਰੀ ਸ਼੍ਰੇਣੀ (Cream of the nation) ਦੇ ਨੌਜਵਾਨ ਹੀ ਦੂਜੀਆਂ ਕੌਮਾਂ ਦੇ ਸਾਥੀਆਂ ਨਾਲ ਵਿਵਾਇਕ ਸੰਬੰਧ ਜੋੜਦੇ ਦੇਖੇ ਗਏ ਹਨ । ਦੋ ਵੱਖ ਵੱਖ ਸਭਿਆਚਾਰਾਂ ਵਿਚ ਪੱਲੇ ਇਹ ਜੋੜੇ ਆਪਣੇ ਪਿਤਾ ਪੁਰਖੀ ਪਿਛੋਕੜ ਨੂੰ ਫ਼ਿਰ ਕਿਵੇਂ ਸੰਭਾਲ ਸਕਦੇ ਹਨ ।ਅੱਗੋਂ ਉਨ੍ਹਾ ਦੀ ਸੰਤਾਨ ਦਾ ਕੀ ਬਣੇਗਾ ? ਇਨ੍ਹਾ ਸਾਰੇ ਸਵਾਲਾਂ ਪ੍ਰਤੀ ਕੌਮ ਦੇ ਰਾਖੇ ਬਿਲਕੁਲ ਅਵੇਸਲੇ ਵੇਖੇ ਜਾਂਦੇ ਹਨ ।

ਇਨਾਂ ਵਿਦੇਸ਼ਾ ਵਿਚ ਬੱਚਿਆਂ ਨੂੰ ਉਨ੍ਹਾ ਦੀ ਗਲਤੀ ਲਈ ਸਰੀਰਕ ਸਜ਼ਾ ਨਹੀਂ ਦਿੱਤੀ ਜਾ ਸਕਦੀ । ਉਹ ਮਾਪਿਆਂ ਤੇ ਅਧਿਆਪਕਾਂ ਦਾ ਵੀ ਕੋਈ ਡਰ ਭਉ ਨਹੀਂ ਮੰਨਦੇ ।ਸਕੂਲਾਂ ਵਿਚ ਓਨ੍ਹਾਂ ਨੂੰ ਪੁਲਿਸ ਦਾ ਫ਼ੋਨ ਨੰਬਰ ਦੇਕੇ ਦੱਸਿਆ ਜਾਂਦਾ ਹੈ ਕਿ ਜੇਕਰ ਉਨ੍ਹਾ ਦੇ ਘਰ ਵਿਚ ਉਨ੍ਹਾ ਉੱਤੇ ਕੋਈ ਹੱਥ ਚੁਕਦਾ ਹੈ ਤਾਂ ਉਹ ਪੁਲਿਸ ਨੂੰ ਫ਼ੋਨ ਕਰਕੇ ਬੁਲਾ ਸਕਦੇ ਹਨ ।ਜਦੋਂ ਉਹ ਵੱਡੇ ਤੇ ਕਮਾਈਦਾਰ ਹੋ ਜਾਂਦੇ ਹਨ ਫ਼ਿਰ ਤਾਂ ਉਹ ਮਾਪਿਆ ਦੀ ਕੋਈ ਪ੍ਰਵਾਹ ਨਹੀਂ ਕਰਦੇ ।ਕੁੜੀਆਂ ਮੁੰਡਿਆਂ ਦੇ ਆਪਸੀ ਮੇਲ ਗੇਲ ਦੀ ਖੁਲ੍ਹ ਹੋਣ ਕਾਰਨ ਕਈ ਨੌਜਵਾਨ ਦੂਜੇ ਧਰਮਾਂ ਤੇ ਮੁੰਡਿਆਂ ਕੁੜੀਆਂ ਨਾਲ ਰਹਿਣ ਲਗ ਜਾਂਦੇ ਹਨ ਅਤੇ ਆਪਣੇ ਘਰ ਵੀ ਛੱਡ ਜਾਂਦੇ ਹਨ । ਕਈ ਕੁੜੀਆਂ ਤਾਂ ਬਿਨਾ ਵਿਆਹ ਦੇ ਮੁੰਡੇ ਦੇ ਪ੍ਰਵਾਰ ਨਾਲ ਆਕੇ ਰਹਿਣ ਲਗ ਜਾਂਦੀਆਂ ਹਨ । ਅਣਵਿਆਹੇ ਜੋੜਿਆ ਨੂੰ ਸਰਕਾਰ

ਵੱਲੋਂ ਮਾਨਤਾ ਪ੍ਰਾਪਤ ਹੈ ।ਆਮ ਤੌਰ ਤੇ ਅਜਿਹਾ ਵਿਹਾਰ ਚੰਗੇ ਪੜ੍ਹੇ ਲਿਖੇ ਤੇ ਉੱਚੇ ਅਹੁਦਿਆ ਜਾਂ ਕਾਰੋਬਾਰਾਂ ਵਾਲੇ ਜੁਆਨਾਂ ਵਿਚ ਵੇਖਿਆ ਜਾਂਦਾ ਹੈ ।ਅਜਿਹੇ ਨੌਜਵਾਨ ਫ਼ਿਰ ਆਪਸ ਵਿਚ ਵਿਆਹ ਕਰਾਉਣ ਲਈ ਵੀ ਆਜ਼ਾਦ ਹੁੰਦੇ ਹਨ। ਇਸ ਸਮੱਸਿਆ ਦੇ ਹਲ ਲਈ ਨਾਹ ਮਾਪੇ ਤੇ ਨਾਹ ਸਿੱਖ ਸੰਸਥਾਂਵਾਂ ਬਹੁਤੀਆਂ ਸੁਚੇਤ ਹਨ । ਅਕਸਰ ਗੁਰਦੁਆਰਿਆਂ ਵਿਚ ਹੀ ਅਜਿਹੇ ਵਿਆਹ ਕਰਵਾਏ ਜਾਂਦੇ ਹਨ ਜਿਨ੍ਹਾ ਦੇ ਸਮਾਗਮਾਂ ਤੇ ਸਿੱਖੀ ਮਰਿਆਦਾ ਦੀ ਵੀ ਘਟ ਹੀ ਪਰਵਾਰ ਕੀਤੀ ਜਾਂਦੀ ਹੈ । ਵਿਆਹਾਂ ਦੇ ਅਵਸਰਾਂ ਤੇ ਗੁਰਦੁਆਰਾ ਦੀਵਾਨ ਵਿਚ ਹੀ ਵਧੇਰੇ ਜ਼ੋਰ ਪੱਛਮੀ ਜਾਂ ਫ਼ਿਲਮੀ ਤਰ੍ਹਾਂ ਦੇ ਦਿਖਾਵਿਆ ਵਾਲਾ ਰੁਝਾਨ ਵੇਖਣ ਨੂੰ ਮਿਲਦਾ ਹੈ । ਆਨੰਦ ਕਾਰਜ ਵਿਚ ਦੱਸੀ ਮਰਿਆਦਾ ਅਨੁਸਾਰ ਇਸ ਸੰਬੰਧ ਦੀ ਮਹਾਨਤਾ ਦੱਸਣ ਦੀ ਤਾਂ ਹੁਣ ਰਵਾਇਤ ਹੀ ਹਟ ਗਈ ਹੈ । ਇਥੋਂ ਵੀ ਅਗਲੀ ਗਲ ਇਹ ਹੈ ਕਿ ਆਨੰਦ ਕਾਰਜ ਲਈ ਪੜ੍ਹੀਆਂ ਜਾ ਰਹੀਆਂ ਲਾਵਾਂ ਦੇ ਪਾਠ ਦੀ ਵੀ ਕਿਤਨੀ ਕੁ ਸਮਝ ਸੁਣਨ ਵਾਲੀ ਜੋੜੀ ਨੂੰ ਆਉਂਦੀ ਹੈ । ਬਹੁਤੀ ਵਾਰ ਤਾਂ ਉਹ ਪੰਜਾਬੀ ਬੋਲੀ ਦੀ ਸਮਝ ਤੋਂ ਵੀ ਕੋਰੇ ਹੁੰਦੇ ਹਨ। ਇਸਤਰਾਂ ਇਹ ਰਸਮ ਉਨ੍ਹਾ ਲਈ ਕਿੰਨੀ ਕੁ ਮਹਾਨਤਾ ਰਖਦੀ ਹੈ, ਸੋਚਣ ਵਾਲੀ ਗਲ ਹੈ ।ਇਸ ਪ੍ਰਚਲਨ ਦੇ ਖਿਲਾਫ਼ ਜੇ ਕੋਈ ਬੋਲੇ ਤਾਂ ਉਸਨੂੰ ਪਿਛਾਹ ਖਿੱਚੂ ਆਖ ਕੇ ਦੁਰਕਾਰਿਆ ਜਾਂਦਾ ਹੈ । ਰਸਮ ਨਿਭਾਉਣ ਵਾਲੇ ਗ੍ਰੰਥੀ ਤੇ ਰਾਗੀ ਤਾਂ ਗੁਰਦੁਆਰਾ ਕਮੇਟੀਆਂ ਦੇ ਨੌਕਰ ਹੋਣ ਕਰਕੇ ਉਂਵ ਹੀ ਬੇਵੱਸ ਹਨ ।

ਨਿਰਪੱਖ ਵਿਚਾਰ ਕਰਨ ਨਾਲ ਇਹ ਪ੍ਰਚਲਨ ਭਾਵੇਂ ਸੁਭਾਵਕ ਹੀ ਪ੍ਰਤੀਤ ਹੁੰਦਾ ਹੈ । ਅਸੀਂ ਸੋਚ ਸਕਦੇ ਹਾਂ ਕਿ ਵਿਦੇਸ਼ਾ ਦੇ ਮਲਟੀ-ਕਲਚਰਲ ਸਮਾਜ ਵਿਚ ਅਜਿਹਾ ਹੋਣਾ ਕੁਦਰਤੀ ਹੀ ਹੈ । ਪਰ ਜੇਕਰ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਦੇ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤੀ ਜਾਂਵੇ ਤਾਂ ਕੋਈ ਦਿਸਾ ਨਿਰਦੇਸ਼ ਜ਼ਰੂਰ ਦ੍ਰਿਸ਼ਟੀਗੋਚਰ ਜੋ ਜਾਂਦਾ ਹੈ । ਕੁਦਰਤੀ ਕ੍ਰਿਆਵਾਂ ਅਨੁਸਾਰ ਤਾਂ ਨਦੀਆਂ ਵੀ ਆਪਣੇ ਕੰਢਿਆਂ ਨੂੰ ਤੋੜਕੇ ਆਲੇ ਦੁਅਲੇ ਵਸੇ ਨਗਰਾਂ ਨੂੰ ਨੁਕਸਾਨ ਪੁਚਾ ਸਕਦੀਆ ਹਨ । ਪ੍ਰੰਤੂ ਅਜਿਹੀ ਹਾਲਤ ਵਿਚ ਨਦੀਆਂ ਦੇ ਕੰਢਿਆਂ ਤੇ ਉੱਚੇ ਬੰਦ ਬਣਾਏ ਜਾਂਦੇ ਹਨ । ਘਰਾਂ ਦੇ ਦਰਵਾਜ਼ਿਆਂ ਤੇ ਤਾਲੇ ਲਾਏ ਜਾਂਦੇ ਹਨ ਤੇ ।ਰਾਖੀ ਲਈ ਕੁੱਤੇ ਰੱਖੇ ਜਾਂਦੇ ਹਨ। ਖੇਤਾਂ ਤੇ ਬਾਗਾਂ ਦੁਆਲੇ ਵਾੜਾਂ ਲਾਈਆਂ ਜਾਂਦੀਆ ਹਨ ਜਿਸਦਾ ਜ਼ਿਕਰ ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ:

ਖੇਤੀ ਵਾੜ ਜਿਉਂ ਢਿੰਗਰੀ ਕਿੱਕਰ ਆਸ ਪਾਸ ਜਿਉਂ ਬਾਗੈ ।

ਸੋ ਇਸ ਰੁਝਾਨ ਪ੍ਰਤੀ ਸਾਡੇ ਮਾਪਿਆਂ ਤੇ ਕਮੇਟੀਆ ਦਾ ਫ਼ਰਜ਼ ਬਣਦਾ ਹੈ ਕਿ ਉਂਹ ਸਿੱਖ ਰਹਿਤ ਮਰਿਆਦਾ ਤੇ ਵਿਪਰੀਤ ਰਸਮਾਂ ਆਪਣੇ ਗੁਰਦੁਆਰਿਆਂ ਵਿਚ ਨਾਹ ਹੋਣ ਦੇਣ । ਸਾਰਿਆਂ ਧਾਰਮਿਕ ਸੰਪ੍ਰਦਾਵਾਂ ਨੂੰ ਆਪਣਾ ਆਪਣਾ ਧਰਮ ਮੁਬਾਰਕ ਹੈ ਪਰੰਤੂ ਅਸਾਂ ਸਿੱਖਾਂ ਲਈ ਤਾਂ "ਸਭ ਤੇ ਵੱਡਾ ਸਤਿਗੁਰੂ ਨਾਨਕ" ਤੇ ਸਭ ਤੋਂ ਸ੍ਰੇਸ਼ਟ ਸਾਡਾ ਸਿੱਖ ਧਰਮ ਤੇ ਸਭਿਆਚਾਰ ਹੈ ।ਸਾਡਾ ਸਿੱਖੀ ਦਾ ਸੰਬੰਧ ਸਿਖ ਸੰਗਤ ਨਾਲ ਹੈ ਜਿਸਨੂੰ ਗੁਰੂ ਰਾਮਦਾਸ ਜੀ ਮਹਾਰਾਜ ਸਿੱਖੀ ਦੀ ਪਾਠਸ਼ਾਲਾ ਕਿਹਾ ਹੈ:

"ਸਤਿਸੰਗਤ ਸਤਿਗੁਰ ਚਟਸਾਲ ਹੈ ਜਿਤੁ ਹਰਿਗੁਣ ਸਿੱਖਾ" (ਪੰਨਾ 1316)

ਫ਼ਿਰ ਸੋਚਣ ਵਾਲੀ ਗਲ ਹੈ ਕਿ ਜਿਹੜਾ ਸਿੱਖ ਨੌਜਵਾਨ (ਮੁੰਡਾ ਜਾਂ ਕੁੜੀ) ਕਿਸੇ ਹੋਰ ਧਰਮ ਦੇ ਮੁੰਡੇ ਜਾਂ ਕੁੜੀ ਨਾਲ ਵਿਵਾਹਿਕ ਸੰਬੰਧ ਜੋੜ ਲੈਂਦਾ ਹੈ ਕੀ ਉਸਦਾ ਸੰਬੰਧ ਫ਼ਿਰ ਸਿੱਖ ਸੰਗਤ ਨਾਲ ਬਣਿਆਂ ਰਹੇਗਾ? ਉਹ ਗੁਰਦੁਆਰੇ ਆਕੇ ਸਤਿਸੰਗ ਤੇ ਸੇਵਾ ਕਰੇਗਾ? ਕੀ ਉਸਦੇ ਜੀਵਨ ਦੇ ਕਾਰਜਾਂ ਦੀ ਪ੍ਰਾਪਤੀ ਜਾਂ ਮਾਣ ਸਿੱਖੀ ਨੂੰ ਮਿਲਦਾ ਰਹੇਗਾ? ।

ਮੇਰੀ ਜਾਣਕਾਰੀ ਵਿਚ ਇਕ ਚੰਗੇ ਗੁਰਸਿੱਖ ਪ੍ਰਵਾਰ ਦੀਆਂ ਦੋ ਧੀਆ ਨੇ ਮਾਪਿਆਂ ਤੋਂ ਬਾਹਰੇ ਹੋਕੇ ਗੋਰੇ ਮੁੰਡਿਆਂ ਨਾਲ ਵਿਆਂਹ ਕਰਵਾ ਲਏ । ਉਹ ਕੁੜੀਆਂ ਪ੍ਰਵਾਰ ਵੱਲੋਂ ਮਿਲੀ ਸਿਖਿਆ ਕਾਰਨ ਆਪਣੇ ਮਾਪਿਆਂ ਨਾਲ ਚੰਗੀ ਹਮਦਰਦੀ ਕਰਦੀਆਂ ਹਨ । ਪ੍ਰਵਾਰਕ ਮੇਲ ਗੇਲ ਵੀ ਕਰਦੀਆ ਹਨ ।ਉਨ੍ਹਾ ਦੇ ਜੀਵਨ ਸਾਥੀ ਵੀ ਇਸ ਸੰਬੰਧ ਵਿਚ ਉਨ੍ਹਾ ਦਾ ਸਾਥ ਦੇਂਦੇ ਹਨ । ਪਰ ਹੁਣ ਉਹ ਗੁਰਸਿੱਖ ਸਤਿਸੰਗਤ ਤੋਂ ਕਿਨਾਰੇ ਹੋ ਗਈਆਂ ਹਨ ।ਗੁਰਦੁਆਰੇ ਸਤਿਸੰਗ ਦੀ ਹਾਜ਼ਰੀ ਤੇ ਸੇਵਾ ਤੋਂ ਵਿਹੂਣੀਆਂ ਹੋ ਗਈਆ ਹਨ । ਉਨਾਂ ਦੇ ਬੱਚਿਆਂ ਦਾ ਪਾਲਣ ਪੋਸਣ ਵੀ ਗੋਰਿਆ ਵਾਂਗੂੰ ਹੀ ਹੋਇਆ ਹੈ ।ਇਸਤਰ੍ਹਾਂ ਕਰਨ ਨਾਲ ਗੁਰੂ ਮਹਾਰਾਜ ਤੇ ਸਿੱਖ

ਸਮਾਜ ਨਾਲ ਉਨ੍ਹਾ ਦੀ ਸਾਂਝ ਟੁੱਟ ਗਈ ਹੈ । ਗੁਰੂ ਮਹਾਰਾਜ ਦੀ ਅਮੋਲਕ ਦਾਸ ਸਿੱਖੀ ਦੀ ਵੱਧਦੀ ਵੇਲ ਤੇ ਧਰਮ ਕਲਾ ਦੇ ਸੋਮੇ ਉਨ੍ਹਾ ਲਈ ਸੁੱਕ ਗਏ ਹਨ ।

ਸਿੱਖੀ ਪਰਵਾਸ ਦਾ ਦੌਰ ਤਾਂ ਗੁਰੂ ਸਾਹਿਬਾਨ ਦੇ ਸਮੇ ਤੋਂ ਤੁਰਿਆ ਆ ਰਿਹਾ ਹੈ । ਗੁਰੂ ਸਾਹਿਬਾਨ ਦੇ ਸਮੇ ਤੋਂ ਉਨ੍ਹਾ ਮਾਨਵ ਕਲਿਆਣ ਦੇ ਮਾਰਗ ਦੇ ਅਮਲੀ ਪ੍ਰਚਾਰ ਸਦਕਾ ਪੰਜਾਬ ਤੋਂ ਬਾਹਰ ਭਾਰਤ ਦੇ ਦੂਰ ਦੂਰ ਇਲਾਕਿਆਂ ਅਤੇ ਗਵਾਂਢੀ ਦੇਸ਼ਾ ਦੇ ਅਨੇਕ ਮਨੁੱਖਾਂ ਨੇ ਸਿੱਖੀ ਧਾਰਨ ਕੀਤੀ । ਢਾਕਾ, ਬਿਹਾਰ. ਬੰਗਾਲ, ਆਸਾਮ, ਉਤਰ ਪ੍ਰਦੇਸ਼, ਸ੍ਰੀ ਲੰਕਾ,ਅਰਬ, ਈਰਾਨ, ਈਰਾਕ , ਅਫ਼ਗਨਿਸਤਾਨ ਆਦਿ ਇਲਾਕਿਆ ਤੇ ਦੇਸਾਂ ਵਿਚ ਹਜ਼ਾਰਾਂ ਲੋਕ ਹੁਣ ਵੀ ਬੜੀ ਸ਼ਰਧਾ ਭਾਵਨਾ ਨਾਲ ਸਿੱਖੀ ਧਾਰਨ ਕਰੀ ਬੈਠੇ ਹਨ । ਬਿਹਾਰ ਦੇ ਇਲਾਕੇ ਵਿਚ ਕਈ ਥਾਵਾਂ ਤੇ ਮੈਂ ਆਪ ਬੜੇ ਸਿੱਦਕੀ ਨਾਨਕ ਪੰਥੀ ਸਿੱਖ ਵੇਖੇ ਹਨ । ਪਰੰਤੂ ਅਜੋਕੇ ਸਮੇ ਵਿਚ ਬਿਦੇਸ਼ੀਂ ਆਕੇ ਵੱਸੇ ਸਿੱਖਾਂ ਨੇ ਜੀਵਨ ਦੇ ਹੋਰ ਖੇਤਰਾਂ ਵਿਚ ਚੰਗੀਆਂ ਮੱਲਾਂ ਮਾਰੀਆ ਹਨ । ਸ਼ਾਨਦਾਰ ਦਿਖ ਵਾਲੇ ਗੁਰਦੁਆਰਿਆਂ ਦੀ ਉਸਾਰੀ ਵੀ ਸਿੱਖ ਵੱਸੋਂ ਵਾਲੇ ਨਗਰਾਂ ਵਿਚ ਹੋਈ ਹੈ ਪਰੰਤੂ ਇਨ੍ਹਾ ਵਿਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਵਿਚ ਅਮਲੀ ਜੀਵਨ ਨਾਲੋਂ ਦਿਖਾਵੇ ਦੀ ਪੂਜਾ ਪਾਠ ਤੇ ਸਮਾਜਕ ਰਸਮ ਰਿਵਾਜ ਦਾ ਹੀ ਪ੍ਰਚਲਨ ਹੈ । ਅੰਮ੍ਰਿਤ ਸੰਚਾਰ ਤੇ ਇਸਦੀ ਰਹਿਤ ਬਹਿਤ ਤਾਂ ਗਲ ਹੀ ਛੱਡੋ ਸਿੱਖੀ ਸਰੂਪ ਵੀ ਟਾਵਾਂ ਟਾਂਵਾਂ ਦਿਸਦਾ ਹੈ ।ਘਰਾਂ ਪ੍ਰਵਾਰਾਂ ਦੇ ਰਹਿਣ ਸਹਿਣ ਤੇ ਵਰਤੋਂ ਵਿਹਾਰ ਤੇ ਵਿਦੇਸ਼ੀ ਪ੍ਰਭਾਵ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਮਾਇਆ ਦਾ ਪਸਾਰਾ ਵਧੇਰੇ ਪਸਰ ਰਿਹਾ ਹੈ । ਪ੍ਰਵਾਰਕ ਰਿਸ਼ਤਿਆਂ ਦੇ ਬੰਧਨ ਕਮਜ਼ੋਰ ਪੈਂਦੇ ਜਾਂ ਰਹੇ ਹਨ।ਪ੍ਰਵਾਰਕ ਰਿਸ਼ਤਿਆਂ ਵਿਚ ਪਿਆਰ ਸਤਿਕਾਰ ਦੀ ਭਾਵਨਾ ਅਲੋਪ ਹੋ ਰਹੀ ਹੈ ।ਬਸ ਮਤਲਬ ਦੇ ਕਾਰੋਬਾਰੀ ਸੰਬੰਧ ਹੀ ਚਲ ਰਹੇ ਹਨ ।

ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿਚ ਧੱੜੇਬੰਦੀ ਵੇਖਣ ਨੂੰ ਮਿਲਦੀ ਹੈ । ਜਿਹੜਾ ਧੜਾ ਹਾਵੀ ਹੋ ਜਾਂਦਾ ਹੈ ਉਹ ਦੂਜੇ ਨੂੰ ਨੇੜੇ ਨਹੀਂ ਢੁੱਕਣ ਦੇਦਾਂ। ਨਵੀਂ ਸੋਚ ਵਾਲੇ ਨੌਜਵਾਨਾ ਤੇ ਸੇਵਾਦਾਰ ਬੀਬੀਆਂ ਨੂੰ ਵੀ ਪ੍ਰਬੰਧਨ ਵਿਚ ਘਟ ਹੀ ਭਾਗੀਦਾਰ ਬਣਾਇਆ ਜਾਂਦਾ ਹੈ ।ਜਿਸ ਕਾਰਨ ਗੁਦੁਆਰਿਆਂ ਦਾ ਓਦੇਸ਼ ਤੇ ਪ੍ਰਯੋਜਨ ਕੁਝ ਸੀਮਤ ਪੂਜਾ ਪਾਠਾਂ ਤੇ ਲੰਗਰਾਂ ਤਕ ਹੀ ਸਿਮਟ ਕੇ ਰਹਿ ਗਿਆ ਹੈ ।1998 ਵਿਚ ਉਠੇ ਲੰਗਰ ਛੱਕਣ ਜੈਸੇ ਕਈ ਮਸਲਿਆਂ ਤੇ ਤਾਂ ਇਤਨਾ ਕਲੇਸ਼ ਵੱਧਿਆ ਸੀ ਕਿ ਗਲ ਆਪਸੀ ਲੜਾਈ ਝਗੜੇ, ਮਾਰਪੀਟ ਤੇ ਮੁਕੱਦੇਬਾਜ਼ੀ ਤਕ ਪਹੁੰਚ ਗਈ ਸੀ । ਕਈ ਥਵਾਂ ਤੇ ਤਾਂ ਚੋਣਾ ਦੇ ਮੌਕੇ ਪੁਲਿਸ ਵੀ ਬੁਲਾਈ ਜਾਣ ਲਗੀ ਸੀ । ਗੁਰਦੁਆਰਿਆਂ ਦੇ ਦੀਵਾਨ ਹਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਧੌਲ,ਥੱਪੜ, ਮੁੱਕੇ , ਤਲਵਾਰਾਂ ਚਲਦੀਆਂ ਤੇ ਪੱਗਾਂ ਲਹਿੰਦੀਆਂ ਵੀ ਵੇਖਣ ਵਿਚ ਆਈਆਂ ਹਨ ।ਇਸਦਾ ਮੂਲ ਕਾਰਨ ਗੁਰਬਾਣੀ ਵੀ ਅਮਲੀ ਸਿੱਖਿਆ ਦੇ ਪਾਲਨ ਦੀ ਬੇਪਰਵਾਹੀ ਹੀ ਕਹੀ ਜਾ ਸਕਦੀ ਹੈ ।

* * * * * *   * * * * *

# ਮਸ਼ਾਲਾਂ ਵਾਲਿਓ ! ਮਸ਼ਾਲਾਂ ਬਾਲਦੇ ਰਹਿੰਣਾ ...........

ਸੰਨ 2021 ਵਿਚ 80 ਸਾਲ ਦੀ ਉਪਰ ਟੱਪਦਿਆਂ ਹੁਣ ਦਿਲ ਦੀ ਚਾਲ ਮੱਠੀ ਹੋਣ ਲਗ ਪਈ । ਕਈ ਵਾਰ ਹਸਪਤਾਲ ਦਾਖ਼ਲ ਹੋਣਾ ਪਿਆ । ਸੱਜਣਾਂ ਮਿੱਤਰਾਂ ਸਾਲਾਹ ਦਿੱਤੀ ਕਿ ਹੁਣ ਮੈਂ ਕੰਮ ਤੋਂ ਛੁੱਟੀ ਕਰਾਂ ਤੇ ਆਪਣੇ ਸਪੁੱਤਰ ਚਰਨਦੀਪ ਸਿੰਘ ਪਾਸ ਐਡਮਿੰਟਨ ਚਲਾ ਜਾਵਾਂ, ਜਿੱਥੇ ਉਹ ਮੇਰੀ ਸੌਖੀ ਤਰ੍ਹਾਂ ਨਿਗਰਾਨੀ ਕਰ ਸਕਾਦਾ ਹੈ ।ਉਹ ਵੀ ਕਈ ਵਾਰ ਲਿਜਾਣ ਲਈ ਜ਼ੋਰ ਦੇ ਚੁਕਾ ਸੀ । ਮੈਂ ਵੀ ਇਹ ਸਲਾਹ ਸਹੀ ਲੱਗੀ ਤੇ ਅਸੀਂ ਜਾਣ ਦੀ ਤਿਆਰੀ ਕਰ ਲਈ ।

ਕੈਲਗਰੀ ਵਿਚ 17/18 ਸਾਲ ਰਹਿੰਦਿਆਂ ਅਤੇ ਇਥੋਂ ਦੇ ਸੱਜਣਾ ਮਿੱਤਰਾਂ ਦੇ ਸਹਿਯੋਗ ਤੇ ਹਮਦਰਦ ਵਤੀਰੇ ਕਰਕੇ ਇਹ ਸ਼ਹਿਰ ਛੱਡਣ ਨੂੰ ਮੇਰਾ ਦਿਲ ਨਹੀ ਸੀ ਮੰਨਦਾ , ਪਰੰਤੂ ਸਿਹਤ ਦੀ ਮਜ਼ਬੂਰੀ ਕਰਕੇ ਜਾਣ ਦਾ ਫ਼ੈਸਲਾ ਕਰਦਾ ਪਿਆ ।ਸਿੱਖ ਸੋਸਾਇਟੀ ਦੀ ਲਗਭਗ ਸਤਾਰਾਂ-ਅਠਾਰਾਂ ਸਾਲ ਦੀ ਸੇਵਾ ਵਿਚ ਕਦੇ ਕੋਈ ਔਕੜ ਨਹੀਂ ਸੀ ਆਈ । ਕਈ ਪ੍ਰਬੰਧਕ ਸਾਹਿਬਾਨ ਬਦਲੇ ਪ੍ਰੰਤੂ ਸਭ ਨੇ ਮੇਰੇ ਕੰਮ ਵਿਚ ਪੂਰਾ ਪੂਰਾ ਸਹਿਯੋਗ ਕੀਤਾ ।ਹੁਣ ਵੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰ: ਬਲਿਹਾਰ ਸਿੰਘ ਜੀ ਨੇ



(ਮੈਨੂੰ ਤੇ ਮੇਰੀ ਸੁਪਤੱਨੀ ਨੀਂ ਉਸਦੀ ਲੰਗਰ ਦੀ ਸੇਵਾ ਕਰਕੇ ਗੁਰਦੁਆਰਾ ਕਮੇਟੀ ਵੱਲੋਂ ਸਿਰੋਪਾਓ ਦੀ ਬਖ਼ਸ਼ਿਸ਼ ਹੋਈ)

ਕਰੋਨਾ ਦੀਆ ਰੁਕਾਵਟਾਂ ਵਿਚ ਵੀ ਮੈਨੂੰ ਵਿਦਾਇਗੀ ਦੇਣ ਦਾ ਸਮਾਗਮ ਕੀਤਾ । ਉਨ੍ਹਾ ਉਚੇਚੇ ਸੰਗਤ ਦੇ ਕੁਝ ਮੁਖੀ ਸੱਜਣਾ ਨੂੰ ਬੁਲਾਕੇ ਮੇਰੀ ਪਤਨੀ ਸਹਿਤ ਮੈਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਤੇ ਸੰਗਤ ਵਿਚ ਪ੍ਰਸੰਸਾ ਕੀਤੀ । ਕਈ ਸਾਲਾਂ ਦੀ ਮਿੱਠੀ ਪਿਆਰੀ ਸਾਂਝ ਵਾਲੇ ਸੱਜਣਾਂ ਤੋਂ ਵਿਛੜਦਿਆਂ ਮੈ ਅਪਣੇ ਜਜ਼ਬਾਤ ਕਾਬੂ ਨਾਹ ਰੱਖ ਸਕਿਆਂ ਤੇ ਕਈਆਂ ਦੇ ਗਲੇ ਮਿਲਿਦਿਆ ਮੇਰੇ ਅੱਥਰੂ ਛਲਕ ਪਏ। ਮਨ ਵਿਚ ਇਹੋ ਅਰਦਾਸ ਗੂੰਜਦੀ ਰਹੀ “ ਵਾਹਿਗੁਰੂ ਏਸ ਗੁਰੂ ਘਰ ਦੀ ਫੁਲਵਾੜੀ ਸਦਾ ਖਿੜਾਈ ਰੱਖੇ ਅਤੇ ਮੇਰੇ ਵਰਗੇ ਕਈ ਪੰਛੀ ਆਕੇ ਇਥੋਂ ਦੇ ਫਲਾਂ ਫੱਲਾਂ ਦਾ ਰਸ ਮਾਣਦੇ ਰਹਿਣ ।ਰਾਹਗੀਰਾਂ ਲਈ ਇਹ ਬੋਹੜ ਦਾ ਬਿਰਛ ਹਮੇਸ਼ਾ ਠੰਡੀ ਛਾਂਵਾਂ ਕਰਦਾ ਰਹੇ ।

ਕਈ ਸੱਜਣਾਂ ਮਿੱਤਰਾਂ ਤੇ ਪ੍ਰਵਾਰਾਂ ਨੇ ਸਾਨੂੰ ਤੁਹਫ਼ੇ ਤੇ ਭੇਟਾਵਾਂ ਦੇਕੇ ਨਿਵਾਜਿਆ ।



(ਵਿਦਾਇਗੀ ਵੇਲੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ਼੍ਰ: ਬਲਿਹਾਰ ਸਿਘ ਜੀ ਦੇ ਨਾਲ)

ਆਪਣੀ ਪਨੀਰੀ ਨੂੰ ਸੰਭਾਲਣ ਤੇ ਗੁਰਮਤਿ ਦਾ ਅੰਮ੍ਰਿਤ ਪਿਆਉਂਦੇ ਰਹਿਣ ਦੀ ਬੇਨਤੀ ਨਾਲ ਮੈਂ ਸਭ ਦਾ ਹਾਰਦਿਕ ਧੰਨਵਾਦ ਕੀਤਾ ।

## ਰੌਸ਼ਨੀ ਦੇ ਬੀਜ

ਦਿਲਾਂ ਦੀ ਸਜਰੀ ਕੁਆਰੀ ਧਰਤ ਤੇ, ਰੌਸ਼ਨੀ ਦੇ ਬੀਜ ਬੋਈਏ ਸਾਥੀਓ !
ਦੇਕੇ ਭਵਿੱਖ ਨੂੰ ਮੰਜ਼ਲਾਂ ਦਾ ਸ਼ੁਭ ਸੁਨੇਹਾ, ਸੁਰਖ਼ਰੂ ਫ਼ਰਜ਼ਾਂ ਤੋਂ ਹੋਈਏ ਸਾਥੀਓ !
ਨਵ-ਰੋਸ਼ਨੀ ਦੇ ਜਗਮਗਾਂਦੇ ਸੇਕ ਵਿਚ,
ਹਰ ਅੱਖ ਦੀ ਹੈ ਨਜ਼ਰ ਪਿਘਲੀ ਜਾ ਰਹੀ ।
ਨਵ-ਗਿਆਨ ਦੀ ਬੇਮੰਜ਼ਲੀ ਇਸ ਵਾਟ ਤੇ,
ਮਨੁੱਖਤਾ ਹੈ ਰੋਜ਼ ਨਿਘਰੀ ਜਾ ਰਹੀ ।

ਆਓ ਕਿ ਅੱਥਰੇ ਸਮੇ ਦੀ ਫ਼ੜਕੇ ਨੁਹਾਰ, ਜ਼ਿੰਦਗੀ ਦਾ ਪੰਧ ਛੋਹੀਏ ਸਾਥੀਓ !

ਵੇਖੀਏ ਤਾਂ ਸੂਝ ਅੱਖਾਂ ਖੋਲ੍ਹਕੇ,
ਇਹ ਸੋਕਿਆਂ ਦੀ ਰੁੱਤ ਕੇਹੀ ਆ ਰਹੀ ।
ਇਹ ਵਾਸ਼ਨਾ ਦੇ ਸੇਕ ਦੀ ਕੇਹੀ ਫ਼ਿਜ਼ਾ,
ਫੁਲ ਬਣਨ ਤਂ ਪਹਿਲਾਂ ਕਲੀ ਕੁਮਲਾ ਰਹੀ ।
ਆਓ ਕਿ ਪੌਣਾ ਦਾ ਸੁਨੇਹਾ ਸਮਝੀਏ, ਬਦਲਾਂ ਦੇ ਰਸਤੇ ਵਿਚ ਖਲੋਈਏ ਸਾਥੀਓ !

ਹਰ ਇਕ ਬੂਟਾ ਪਤਝੜਾਂ ਨੇ ਗ੍ਰੱਸਿਆ,
ਹਰ ਇਕ ਟਹਿਣੀ ਹੋਈ ਨਿੰਮੋਝੂਣ ਹੈ ।
ਹਰ ਇਕ ਫ਼ੁਲ ਦਾ ਰੰਗ ਦਿੱਸੇ ਦਾਗ਼ਦਾਰ,
ਹਰ ਇਕ ਫਲ ਦੇ ਰਸ ਵਿਚ ਕਿਉਂ ਊਣ ਹੈ ।
ਕਿਉਂ ਸਮੁੱਚੀ ਜ਼ਿੰਦਗੀ ਹੋਈ ਬੀਮਾਰ, ਆਓ ਸਮੇ ਦੀ ਨਬਜ਼ ਟੋਹੀਏ ਸਾਥੀਓ !

ਜੇਕਰ ਅਸਾਂ ਨਾ ਅਜ ਹਵਾ ਦਾ ਰੁਖ ਪਛਾਤਾ,
ਜੇਕਰ ਅਸਾਂ ਨਾ ਅਜ ਸਮੇਂ ਦੀ ਚਾਲ ਜਾਣੀ
ਜੇਕਰ ਵਲੱਗਣ ਆਪਣੀ ਤੋਂ ਉਠ ਉਚੇਰਾ,
ਅਸੀਂ ਸਮੇ ਦੇ ਮੇਲ ਦੇ ਨਾ ਬਣੇ ਹਾਣੀ
ਖੋ ਜਾਏਗਾ ਕਾਫ਼ਲਾ ਮਾਰੂਥਲਾਂ ਵਿਚ, ਫ਼ਿਰ ਭਾਂਵੇਂ ਹੱਸੀਏ ਜਾਂ ਰੋਈਓ ਸਾਥੀਓ

* * * * * * * * * * * *